ਤਿਮਾਹੀ ਜੁਲਾਈ-ਸਤੰਬਰ 2007 10 ਰੁਪਏ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਲਲਕਾਰ



ਭਗਤ ਸਿੰਘ ਦੀ ਵਿਚਾਰਕ ਵਿਰਾਸਤ ਤੇ ਸਾਡਾ ਸਮਾਂ

ਸੂਰਜ ਚੜ੍ਹੇਗਾ ਨਿਸ਼ਚਿਤ ਅਤੇ ਜਲਦੀ ਹੀ

ਮਾਂ-ਇੱਕ ਅਤਿਅੰਤ ਪ੍ਰਸੰਗਿਕ ਪੁਸਤਕ

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੱ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੱਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਵਿਦਿਆਰਥੀਆਂ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

ਸੰਪਾਦਕ ਮੰਡਲ

ਰਾਜਵਿੰਦਰ/ਨਵਕਾਸ਼ਦੀਪ/ ਲਖਵਿੰਦਰ

ਇੱਕ ਕਾਪੀ ਦੀ ਕੀਮਤ

ਦਸ ਰੁਪਏ

ਸਾਲਾਨਾ

ਚਾਲ੍ਹੀ ਰੁਪਏ

(ਡਾਕ ਖਰਚ ਸਹਿਤ ਪੰਜਾਹ ਰੁਪਏ)

ਸਾਲ 1, ਲੜੀ ਸੰਖਿਆ 1,

ਜੁਲਾਈ-ਸਤੰਬਰ 2007,

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ

ਲਲਕਾਰ c/o ਅਜੇ ਪਾਲ, ਪਿੰਡ ਅਤੇ ਡਾਕਘਰ-ਪੱਖੋਵਾਲ, ਤਹਿ. - ਰਾਏਕੋਟ, ਜ਼ਿਲ੍ਹਾ-ਲੁਧਿਆਣਾ, ਪਿਨ ਕੋਡ-141108, (**ਫੋਨ :- ਅਜੇ ਪਾਲ : 94634-51849**)

'ਲਲਕਾਰ' ਕਿਉਂ ?

ਅੱਜ ਪੰਜਾਬ ਦੀ ਜਵਾਨੀ (ਪੂਰੇ ਦੇਸ਼ ਦੀ ਜਵਾਨੀ ਵਾਂਗ) ਨਿਰਾਸ਼ ਹੈ। ਉਦਾਸ ਹੈ। ਉਹ ਦਿਸ਼ਾ ਹੀਣ ਹੈ। ਹਨ੍ਹੇਰੇ ਭਵਿੱਖ ਦਾ ਖੌਫ਼ ਹਰ ਵਕਤ ਉਸਦਾ ਪਿੱਛਾ ਕਰਦਾ ਹੈ। ਨਿਰਾਸ਼ਾ ਅਤੇ ਭਵਿੱਖ ਹੀਣਤਾ ਦੇ ਸਤਾਏ ਨੌਜਵਾਨ ਨਸ਼ਿਆਂ 'ਚ ਆਪਣੀਆਂ ਜਵਾਨੀਆਂ ਗਾਲ਼ ਰਹੇ ਹਨ, ਖੁਦਕੁਸ਼ੀਆਂ ਕਰ ਰਹੇ ਹਨ।

ਬੇਸ਼ਕ ਸਾਰੇ ਨੌਜਵਾਨਾਂ ਬਾਰੇ ਇਹ ਸੱਚ ਨਹੀਂ ਹੈ। ਉਹ ਵੀ ਹਨ ਜੋ ਮੂੰਹ ਵਿੱਚ ਸੋਨੇ ਦਾ ਚਮਚਾ ਲੈ ਕੇ ਪੈਦਾ ਹੁੰਦੇ ਹਨ, ਜਿਹਨਾਂ ਦਾ ਸਵਰਗ ਵਰਤਮਾਨ ਲੁਟੇਰੇ ਢਾਂਚੇ ਵਿੱਚ ਹੀ ਸੁਰੱਖਿਅਤ ਹੈ। ਧਨਾਢਾਂ ਦੀਆਂ ਇਹ ਔਲਾਦਾਂ ਲੁੱਟ ਦੀ ਕਮਾਈ 'ਤੇ ਐਸ਼ੋ ਇਸ਼ਰਤ ਦੀ ਜ਼ਿੰਦਗੀ ਬਿਤਾ ਰਹੀਆਂ ਹਨ। ਦੂਜੇ ਪਾਸੇ ਸ਼ਹਿਰੀ ਅਤੇ ਪੇਂਡੂ ਮਜ਼ਦੂਰਾਂ, ਸ਼ਹਿਰੀ ਅਤੇ ਪੇਂਡੂ ਹੇਠਲੇ ਮੱਧਵਰਗ ਦੇ ਨੌਜਵਾਨ ਧੀਆਂ ਪੁੱਤਾਂ ਦੀ ਜ਼ਿੰਦਗੀ 'ਚ ਹਨ੍ਹੇਰਾ ਪਸਰਿਆ ਹੋਇਆ ਹੈ। ਇਹਨਾਂ ਦਾ ਪੂਰਾ ਜੀਵਨ ਹੀ ਟੁੱਟੇ-ਤਿੜਕੇ ਸੁਪਨਿਆਂ ਦੀ ਦਾਸਤਾਨ ਹੈ।

ਭਾਰਤ ਦੇ ਸਰਮਾਏਦਾਰ ਹਾਕਮਾਂ ਦੀਆਂ ਨੀਤੀਆਂ ਖਾਸ ਕਰਕੇ 1991 'ਚ ਇਹਨਾਂ ਵੱਲੋਂ ਅਪਣਾਈ ਨਵੀਂ ਆਰਥਿਕ ਨੀਤੀ ਤੋਂ ਬਾਅਦ ਪੱਕੇ ਰੋਜ਼ਗਾਰ ਦੇ ਮੌਕੇ ਲਗਾਤਾਰ ਸੁੰਗੜਦੇ ਗਏ ਹਨ। ਬੇਰੁਜ਼ਗਾਰੀ ਛਾਲੀਂ ਵਧੀ ਹੈ। ਬੇਸ਼ਕ ਨਿੱਜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਵਧੇ ਹਨ। ਅੱਜ ਜ਼ਿਆਦਾਤਰ ਨੌਜਵਾਨ ਨਿੱਜੀ ਖੇਤਰ ਵਿੱਚ ਨੌਕਰੀਆਂ ਕਰ ਰਹੇ ਹਨ। ਪਰ ਇਸ ਖੇਤਰ ਵਿੱਚ ਅੱਜ ਇਹਨਾਂ ਨੌਜਵਾਨਾਂ ਨੂੰ ਬਹੁਤ ਘੱਟ ਤਨਖਾਹਾਂ 'ਤੇ ਕੰਮ ਕਰਨਾ ਪੈ ਰਿਹਾ ਹੈ। ਰੁਜ਼ਗਾਰ ਦੀ ਕੋਈ ਗਰੰਟੀ ਨਹੀਂ ਹੈ। ਮਾਲਕ ਜਦੋਂ ਚਾਹੁਣ ਇਹਨਾਂ ਨੂੰ ਕੰਮ ਤੋਂ ਹਟਾ ਸਕਦੇ ਹਨ। ਇਹਨਾਂ ਬਾਰੁਜ਼ਗਾਰ ਨੌਜਵਾਨਾਂ ਦੇ ਸਿਰ 'ਤੇ ਹਰ ਵਕਤ ਛਾਂਟੀ ਦੀ ਤਲਵਾਰ ਲਟਕਦੀ ਰਹਿੰਦੀ ਹੈ।

ਅਜਿਹੇ ਸਮੇਂ ਨੌਜਵਾਨ ਆਪਣੀ ਇਸ ਦੁਰਦਸ਼ਾ ਦੇ ਅਸਲ ਕਾਰਨਾਂ ਨੂੰ ਸਮਝ ਕੇ ਇਸ ਲੁਟੇਰੇ ਸਰਮਾਏਦਾਰਾ ਪ੍ਰਬੰਧ ਲਈ ਖਤਰਾ ਨਾ ਬਣ ਜਾਣ, ਇਸ ਲਈ ਦੇਸ਼ ਦੇ ਹਾਕਮ ਨੌਜਵਾਨ ਊਰਜਾ ਨੂੰ ਕੁਰਾਹੇ ਪਾਉਣ ਲਈ ਨਵੀਆਂ-ਨਵੀਆਂ ਚਾਲਾਂ ਹਮੇਸ਼ਾਂ ਚੱਲਦੇ ਰਹਿੰਦੇ ਹਨ। ਆਪਣਾ ਉਲੂ ਸਿੱਧਾ ਕਰਨ ਲਈ ਸੰਸਦੀ ਸਿਆਸੀ ਪਾਰਟੀਆਂ ਨੌਜਵਾਨਾਂ ਨੂੰ ਜਾਤ ਧਰਮ ਅਧਾਰਿਤ ਦੰਗਿਆਂ ਦੀ ਅੱਗ ਵਿੱਚ ਝੋਕਦੀਆਂ ਹਨ।

ਸੱਭਿਆਚਾਰਕ ਪ੍ਰਦੂਸ਼ਣ ਨੌਜਵਾਨਾਂ ਦੇ ਦਿਮਾਗਾਂ 'ਚ ਗੰਦਗੀ ਭਰਨ ਲਈ ਹਾਕਮ ਜਮਾਤਾਂ ਦਾ ਇਕ ਹੋਰ ਵੱਡਾ ਹਥਿਆਰ ਹੈ। ਦਿਨ ਰਾਤ ਚੱਲਦੇ ਸੈਂਕੜੇ ਟੀ. ਵੀ. ਚੈਨਲ, ਅਖਬਾਰਾਂ, ਮੈਗਜ਼ੀਨ ਨੌਜਵਾਨਾਂ ਵਿੱਚ ਨਿੱਘਰੀਆਂ ਹੋਈਆਂ ਸੱਭਿਆਚਾਰਕ ਕਦਰਾਂ ਕੀਮਤਾਂ ਦੇ ਪ੍ਰਚਾਰ ਪ੍ਰਸਾਰ ਵਿੱਚ ਜ਼ੋਰ ਸ਼ੋਰ ਨਾਲ਼ ਲੱਗੇ ਹੋਏ ਹਨ। 'ਲਲਕਾਰ' ਹਾਕਮਾਂ ਦੇ ਇਹਨਾਂ ਮਨਸੂਬਿਆਂ ਦਾ ਭਾਂਡਾ ਚੁਰਾਹੇ ਭੰਨੇਗਾ। ਨੌਜਵਾਨਾਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦੇ ਅਸਲ ਕਾਰਨਾਂ ਤੋਂ ਜਾਣੂ ਕਰਵਾਏਗਾ। ਨੌਜਵਾਨ ਪੀੜ੍ਹੀ ਅੰਦਰ ਉਚ-ਮਨੁੱਖੀ ਸੱਭਿਆਚਾਰਕ ਕਦਰਾਂ ਕੀਮਤਾਂ ਦਾ ਪ੍ਰਚਾਰ-ਪ੍ਰਸਾਰ ਕਰੇਗਾ।

ਵਿਦਿਆਰਥੀਆਂ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਪੂਰੇ ਦੇਸ਼ ਦੇ ਸਿਆਸੀ-ਆਰਥਿਕ ਢਾਂਚੇ ਅਤੇ ਸਮੁੱਚੇ ਦੇਸ਼ ਦੇ ਕਿਰਤੀ ਲੋਕਾਂ ਦੀਆਂ ਸਮੱਸਿਆਵਾਂ ਤੋਂ ਨਿਖੇੜਕੇ ਨਹੀਂ ਦੇਖਿਆ ਜਾ ਸਕਦਾ। ਦੇਸ਼ ਦੀ ਰਾਜ ਸੱਤਾ 'ਤੇ ਕਾਬਜ਼, ਸਮੁੱਚੇ ਦੇਸ਼ ਦੇ ਵਸੀਲਿਆਂ 'ਤੇ ਸੱਪ ਕੁੰਡਲ਼ੀ ਮਾਰੀ ਬੈਠੇ ਮੁੱਠੀ ਭਰ ਲੁਟੇਰੇ ਸਰਮਾਏਦਾਰਾਂ ਨੇ ਸਮੁੱਚੇ ਦੇਸ਼ ਦੇ ਕਿਰਤੀ ਲੋਕਾਂ, ਜੋ ਕਿ ਦੇਸ਼ ਦੇ ਸਮੁੱਚੀ ਅਬਾਦੀ ਦਾ 80% ਤੋਂ ਵੀ ਵਧੇਰੇ ਬਣਦੇ ਹਨ, ਦੀ ਜ਼ਿੰਦਗੀ ਤਬਾਹ ਕੀਤੀ ਹੋਈ ਹੈ। ਵਿਦਿਆਰਥੀ-ਨੌਜਵਾਨ ਜਿਹਨਾਂ ਨੂੰ ਅਸੀਂ ਸੰਬੋਧਿਤ ਹਾਂ ਵੀ ਇਹਨਾਂ ਕਿਰਤੀ ਜਮਾਤਾਂ ਵਿੱਚੋਂ ਹੀ ਹਨ। ਇਸ ਲਈ ਵਿਦਿਆਰਥੀਆਂ-ਨੌਜਵਾਨਾਂ ਦੀ ਮੁਕਤੀ ਸਮੁੱਚੇ ਦੇਸ਼ ਦੇ ਕਿਰਤੀ ਲੋਕਾਂ ਦੀ ਮੁਕਤੀ ਨਾਲ਼ ਅਟੁੱਟ ਰੂਪ 'ਚ ਜੁੜੀ ਹੋਈ ਹੈ। 'ਲਲਕਾਰ' ਵਿਦਿਆਰਥੀਆਂ-ਨੌਜਵਾਨਾਂ ਨੂੰ ਸਮੁੱਚੇ ਦੇਸ਼ ਦੇ ਕਿਰਤੀ ਲੋਕਾਂ ਦੀ ਦੁਰਦਸ਼ਾ, ਇਸ ਦੁਰਦਸ਼ਾ ਦੇ ਕਾਰਨਾਂ ਅਤੇ ਇਸ ਤੋਂ ਮੁਕਤੀ ਦੇ ਮਾਰਗ ਤੋਂ ਜਾਣੂ ਕਰਵਾਏਗਾ। 'ਲਲਕਾਰ' ਵਿਦਿਆਰਥੀਆਂ-ਨੌਜਵਾਨਾਂ ਦੇ ਸੰਘਰਸ਼ਾਂ ਨੂੰ ਕਿਰਤੀ ਲੋਕਾਂ ਦੇ ਸੰਘਰਸ਼ਾਂ ਨਾਲ਼ ਜੋੜਨ ਵਿੱਚ ਸਹਾਇਕ ਭੂਮਿਕਾ ਨਿਭਾਏਗਾ।

ਸਮੁੱਚੀ ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਸਮਾਜਿਕ ਤਬਦੀਲੀ ਦੀ ਹਰ ਲੜਾਈ ਵਿੱਚ ਵਿਦਿਆਰਥੀ-ਨੌਜਵਾਨ ਹਮੇਸ਼ਾਂ ਮੂਹਰਲੇ ਮੋਰਚਿਆਂ 'ਤੇ ਰਹੇ ਹਨ। ਆਪਣੇ ਦੇਸ਼ ਦੀ ਕੌਮੀ ਅਜ਼ਾਦੀ ਦੀ ਲਹਿਰ ਤੇ ਨਜ਼ਰ ਮਾਰੀਏ ਤਾਂ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ, ਰਾਜਗੁਰੂ, ਸੁਖਦੇਵ ਆਦਿ ਹਜ਼ਾਰਾਂ ਹੀ ਉਹ ਨੌਜਵਾਨ ਸਨ, ਜੋ ਅੰਗਰੇਜ਼ ਬਸਤੀਵਾਦੀਆਂ ਤੋਂ ਭਾਰਤ ਦੀ ਮੁਕਤੀ ਦੇ ਸੰਘਰਸ਼ ਵਿੱਚ ਕੁਰਬਾਨ ਹੋ ਗਏ। 1947 ਦੀ ਅਖੌਤੀ ਅਜ਼ਾਦੀ ਤੋਂ ਬਾਅਦ ਦੇਸ਼ ਨੇ ਨਵੇਂ ਲੁਟੇਰੇ ਹਾਕਮਾਂ ਵਿਰੁੱਧ ਪੂਰੇ ਦੇਸ਼ ਵਿੱਚ ਚੱਲੇ ਸੰਘਰਸ਼ਾਂ ਵਿੱਚ ਨੌਜਵਾਨਾਂ ਵੱਲੋਂ ਕੁਰਬਾਨੀ-ਤਿਆਗ ਦਾ ਸਿਲਸਿਲਾ ਜਾਰੀ ਰਿਹਾ ਹੈ। 'ਲਲਕਾਰ' ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਮਹਾਨ ਵਿਰਾਸਤ ਤੋਂ ਜਾਣੂ ਕਰਵਾਏਗਾ, ਨੌਜਵਾਨਾਂ ਨੂੰ ਆਪਣੇ ਦੇਸ਼ ਦੀਆਂ ਇਨਕਲਾਬੀ ਲਹਿਰਾਂ ਅਤੇ ਦੁਨੀਆਂ ਭਰ ਵਿੱਚ ਲੁੱਟ ਜਬਰ ਖਿਲਾਫ਼ ਚੱਲੇ ਸੰਘਰਸ਼ਾਂ, ਹੋਏ ਇਨਕਲਾਬਾਂ ਦੇ ਸਬਕਾਂ ਤੋਂ ਜਾਣੂ ਕਰਵਾਏਗਾ। 'ਲਲਕਾਰ' ਗਦਰ ਪਾਰਟੀ, ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਅਤੇ ਹੋਰ ਇਨਕਲਾਬੀ ਲਹਿਰਾਂ ਦੀਆਂ ਪ੍ਰੰਪਰਾਵਾਂ 'ਤੇ ਪਹਿਰਾ ਦੇਵੇਗਾ ਅਤੇ ਉਹਨਾਂ ਨੂੰ ਅੱਗੇ ਵਿਕਸਿਤ ਕਰੇਗਾ।

(**ਬਾਕੀ ਸਫ਼ਾ 3 'ਤੇ**)

ਸੰਪਾਦਕੀ—

ਮਨਮੋਹਨ ਸਰਕਾਰ ਦੇ ਤਿੰਨ ਸਾਲ

ਆਮ ਆਦਮੀ ਨੂੰ ਕੁਚਲਦਾ ਰਿਹਾ "ਵਿਕਾਸ" ਦਾ ਰੱਥ

ਮਨਮੋਹਨ ਸਿੰਘ ਦੀ ਅਗਵਾਈ ਵਿੱਚ ਸਯੁੰਕਤ ਪ੍ਰਗਤੀਸ਼ੀਲ ਗਠਜੋੜ ਸਰਕਾਰ ਦੇ ਤਿੰਨ ਸਾਲ ਪੂਰੇ ਹੋ ਗਏ ਹਨ।

ਅਖ਼ਬਾਰਾਂ, ਟੀ. ਵੀ. 'ਚ ਰੰਗ-ਬਰੰਗੇ ਇਸ਼ਤਿਹਾਰ ਚਮਕ ਰਹੇ ਨੇ। ਸੋਨੀਆ ਗਾਂਧੀ, ਮਨਮੋਹਨ ਸਿੰਘ ਤੋਂ ਲੈ ਕੇ ਸਰਕਾਰ ਦੇ ਸਾਰੇ ਮੰਤਰੀਆਂ ਦੇ ਮੁਸਕਰਾਉਂਦੇ ਚਿਹਰੇ ਸਰਕਾਰ ਦੀਆਂ ਪ੍ਰਾਪਤੀਆਂ ਦੱਸ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਭਾਰਤ 1000 ਅਰਬ ਡਾਲਰ ਦੇ ਅਰਥਚਾਰੇ ਵਾਲੇ 11 ਦੇਸ਼ਾਂ ਦੇ ਵਿਸ਼ੇਸ਼ ਕਲੱਬ ਵਿੱਚ ਸ਼ਾਮਲ ਹੋ ਗਿਆ ਹੈ, ਵਿਦੇਸ਼ੀ ਮੁਦਰਾ ਭੰਡਾਰ 200 ਅਰਬ ਡਾਲਰ ਤੋਂ ਉਪਰ ਪਹੁੰਚ ਗਿਆ ਹੈ। ਆਰਥਿਕ ਵਿਕਾਸ ਦਰ ਪਿੱਛਲੇ ਤਿੰਨ ਸਾਲਾਂ ਤੋਂ ਔਸਤਨ 8 ਫੀਸਦੀ ਤੋਂ ਉਪਰ ਚੱਲ ਰਹੀ ਹੈ ਅਤੇ ਸ਼ੇਅਰ ਬਜ਼ਾਰ ਦਾ ਸੂਚਕ ਅੰਕ 14,000 ਨੂੰ ਪਾਰ ਕਰ ਚੁੱਕਾ ਹੈ।

ਇਹ ਅੰਕੜੇ ਠੋਸ ਤੱਥ ਹਨ, ਇਹਨਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਇਹ ਪੂੰਜੀਵਾਦੀ ਅਰਥਚਾਰੇ ਦੇ ਵਿਕਾਸ ਦੇ ਪੈਮਾਨੇ ਹਨ। ਪਰ ਅੰਕੜਿਆਂ ਦੀ ਇਸ ਧੁੰਦ ਵਿੱਚ ਸਮਾਜ ਦੀ ਅਸਲ ਤਸਵੀਰ ਗਵਾਚ ਜਾਂਦੀ ਹੈ। ਕੀ ਇਹ ਵਿਕਾਸ ਲੋਕਾਂ ਨੂੰ ਰੁਜ਼ਗਾਰ ਦੇ ਰਿਹਾ ਹੈ ? ਲੋਕਾਂ ਨੂੰ ਰੱਜਵਾਂ ਭੋਜਨ, ਪੀਣ ਵਾਲਾ ਸ਼ੁੱਧ ਪਾਣੀ, ਦਵਾ-ਇਲਾਜ ਦੀ ਬੇਹਤਰ ਵਿਵਸਥਾ, ਸਿੱਖਿਆ ਦੇ ਪੂਰੇ ਮੌਕੇ ਅਤੇ ਹੋਰ ਸਮਾਜਿਕ ਸੇਵਾਵਾਂ ਦੇ ਰਿਹਾ ਹੈ ? ਇਹਨਾਂ ਬਲ਼ਦੇ ਸਵਾਲਾਂ ਦੇ ਰੂਬਰੂ ਹੁੰਦੇ ਹੀ ਵਿਕਾਸ ਦੇ ਸਾਰੇ ਸਬਜ਼ਬਾਗ ਝੁਲਸ ਜਾਂਦੇ ਹਨ। ਅੱਠ ਫੀਸਦੀ ਵਿਕਾਸ ਦਰ ਦੀ ਸੱਚਾਈ ਇਹ ਹੈ ਕਿ ਇਹ ਰੋਜ਼ਗਾਰਹੀਣ ਵਿਕਾਸ ਹੋ ਰਿਹਾ ਹੈ! ਨਿੱਜੀਕਰਨ ਦੀਆਂ ਨੀਤੀਆਂ ਕਾਰਨ ਪਬਲਿਕ ਸੈਕਟਰ ਵਿੱਚ ਤਾਂ ਰੁਜ਼ਗਾਰ ਵਾਧਾ ਦਰ ਨੈਗੇਟਿਵ ਹੋ ਗਈ ਹੈ ਅਤੇ ਨਿੱਜੀ ਖੇਤਰ ਵਿੱਚ ਵੀ ਇਹ ਵਾਧਾ ਇੱਕ ਫ਼ੀਸਦੀ ਤੋਂ ਥੱਲੇ ਹੀ ਹੈ। ਪ੍ਰਧਾਨ ਮੰਤਰੀ ਅਤੇ ਨਵੀਆਂ ਮੰਡੀ ਕੇਂਦਰਿਤ ਆਰਥਿਕ ਨੀਤੀਆਂ ਦੇ ਉਤਸ਼ਾਹੀ ਪੈਰੋਕਾਰ ਯੋਜਨਾ ਕਮਿਸ਼ਨ ਦੇ ਉਪ-ਪ੍ਰਧਾਨ ਮੌਨਟੇਕ ਸਿੰਘ ਆਹਲੂਵਾਲੀਆ, ਦੋਨੋਂ ਹੀ ਲਗਾਤਾਰ ਲੋਕਾਂ ਨੂੰ ਵਿਸ਼ਵਾਸ਼ ਦਿਵਾਉਣ ਦੀ ਕੋਸ਼ਿਸ਼ ਕਰਦੇ ਰਹੇ ਨੇ ਕਿ ਜਦ ਵਿਕਾਸ ਦਰ ਵਧੇਗੀ ਤਾਂ ਦੇਸ਼ ਵਿੱਚ ਖੁਸ਼ਹਾਲੀ ਵੀ ਆਵੇਗੀ। ਆਹਲੂਵਾਲੀਆ ਤਾਂ ਪੂੰਜੀਵਾਦੀ ਦੁਨੀਆਂ ਵਿੱਚ ਮਸ਼ਹੂਰ "ਟਿਰਿਕਲ ਡਾਊਨ ਥਿਊਰੀ" ਦੇ ਸਭ ਤੋਂ ਜੋਸ਼ੀਲੇ ਪੈਰੋਕਾਰਾਂ ਵਿੱਚੋਂ ਇੱਕ ਹੈ। ਇਸ ਸਿਧਾਂਤ ਦੇ ਅਨੁਸਾਰ ਵਿਕਾਸ ਫ਼ਲ ਉਪਰ ਤੋਂ ਰਿਸ-ਰਿਸ ਕੇ ਹੌਲੀ-ਹੌਲੀ ਥੱਲੇ ਪਹੁੰਚ ਜਾਵੇਗਾ। ਇਸ ਮੰਡੀ-ਪੱਖੀ ਹਿਰਦੇ-ਹੀਣ ਨੌਕਰਸ਼ਾਹ ਦੇ ਇਸ ਵਿਸ਼ੇ 'ਤੇ ਅਨੇਕ ਖੋਜ-ਲੇਖ ਛਪ ਚੁੱਕੇ ਹਨ ਜਿਨ੍ਹਾ ਵਿੱਚ ਕਿਹਾ ਗਿਆ ਹੈ ਕਿ ਆਮਦਨ ਦੀ ਵੰਡ ਵਿੱਚ ਫ਼ੈਲੀ ਗੈਰਬਰਾਬਰੀ ਬਾਰੇ ਕੁੱਝ ਵੀ ਕਰਨ ਦੀ ਲੋੜ ਨਹੀਂ ਸਗੋਂ ਮੰਡੀ ਦੀਆਂ ਤਾਕਤਾਂ ਨੂੰ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ ਅਤੇ ਉਸਦੇ ਹੀ ਚਮਤਕਾਰੀ ਅਸਰ 'ਤੇ ਭਰੋਸਾ ਕਰਨਾ ਚਾਹੀਦਾ ਹੈ। ਉਸ ਅਨੁਸਾਰ ਦੌਲਤ ਵਧਣ ਨਾਲ਼ ਹੀ ਅਮੀਰਾਂ ਨੂੰ ਹੋਰ ਵੱਧ ਗਿਣਤੀ ਵਿੱਚ ਸੇਵਕਾਂ ਦੀ ਲੋੜ ਪਵੇਗੀ, ਉਹਨਾਂ ਦੀ ਆਮਦਨ ਦਾ ਇੱਕ ਹਿੱਸਾ ਟਪਕ ਕੇ ਇਹਨਾਂ ਸੇਵਕਾਂ ਦੀ ਝੋਲ਼ੀ ਵਿੱਚ ਚੋ ਪਵੇਗਾ ਅਤੇ ਉਹਨਾਂ ਦੀ ਖੁਸ਼ਹਾਲੀ ਵਧੇਗੀ।

ਪਰ ਪਿਛਲੇ ਪੰਦਰਾਂ ਵਰ੍ਹਿਆਂ ਤੋਂ ਮੰਡੀ ਦੇ ਇਸ ਚਮਤਕਾਰ ਨੇ ਵਿਕਾਸ ਦਰ ਤਾਂ ਵਧਾ ਦਿੱਤੀ ਹੈ, ਉਪਰ ਵਾਲਿਆਂ ਦੀ ਦੌਲਤ 'ਚ ਵੀ ਚੋਖਾ ਵਾਧਾ ਕੀਤਾ ਹੈ ਪਰ ਅਮੀਰਾਂ ਦੇ "ਸੇਵਕਾਂ" ਦੀ ਖੁਸ਼ਹਾਲੀ ਤਾਂ ਬਹੁਤ ਦੂਰ ਦਾ ਸੁਪਨਾ ਹੀ ਬਣੀ ਹੋਈ ਹੈ। ਖੁਸ਼ਹਾਲੀ ਦਾ ਆਲਮ ਤਾਂ ਇਹ ਹੈ ਕਿ ਟਾਟਾ ਅਤੇ ਬਿਰਲਾ ਵਿਦੇਸ਼ੀ ਕੰਪਨੀਆਂ ਖਰੀਦ ਰਹੇ ਹਨ ਅਤੇ ਦੁਨੀਆਂ ਦੇ ਅਰਬ-ਪਤੀਆਂ ਵਿੱਚ ਭਾਰਤੀਆਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ਚਮਚਮਾਉਂਦੀਆਂ ਚੋੜੀਆਂ ਸੜਕਾਂ ਬਣ ਰਹੀਆਂ ਹਨ, ਨਵੇਂ-ਨਵੇਂ ਹਵਾਈ ਅੱਡੇ ਬਣ ਰਹੇ ਹਨ, ਜਗਮਗ ਕਰਦੇ ਸ਼ਾਂਪਿੰਗ ਮਾਲ ਖੁੱਲ ਰਹੇ ਹਨ, ਸੜਕਾਂ ਉਤੇ ਰੰਗਬਰੰਗੀਆਂ ਗੱਡੀਆਂ ਦੌੜ ਰਹੀਆਂ ਹਨ। ਏਨਾ ਹੀ ਨਹੀਂ, ਪਿੱਛੇ ਜਿਹੇ ਹੀ ਅਮਰੀਕਾ ਦੇ ਇੱਕ ਮਸ਼ਹੂਰ ਮੈਗਜ਼ੀਨ "ਫੋਰਬਜ਼" ਨੇ ਦੁਨੀਆਂ ਦੇ ਅਰਬਪਤੀਆਂ ਦੀ ਸੂਚੀ ਜਾਰੀ ਕੀਤੀ ਹੈ। ਦੁਨੀਆਂ ਦੇ ਕੁਲ 946 ਅਰਬਪਤੀਆਂ ਵਿੱਚੋਂ 36 ਭਾਰਤੀ ਸ਼ਾਮਲ ਹਨ। ਇਸ ਮੈਗਜ਼ੀਨ ਦੀ 2005 ਦੀ ਸੂਚੀ ਵਿੱਚ 768 ਅਰਬਪਤੀ ਸਨ, ਯਾਨੀ ਕਿ ਸਾਲ ਭਰ ਅੰਦਰ ਉਹਨਾਂ ਦੀ ਸੰਖਿਆ ਵਿੱਚ 26 ਫ਼ੀਸਦੀ ਵਾਧਾ ਹੋਇਆ ਹੈ ਪਰ ਭਾਰਤੀ ਅਰਬਪਤੀਆਂ ਦੀ ਗਿਣਤੀ ਸਾਲ ਭਰ ਵਿੱਚ ਕਰੀਬ 64 ਫ਼ੀਸਦੀ ਵਧ ਗਈ ਹੈ।

ਭਾਰਤ ਦੇ ਉਪਰਲਿਆਂ ਦੀ ਖੁਸ਼ਹਾਲੀ ਦੀ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਮੁਕੇਸ਼ ਅੰਬਾਨੀ ਅਤੇ ਅਨਿਲ ਅੰਬਾਨੀ 2005 ਵਿੱਚ ਅੱਡ-ਅੱਡ ਹੋ ਗਏ ਸਨ, ਇਸਦੇ ਬਾਵਜੂਦ ਅੰਬਾਨੀ ਭਰਾ ਲਕਸ਼ਮੀ ਮਿੱਤਲ ਦੇ ਨਾਲ਼ ਸੰਸਾਰ ਦੇ ਸਭ ਤੋਂ ਵੱਡੇ 20 ਅਰਬਪਤੀਆਂ ਵਿੱਚ ਸ਼ਾਮਲ ਹਨ। ਇਹਨਾਂ ਵਿੱਚ ਲਕਸ਼ਮੀ ਮਿੱਤਲ 5ਵੇਂ, ਮੁਕੇਸ਼ ਅੰਬਾਨੀ 14ਵੇਂ ਅਤੇ ਅਨਿਲ ਅੰਬਾਨੀ 18ਵੇਂ ਸਥਾਨ ਉਤੇ ਹਨ।

ਪਰ ਇਸ ਖੁਸ਼ਹਾਲੀ ਦਾ ਥੱਲੇ ਨੂੰ ਰਿਸਣਾ ਕਿੱਥੋਂ ਤੱਕ ਹੋ ਰਿਹਾ ਹੈ ? ਦੇਸ਼ ਅੰਦਰ ਇੱਕ ਨਵਾਂ ਮੱਧਵਰਗ ਜ਼ਰੂਰ ਵਿਕਸਿਤ ਹੋਇਆ ਹੈ ਜਿਸਨੂੰ ਕੁਝ ਅਰਥਸ਼ਾਸਤਰੀ ਘੱਟਗਿਣਤੀ ਉਪਭੋਗਤਾ ਜਮਾਤ ਕਹਿੰਦੇ ਹਨ। ਇਸ ਮੱਧਵਰਗ ਦੀ ਆਮਦਨ ਵਿੱਚ ਜ਼ਰੂਰ ਥੋੜ੍ਹਾ ਜਿਹਾ ਵਾਧਾ ਹੋਇਆ ਹੈ। ਇਹ ਜਮਾਤ ਕਾਰਾਂ, ਮੋਟਰ-ਸਾਈਕਲਾਂ, ਬਰਾਂਡਡ ਉਪਭੋਗਤਾ ਸਮਾਨ ਆਦਿ ਦੀ ਨਵੀਂ ਖਰੀਦਦਾਰ ਬਣਕੇ ਉਭਰੀ ਹੈ। ਇਸ ਪੰਦਰਾਂ ਪ੍ਰਤੀਸ਼ਤ ਮੱਧਵਰਗ ਦੇ ਦਮ 'ਤੇ ਦੇਸ਼ ਵਿੱਚ "ਕਾਰ ਬੂਮ" ਆਇਆ ਹੈ, ਸੂਚਨਾ

ਤਕਨੀਕ ਉਦਯੋਗ ਖੇਤਰ, ਸੀਮੇਂਟ ਉਦਯੋਗ, ਬਾਇਉਟੈਕਨਾਲੋਜੀ ਅਤੇ ਰਸਾਇਣ ਉਦਯੋਗ ਖੇਤਰ ਦਾ ਵਿਕਾਸ ਹੋਇਆ ਹੈ ਜਿਸਦੇ ਕਾਰਨ ਪਿਛਲੇ 3 ਸਾਲਾਂ ਤੋਂ ਲਗਾਤਾਰ ਵਿਕਾਸ ਦਰ ਅੱਠ ਫ਼ੀਸਦੀ ਚਲ ਰਹੀ ਹੈ। ਪਰ ਸਮਾਜ ਦੀ ਹੇਠਲੀ 60-65 ਫੀਸਦੀ ਅਬਾਦੀ ਦੀ ਹਾਲਤ 'ਤੇ ਵਿਚਾਰ ਕਰਨ ਉਤੇ ਵਿਕਾਸ ਦੀ ਅਸਲੀਅਤ ਸਾਹਮਣੇ ਆ ਜਾਂਦੀ ਹੈ ਅਤੇ "ਟਰਿਕਿਲ ਡਾਊਨ ਥਿਊਰੀ" ਦਾ ਦਿਵਾਲੀਆਪਣ ਉਜਾਗਰ ਹੋ ਜਾਂਦਾ ਹੈ।

ਪਿਛਲੇ ਤਿੰਨ ਵਰ੍ਹਿਆਂ ਤੋਂ ਸਮਾਜ ਦੀ ਹੇਠਲੀ ਅੱਧੀ ਤੋਂ ਵੱਧ ਅਬਾਦੀ ਦੀ ਅਸਲ ਆਮਦਨ ਵਿੱਚ ਕਾਫ਼ੀ ਗਿਰਾਵਟ ਆਈ ਹੈ ਕਿਉਂ ਕਿ ਆਮਦਨ ਵਧਣ ਦੀ ਦਰ ਦੀ ਤੁਲਨਾ ਵਿੱਚ ਮਹਿੰਗਾਈ ਦੀ ਦਰ ਕਿਤੇ ਜ਼ਿਆਦਾ ਰਹੀ ਹੈ। ਖਾਣ-ਪੀਣ ਦੀ ਚੀਜ਼ਾਂ ਵਿੱਚ ਤਾਂ ਮਹਿੰਗਾਈ ਦਾ ਇਹ ਹਾਲ ਹੈ ਕਿ ਆਮ ਗਰੀਬ ਆਦਮੀ ਦੀ ਥਾਲ਼ੀ ਵਿੱਚੋਂ ਦਾਲ਼ ਤਾਂ ਲਗਭਗ ਗਾਇਬ ਹੀ ਹੋ ਚੁੱਕੀ ਹੈ। ਇੱਕ ਸਰਵੇਖਣ ਅਨੁਸਾਰ ਇੱਕ ਸਿਹਤਮੰਦ ਵਿਅਕਤੀ ਲਈ ਔਸਤਨ ਰੋਜ਼ਾਨਾ 50 ਗਰਾਮ ਦਾਲ਼ ਮਿਲਣੀ ਜ਼ਰੂਰੀ ਹੈ। ਜਦੋਂ ਕਿ ਹੇਠਲੀ 30 ਫੀਸਦੀ ਅਬਾਦੀ ਨੂੰ ਔਸਤਨ 13 ਗਰਾਮ ਦਾਲ਼ ਵੀ ਹਾਸਿਲ ਨਹੀਂ ਹੋ ਰਹੀ। ਜਾਣ ਲੈਣਾ ਚਾਹੀਦਾ ਹੈ ਕਿ ਭਾਰਤ ਵਿੱਚ ਦਾਲ਼ਾਂ ਹੀ ਗਰੀਬਾਂ ਲਈ ਪ੍ਰੋਟੀਨ ਦਾ ਸਭ ਤੋਂ ਵੱਧ ਵਰਤਿਆ ਜਾਣ ਵਾਲ਼ਾ ਸ੍ਰੋਤ ਹਨ। ਨਿਜੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੁਆਰਾ ਸਰਵਜਨਿਕ ਵੰਡ ਪ੍ਰਣਾਲੀ ਨੂੰ ਤੋੜ ਦੇਣ ਕਰਕੇ ਜ਼ਿਆਦਾਤਰ ਰਾਜਾਂ ਵਿੱਚ ਗਰੀਬਾਂ ਨੂੰ ਅਨਾਜ ਅਤੇ ਮਿੱਟੀ ਦਾ ਤੇਲ ਮਿਲਣਾ ਦੁੱਭਰ ਹੋ ਗਿਆ ਹੈ। ਬਚਿਆ-ਖੁਚਿਆ ਜੋ ਢਾਂਚਾ ਹੈ ਵੀ ਉਸ ਵਿੱਚ ਵੀ ਭ੍ਰਿਸ਼ਟਾਚਾਰ ਦੀ ਹਾਲਤ ਇਹ ਹੈ ਕਿ ਇੱਕ ਸਰਵੇਖਣ ਅਨੁਸਾਰ ਸਰਕਾਰੀ ਰਾਸ਼ਨ ਦੀਆਂ ਦੁਕਾਨਾਂ 'ਤੇ ਉਪਲੱਭਧ ਹੋਣ ਵਾਲ਼ੀ ਸਮੱਗਰੀ ਦਾ 60 ਫੀਸਦੀ ਤੋਂ ਵੀ ਵੱਧ ਖੁੱਲੇ ਬਜ਼ਾਰ ਵਿੱਚ ਚਲਿਆ ਜਾਂਦਾ ਹੈ।

ਹੇਠਲੀ ਅਬਾਦੀ ਦੀ ਸਿੱਖਿਆ ਅਤੇ ਸਿਹਤ ਦੀ ਹਾਲਤ ਵੀ ਖਰਾਬ ਹੁੰਦੀ ਜਾ ਰਹੀ ਹੈ। ਇੱਕ ਅਨੁਮਾਨ ਅਨੁਸਾਰ ਦੇਸ਼ ਦੀ 60 ਫ਼ੀਸਦੀ ਅਬਾਦੀ ਨੂੰ ਬੇਹਤਰ ਸਿੱਖਿਆ ਅਤੇ ਸਿਹਤ ਸਹੂਲਤਾਂ ਉਪਲੱਭਧ ਨਹੀਂ ਹਨ। ਸਿਹਤ ਦੇ ਖੇਤਰ ਵਿੱਚ ਜੋ ਸਰਕਾਰੀ ਧਨ ਖਰਚ ਹੁੰਦਾ ਹੈ ਉਸਦਾ ਵੀ ਜ਼ਿਆਦਾਤਰ ਸ਼ਹਿਰਾਂ ਦੀ ਖੁਸ਼ਹਾਲ ਅਬਾਦੀ ਹੀ ਉਪਭੋਗ ਕਰਦੀ ਹੈ। ਕਰੋੜਾਂ ਲੋਕਾਂ ਦੇ ਲਈ ਸਾਫ਼ ਪੀਣ ਦਾ ਪਾਣੀ ਤਾਂ ਉਪਲੱਬਧ ਹੈ ਨਹੀਂ ਪਰ ਸਮਾਜ ਦੀ ਮੁੱਠੀਭਰ ਅਮੀਰ ਅਬਾਦੀ ਨੂੰ ਬੋਤਲਬੰਦ ਪਾਣੀ ਪਿਲ਼ਾ-ਪਿਲ਼ਾ ਕੇ ਕੰਪਨੀਆਂ ਮਾਲਾਮਾਲ ਹੋ ਰਹੀਆਂ ਹਨ।

ਲੋਕਾਂ ਦੀ ਸਿਹਤ ਦੀ ਹਾਲਤ ਇਹ ਹੈ ਕਿ ਸਾਡੇ ਦੇਸ਼ ਵਿੱਚ ਹਰ ਮਿੰਟ 'ਤੇ ਇੱਕ ਵਿਅਕਤੀ ਟੀ. ਬੀ. ਨਾਲ਼ ਮਰਦਾ ਹੈ ਯਾਨੀ ਸਾਲ ਵਿੱਚ ਪੰਜ ਲੱਖ ਲੋਕ ਇਸ ਬਿਮਾਰੀ ਦੇ ਸ਼ਿਕੰਜੇ ਵਿੱਚ ਫਸ ਜਾਂਦੇ ਹਨ, ਜੋ ਮੁੱਖ ਤੌਰ 'ਤੇ ਕੁਪੋਸ਼ਣ ਕਾਰਣ ਹੁੰਦੀ ਹੈ ਅਤੇ ਜਿਸਦਾ ਇਲਾਜ ਅੱਜ ਔਖਾ ਨਹੀਂ ਹੈ। ਇਹ ਤਾਂ ਸਰਕਾਰੀ ਅੰਕੜਾ ਹੈ। ਅਸਲ ਤਸਵੀਰ ਤਾਂ ਇਸ ਤੋਂ ਵੀ ਭਿਆਨਕ ਹੈ। 0-5 ਸਾਲ ਦੀ ਉਮਰ ਦੇ 50 ਫ਼ੀਸਦੀ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ ਅਤੇ 1000 ਨਵਜਨਮੇ ਬੱਚਿਆਂ ਵਿੱਚੋਂ 60 ਫੀਸਦੀ ਇੱਕ ਸਾਲ ਦੇ ਅੰਦਰ ਹੀ ਮਰ ਜਾਂਦੇ ਹਨ।

ਮਨਮੋਹਨ ਸਰਕਾਰ ਦੇ ਪਿਛਲੇ ਤਿੰਨ ਵਰ੍ਹਿਆਂ ਦਾ ਲੇਖਾ ਜੋਖਾ ਕਰਦੇ ਹੋਏ ਇੱਕ ਪਾਸੇ ਮੁੱਠੀਭਰ ਲੋਕਾਂ ਦੀ ਖੁਸ਼ਹਾਲੀ ਅਤੇ ਦੂਜੇ ਪਾਸੇ ਬਹੁਗਿਣਤੀ ਆਮ ਲੋਕਾਂ ਦੀ ਭੈੜੀ ਹਾਲਤ ਨੂੰ ਉਜਾਗਰ ਕਰਨ ਵਾਲੇ ਢੇਰ ਸਾਰੇ ਅੰਕੜੇ ਪੇਸ਼ ਕੀਤੇ ਜਾ ਸਕਦੇ ਹਨ। ਜਿਸ ਵਿਅਕਤੀ ਦਾ ਹੋਸ਼-ਹਵਾਸ ਠੀਕ ਹੈ ਉਸ ਨੂੰ ਅੰਕੜਿਆਂ ਦੇ ਚੱਕਰ ਵਿੱਚ ਪੈਣ ਦੀ ਜ਼ਰੂਰਤ ਨਹੀਂ। ਸਾਡੇ ਚਾਰੇ ਪਾਸੇ ਬਿਖ਼ਰੀਆਂ ਹੋਈਆਂ ਜ਼ਿੰਦਗੀ ਦੀਆਂ ਜਿਉਂਦੀਆਂ ਸੱਚਾਈਆਂ ਆਪਣੀ ਕਹਾਣੀ ਆਪ ਦੱਸ ਦਿੰਦੀਆਂ ਹਨ। ਇਸਨੂੰ ਮਹਿਸੂਸ ਕਰਨ ਲਈ ਬਸ ਸੀਨੇ ਵਿੱਚ ਇੱਕ ਜ਼ਿੰਦਾ, ਗਰਮ ਧੜਕਦਾ ਹੋਇਆ ਇਨਸਾਨੀ ਦਿਲ ਹੋਣਾ ਚਾਹੀਦਾ ਹੈ।

ਲੰਡਨ ਤੋਂ ਪ੍ਰਕਾਸ਼ਿਤ ਹੋਣ ਵਾਲ਼ੇ ਇੱਕ ਮਸ਼ਹੂਰ ਅਖ਼ਬਾਰ ਆਬਜ਼ਰਵਰ ਦੀ ਇੱਕ ਸੰਵੇਦਨਸ਼ੀਲ ਪੱਤਰਕਾਰ ਅਮੇਲੀਆ ਜੇਂਟਲਮੈਨ ਨੇ ਹਾਲ ਹੀ ਵਿੱਚ ਲਿਖਿਆ, "ਦਿੱਲੀ ਦੀ ਖੁਸ਼ਹਾਲੀ ਦੇ ਬੁਲਬਲੇ ਜਾਂ ਵਿੱਤੀ ਰਾਜਧਾਨੀ ਮੁੰਬਈ ਦੇ ਬਾਹਰ ਕੁਝ ਕੁ ਮੀਲ ਚੱਲੋ ਭਾਰਤ ਦੇ ਮਹਾਂਸ਼ਕਤੀ ਬਣਨ ਸਬੰਧੀ ਸੱਚਾਈ ਦੇਖਕੇ ਤੁਸੀਂ ਹੱਕੇ ਬੱਕੇ ਰਹਿ ਜਾਓਗੇ। ਸ਼ੀਸ਼ੇ ਦੇ ਮੀਨਾਰਨੁਮਾ ਭਵਨਾਂ 'ਚੋਂ, ਜਿਨ੍ਹਾਂ 'ਚ ਕਾਲ ਸੈਂਟਰਾਂ ਦੇ ਦਫ਼ਤਰ ਹਨ ਅਤੇ ਜਿਨ੍ਹਾਂ ਦੇ ਨਾਮ ਅਤੇ ਡਿਜ਼ਾਈਨ ਅਮਰੀਕੀ ਹਨ, ਬਾਹਰ ਨਿਕਲਦੇ ਹੀ 'ਨਵਾਂ ਭਾਰਤ' ਇਕਦਮ ਗਾਇਬ ਹੋ ਜਾਂਦਾ ਹੈ। ਉਸਦੇ ਬਦਲੇ ਇੱਕ ਦੂਜੇ ਪਰੇਸ਼ਾਨਹਾਲ ਭਾਰਤ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ ਜਿੱਥੇ ਲਗਭਗ 70 ਕਰੋੜ ਲੋਕ ਅਜੇ ਵੀ ਜੀਣ ਲਈ ਖੇਤੀ ਉਤੇ ਨਿਰਭਰ ਹਨ ਅਤੇ ਗਰੀਬੀ ਰੇਖਾ ਤੋਂ ਥੱਲੇ ਲਗਭਗ 30 ਕਰੋੜ ਲੋਕ ਜੀਣ ਲਈ ਸੰਘਰਸ਼ ਕਰ ਰਹੇ ਹਨ। ਸੜਕਾਂ ਉਤੇ ਕਿਸਾਨ ਫਟੀਆਂ ਪੁਰਾਣੀਆਂ ਬੋਰੀਆਂ ਵਿੱਚ ਬੈਲਗੱਡੀਆਂ ਉਤੇ ਅਨਾਜ ਲੱਦਕੇ ਥੱਕੇ-ਹਾਰੇ ਚਲਦੇ ਨਜ਼ਰ ਆਉਂਦੇ ਹਨ। ਛੋਟੇ, ਕਮਜ਼ੋਰ ਬੱਚੇ ਪੱਥਰ ਤੋੜਦੇ ਦਿਖਾਈ ਦਿੰਦੇ ਹਨ ਜਿਨ੍ਹਾਂ ਦਾ ਇਸਤੇਮਾਲ ਸੜ੍ਹਕਾਂ ਦੀ ਮੁਰੰਮਤ ਵਿੱਚ ਹੁੰਦਾ ਹੈ।"

(**ਸਫ਼ਾ 1 ਦਾ ਬਾਕੀ**)

ਅੱਜ ਦੇਸ਼ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਹਾਕਮਾਂ ਦੀ ਲੁੱਟ-ਜਬਰ ਨਾਲ਼ ਆਏ ਦਿਨ ਲੋਕਾਂ ਦਾ ਜੀਣਾ ਦੁੱਭਰ ਹੁੰਦਾ ਜਾ ਰਿਹਾ ਹੈ। ਪੂਰਾ ਸਮਾਜ ਅਮੀਰਾਂ-ਗਰੀਬਾਂ ਦੇ ਦੋ ਧੜਿਆਂ ਵਿੱਚ ਵੰਡਿਆ ਜਾ ਰਿਹਾ ਹੈ। ਦੇਸ਼ ਦੇ ਕਿਰਤੀ ਲੋਕ ਇਸ ਸਭ ਨੂੰ ਚੁੱਪ ਚਾਪ ਬਰਦਾਸ਼ਤ ਨਹੀਂ ਕਰਦੇ ਰਹਿਣਗੇ। ਆਉਣ ਵਾਲ਼ੇ ਦਿਨਾਂ ਵਿੱਚ ਦੇਸ਼ ਦੇ ਹਾਕਮਾਂ ਵਿਰੁੱਧ ਸੰਘਰਸ਼ ਦੇ ਅਖਾੜੇ ਭਖਣਗੇ। 'ਲਲਕਾਰ' ਨੌਜਵਾਨਾਂ ਨੂੰ ਇਹਨਾਂ ਸੰਘਰਸਾਂ ਦੀਆਂ ਮੂਹਰਲੀਆਂ ਸਫਾਂ ਵਿੱਚ ਰਹਿਣ ਲਈ ਲਲਕਾਰੇਗਾ। 'ਲਲਕਾਰ' ਨੌਜਵਾਨਾਂ ਵਿੱਚੋਂ ਸਮਾਜਿਕ ਤਬਦੀਲੀ ਦੀ ਜੱਦੋਜਹਿਦ ਦੇ ਇੱਕ ਅਹਿਮ ਮੋਰਚੇ, ਕਲਮ ਦੇ ਮੋਰਚੇ ਦੇ ਨਵੇਂ ਸਿਪਾਹੀ ਤਿਆਰ ਕਰੇਗਾ। ਇਹ ਨੌਜਵਾਨਾਂ ਦੀ ਸਿਰਜਣਾਤਮਕ ਊਰਜਾ ਲਈ ਇੱਕ ਮੰਚ ਬਣੇਗਾ।

ਭਗਤ ਸਿੰਘ ਦੀ ਵਿਚਾਰਕ ਵਿਰਾਸਤ ਤੇ ਸਾਡਾ ਸਮਾਂ

—ਸੱਤਿਅਮ

[**'ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਸੰਪੂਰਨ ਉਪਲਭਧ ਦਸਤਾਵੇਜ਼'** (ਹਿੰਦੀ 'ਚ) ਪੁਸਤਕ ਦੇ ਰੂਪ ਵਿੱਚ ਪਹਿਲੀ ਵਾਰ ਰਾਹੁਲ ਫਾਉਂਡੇਸ਼ਨ ਤੋਂ ਪ੍ਰਕਾਸ਼ਿਤ ਹੋਏ ਹਨ। ਇਸ ਇਤਿਹਾਸਕ ਪ੍ਰਕਾਸ਼ਨ ਦੀ ਜੋ ਭੂਮਿਕਾ **ਸੱਤਿਅਮ** ਨੇ ਲਿੱਖੀ ਹੈ ਉਹ ਆਪਣੇ ਆਪ ਵਿੱਚ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਵਿਰਾਸਤ ਦੀ ਇੱਕ ਬੇਹਤਰੀਨ ਜਾਣ-ਪਹਿਚਾਣ ਹੈ। ਇਹ ਭੂਮਿਕਾ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਨੂੰ ਸਥਾਪਿਤ ਕਰਦੀ ਹੈ ਅਤੇ ਉਹਨਾਂ ਦੇ ਵਿਚਾਰਾਂ ਨੂੰ ਅੱਗੇ ਵਧਾਉਣ ਵਿੱਚ ਵੀ ਇਹ ਭੂਮਿਕਾ ਸਾਨੂੰ ਕੁੱਝ ਮਹੱਤਵਪੂਰਨ ਵਿਚਾਰ-ਨੁਕਤੇ ਦਿੰਦੀ ਹੈ। ਅਸੀਂ ਇਸ ਭੂਮਿਕਾ ਦਾ ਸੰਪਾਦਿਤ ਰੂਪ 'ਚ ਇੱਥੇ ਛਾਪ ਰਹੇ ਹਾਂ। **—ਸੰਪਾਦਕ**]

"ਭਗਤ ਸਿੰਘ 'ਤੇ ਹੀ ਇੰਨਾ ਜ਼ੋਰ ਕਿਉਂ?"- ਇਤਿਹਾਸ ਦੇ ਇੱਕ ਮੰਨੇ-ਪ੍ਰਮੰਨੇ ਵਿਦਵਾਨ ਨੇ ਪਿਛਲੇ ਦਿਨੀਂ ਪੁੱਛਿਆ। ਉਨ੍ਹਾਂ ਦਾ ਕਹਿਣਾ ਸੀ ਕਿ ਅੱਜ ਦੇਸ਼ ਦੇ ਹਾਲਾਤ ਇੰਨੇ ਬਦਲ ਚੁੱਕੇ ਹਨ ਕਿ ਭਗਤ ਸਿੰਘ ਨੇ ਜੋ ਕੁਝ ਵੀ ਲਿਖਿਆ-ਸੋਚਿਆ ਅਤੇ ਬਿਆਨ ਦਿੱਤਾ, ਉਹ ਅੱਜ ਸਾਡੇ ਲਈ ਮਾਰਗ ਦਰਸ਼ਕ ਨਹੀਂ ਹੋ ਸਕਦਾ। ਫਿਰ ਕੀ ਇਹ ਸਿਰਫ ਭਾਵਨਾਵਾਂ ਜਾਂ ਵਧਾ-ਚੜ੍ਹਾ ਦੇ ਸਹਾਰੇ ਇਤਿਹਾਸ-ਨਿਰਮਾਣ ਦੀ ਕੋਸ਼ਿਸ਼ ਨਹੀਂ ਹੈ, ਕੀ ਇਹ ਵੀ ਨਾਇਕ ਪੂਜਾ ਦਾ ਹੀ ਇੱਕ ਜ਼ਰੀਆ ਨਹੀਂ ਹੈ?

ਸਵਾਲ ਨੂੰ ਸਿਰੇ ਤੋਂ ਹੀ ਰੱਦ ਨਹੀਂ ਸੀ ਕੀਤਾ ਜਾ ਸਕਦਾ। ਬਾਕੀ ਪ੍ਰਕਾਸ਼ਨਾਂ ਅਤੇ ਇਨਕਲਾਬੀ ਸਿਆਸੀ ਜਥੇਬੰਦੀਆਂ ਨੂੰ ਛੱਡੋ, ਪਿਛਲੇ ਇੱਕ ਦਹਾਕੇ ਦੌਰਾਨ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥਿਆਂ ਦੇ ਮਹੱਤਵਪੂਰਨ ਲੇਖਾਂ-ਬਿਆਨਾਂ-ਚਿੱਠੀਆਂ ਨੂੰ ਵੱਖ-ਵੱਖ ਅਤੇ ਸੰਗ੍ਰਹਿਆਂ ਦੇ ਰੂਪ ਵਿੱਚ, ਅਸੀਂ ਲਗਾਤਾਰ ਛਾਪਦੇ ਰਹੇ ਹਾਂ ਅਤੇ ਭਗਤ ਸਿੰਘ ਦੀ ਦੁਰਲੱਭ ਜੇਲ੍ਹ ਡਾਇਰੀ ਨੂੰ ਪਹਿਲੀ ਵਾਰ ਹਿੰਦੀ ਵਿੱਚ ਛਾਪਣ ਅਤੇ ਹੁਣ ਤੱਕ ਉਸਦੇ ਕਈ ਸੰਸਕਰਣ ਕੱਢਣ ਦਾ ਕੰਮ ਵੀ ਅਸੀਂ ਹੀ ਕੀਤਾ ਅਤੇ ਹੁਣ ਇਹ ਕਿਤਾਬ— **'ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਸੰਪੂਰਣ ਉਪਲੱਬਧ ਦਸਤਾਵੇਜ਼'**। ਕਿਤੇ ਇਨ੍ਹਾਂ ਪ੍ਰੋਫੈਸਰ ਸਾਹਿਬ ਦਾ ਕਥਨ ਸਹੀ ਹੀ ਤਾਂ ਨਹੀਂ ਸੀ? ਅਸੀਂ ਸਮਝਦੇ ਹਾਂ ਕਿ ਉਸੇ ਪ੍ਰਸ਼ਨ ਦੇ ਉਤਰ 'ਚ ਇਸ ਕਿਤਾਬ ਦੇ ਪ੍ਰਕਾਸ਼ਨ ਦਾ ਸੱਚ-ਪ੍ਰਮਾਣ-ਇਸਦੇ ਇਤਿਹਾਸਿਕ ਮਹੱਤਵ ਅਤੇ ਸੱਭ ਤੋਂ ਵੱਧ ਉਪਯੋਗਿਤਾ ਦਾ ਤਰਕ ਛਿਪਿਆ ਹੈ।

ਇਹ ਸੱਚ ਹੈ ਕਿ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ (ਅਤੇ ਬੇਸ਼ੱਕ ਉਨ੍ਹਾਂ 'ਚੋਂ ਮੋਹਰੀ ਵਿਚਾਰਕ ਭਗਤ ਸਿੰਘ ਹੀ ਸਨ) ਵਿਚਾਰਕ ਪੱਖ ਬਾਰੇ 'ਚ ਅੱਜ ਦੇਸ਼ ਦੇ ਸਿੱਖਿਅਤ ਲੋਕਾਂ ਅਤੇ ਨੌਜਵਾਨ ਪੀੜ੍ਹੀ 'ਚ ਅਗਿਆਨਤਾ ਵਾਲ਼ੀ ਉਹ ਹਾਲਤ ਨਹੀਂ ਹੈ ਜਿਹੜੀ ਅੱਜ ਤੋਂ ਪੱਚੀ-ਤੀਹ ਸਾਲ ਪਹਿਲਾਂ ਸੀ। ਭਗਤ ਸਿੰਘ ਇੱਕ ਬਹੁਤ ਪ੍ਰਤਿਭਾਵਾਨ ਅਤੇ ਅਧਿਐਨਸ਼ੀਲ ਇਨਕਲਾਬੀ ਸਨ, ਇਹ ਜਾਣਕਾਰੀ ਤਾਂ ਉਨ੍ਹਾਂ ਨੂੰ ਵੀ ਸੀ ਜਿਨ੍ਹਾਂ ਲੋਕਾਂ ਨੇ **'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (ਐਚ. ਐਸ. ਆਰ. ਏ.)** ਵਿੱਚ ਭਗਤ ਸਿੰਘ ਦੇ ਨਾਲ ਕੰਮ ਕਰ ਚੁੱਕੇ ਇਨਕਲਾਬੀ ਜਤਿੰਦਰ ਨਾਥ ਸਾਨਿਆਲ ਦੀ ਪੁਸਤਕ 'ਅਮਰ ਸ਼ਹੀਦ ਸਰਦਾਰ ਭਗਤ ਸਿੰਘ' ਅਤੇ ਸ਼ਿਵ ਵਰਮਾ, ਅਜੈ ਘੋਸ਼, ਭਗਵਾਨ ਦਾਸ ਮਹੌਰ, ਸਦਾਸ਼ਿਵ ਮਲਕਾਪੁਰਕਰ, ਯਸ਼ਪਾਲ ਆਦਿ ਸਾਥੀਆਂ ਦੀਆਂ ਅਤੇ ਸੋਹਨ ਸਿੰਘ ਜੋਸ਼, ਰਾਜਾਰਾਮ ਸ਼ਾਸਤਰੀ ਆਦਿ ਸਮਕਾਲੀਨਾਂ ਦੀਆਂ ਭਗਤ ਸਿੰਘ ਸਬੰਧੀ ਯਾਦਾਂ ਪੜ੍ਹੀਆਂ ਹਨ। ਗੋਪਾਲ ਠਾਕੁਰ ਦੀ ਇੱਕ ਛੋਟੀ ਜਿਹੀ ਕਿਤਾਬ ਵੀ 50 ਦੇ ਦਹਾਕੇ 'ਚ ਹੀ ਪ੍ਰਕਾਸ਼ਿਤ ਹੋ ਚੁੱਕੀ ਸੀ, ਜਿਸ ਵਿੱਚ ਐਚ. ਐਸ. ਆਰ. ਏ. ਅਤੇ ਨੌਜਵਾਨ ਭਾਰਤ ਸਭਾ ਦੇ ਘੋਸ਼ਣਾ ਪੱਤਰ ਅਤੇ ਅਦਾਲਤ ਵਿੱਚ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਭਗਤ ਸਿੰਘ ਦਾ ਵਿਸ਼ਾਲ ਵਿਚਾਰਕ ਪੱਖ ਅਤੇ ਵਿਗਿਆਨਿਕ ਸਮਾਜਵਾਦ ਵੱਲ ਉਸਦੇ ਝੁਕਾਅ ਬਾਰੇ ਲਿਖਿਆ ਸੀ। ਪਰ ਉਸ ਸਮੇਂ ਵੀ ਹੇਠਲੀਆਂ ਜਮਾਤਾਂ ਤੋਂ ਲੈ ਕਿ ਉਚ ਜਮਾਤਾਂ ਤੱਕ ਦੀਆਂ ਪਾਠ-ਪੁਸਤਕਾਂ ਅਤੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦੀਆਂ ਸਭ ਤੋਂ ਪ੍ਰਮਾਣਿਤ ਕਿਤਾਬਾਂ 'ਚ ਵੀ ਐਚ. ਐਸ. ਆਰ. ਏ. ਅਤੇ ਭਗਤ ਸਿੰਘ ਤੇ ਉਨ੍ਹਾਂ ਦੀ ਪੀੜ੍ਹੀ ਦੇ ਇਨਕਲਾਬੀਆਂ ਦਾ ਵਰਣਨ ਬਹੁਤ ਸੰਖੇਪ 'ਚ, ਸਿਰਫ ਕੌਮਵਾਦੀ ਹਥਿਆਰਬੰਦ ਇਨਕਲਾਬੀ ਧਾਰਾ ਦੀ ਇੱਕ ਕੜੀ ਦੇ ਰੂਪ ਵਿੱਚ ਹੀ ਹੁੰਦਾ ਸੀ। ਐਚ. ਐਸ. ਆਰ. ਏ. ਦੇ ਇਨਕਲਾਬੀ ਅਤੇ ਵਿਸ਼ੇਸ਼ ਤੌਰ 'ਤੇ ਭਗਤ ਸਿੰਘ ਕਿਸ ਤਰਾਂ ਸਮਾਜਵਾਦ ਨੂੰ ਆਪਣਾ ਆਦਰਸ਼ ਮੰਨਣ ਤੋਂ ਬਾਅਦ ਵਿਗਿਆਨਕ ਸਮਾਜਵਾਦ ਦਾ ਗਹਿਰਾ ਅਧਿਐਨ ਕਰ ਰਹੇ ਸਨ ਅਤੇ ਕਿਸਾਨਾਂ-ਮਜ਼ਦੂਰਾਂ ਦੀਆਂ ਵਿਸ਼ਾਲ ਜਨਤਕ ਜਥੇਬੰਦੀਆਂ ਉਸਾਰਨ ਬਾਰੇ ਸੋਚ ਰਹੇ ਸਨ ਇਸਦਾ ਅਕਾਦਮਿਕ ਇਤਿਹਾਸਕਾਰਾਂ 'ਚ ਜ਼ਿਕਰ ਤੱਕ ਨਹੀਂ ਆਉਂਦਾ ਸੀ ਅਤੇ ਕੁਝ ਇੱਕ ਖੋਜਪੱਤਰਾਂ ਅਤੇ ਖੋਜ ਪ੍ਰਬੰਧਾਂ ਦੇ ਅਪਵਾਦ ਨੂੰ ਛੱਡ ਦੇਈਏ ਲਗਭਗ ਇਹੀ ਸਥਿਤੀ ਅੱਜ ਵੀ ਬਣੀ ਹੋਈ ਹੈ। ਪਹਿਲੀ ਵਾਰ, ਸਦੀ ਦੇ ਅੱਠਵੇਂ ਦਹਾਕੇ ਦੇ ਆਰੰਭ ਵਿੱਚ ਭਗਤ ਸਿੰਘ ਦੀ ਭਤੀਜੀ ਵਰਿੰਦਰ ਸੰਧੂ ਦੁਆਰਾ ਸੰਪਾਦਿਤ ਭਗਤ ਸਿੰਘ ਦੀਆਂ ਚਿੱਠੀਆਂ ਅਤੇ ਲੇਖਾਂ ਦਾ ਇੱਕ ਸੰਗ੍ਰਹਿ ਪ੍ਰਕਾਸ਼ਿਤ ਹੋਇਆ, ਜਿਸਨੇ ਸਿਰਫ਼ ਤੇਈ ਸਾਲ ਦੀ ਉਮਰ ਵਿੱਚ ਸ਼ਹੀਦ ਹੋ ਜਾਣ ਵਾਲੇ ਉਸ ਵੀਰ ਨੌਜਵਾਨ ਦੇ ਅਸੀਮਿਤ ਸੰਭਾਵਨਾ ਭਰਪੂਰ ਵਿਚਾਰਕ-ਪੱਖ ਦੀ ਝਲਕ ਪੇਸ਼ ਕੀਤੀ। ਲਗਭਗ ਉਦੋਂ ਕੁ ਹੀ ਵਰਿੰਦਰ ਸੰਧੂ ਦੁਆਰਾ ਲਿਖੀ ਗਈ ਭਗਤ ਸਿੰਘ ਦੀ ਜੀਵਨੀ 'ਯੁੱਗ ਦਰਸ਼ਟਾ ਭਗਤ ਸਿੰਘ ਅਤੇ ਉਸਦੇ ਅਮਰ ਪੁਰਖੇ' ਨਾਂ ਨਾਲ਼ ਪ੍ਰਕਾਸ਼ਿਤ ਹੋਈ।

ਅੱਠਵੇ ਦਹਾਕੇ ਦੇ ਪਹਿਲੇ ਵਰ੍ਹਿਆਂ 'ਚ ਹੀ ਦਿੱਲੀ ਦੇ ਕੁਝ ਨੌਜਵਾਨ ਖੱਬੇਪੱਖੀ ਇਨਕਲਾਬੀਆਂ ਨੇ ਭਗਤ ਸਿੰਘ ਦੇ ਲੇਖਾਂ, ਬਿਆਨਾਂ ਅਤੇ ਟਿੱਪਣੀਆਂ ਦਾ ਇੱਕ ਛੋਟਾ ਜਿਹਾ ਸੰਗ੍ਰਹਿ ਛਾਪਕੇ ਉਨਾਂ ਦੁਆਰਾ ਮਾਰਕਸਵਾਦ ਨੂੰ ਸਵੀਕਾਰ ਕਰਨ ਅਤੇ ਉਸਦਾ ਡੂੰਘਾਈ ਨਾਲ਼ ਅਧਿਐਨ ਕਰਨ ਦੇ ਤੱਥਾਂ ਨੂੰ ਸਾਹਮਣੇ ਲਿਆਂਦਾ। ਹੁਣ ਹੌਲ਼ੀ-ਹੌਲ਼ੀ ਸਿਰਫ **'ਇੱਕ ਵੀਰ ਇਨਕਲਾਬੀ'** ਤੋਂ ਵੱਖ ਭਗਤ ਸਿੰਘ ਦੀ ਪਹਿਚਾਣ ਇੱਕ ਵਿਦਵਾਨ, ਨੌਜਵਾਨ ਇਨਕਲਾਬੀ ਵਿਚਾਰਕ ਦੇ ਰੂਪ ਵਿੱਚ ਬਣਨ ਲੱਗੀ ਸੀ। ਜਦੋਂ ਇਤਿਹਾਸਕਾਰ ਬਿਪਿਨ ਚੰਦਰਾ ਨੇ ਅੱਠਵੇਂ ਦਹਾਕੇ ਦੇ ਅੰਤਿਮ ਵਰ੍ਹਿਆਂ 'ਚ ਭਗਤ ਸਿੰਘ ਦਾ ਉਦੋਂ ਤੱਕ ਸਾਹਮਣੇ ਨਾ ਆਉਣ ਵਾਲ਼ਾ ਨਿਬੰਧ 'ਮੈਂ ਨਾਸਤਿਕ ਕਿਉਂ ਹਾਂ?' ਆਪਣੀ ਭੂਮਿਕਾ ਦੇ ਨਾਲ਼ ਪ੍ਰਕਾਸ਼ਿਤ ਕੀਤਾ ਤਾਂ ਉਨ੍ਹਾਂ ਦੀ ਗੰਭੀਰ ਅਤੇ ਪੱਕੀ ਭੌਤਿਕਵਾਦੀ ਸੋਚ ਦੇ ਨਵੇਂ ਪਹਿਲੂ ਅਤੇ ਨਵੀਂ ਡੂੰਘਾਈ ਦੀ ਜਾਣਕਾਰੀ ਲੋਕਾਂ ਨੂੰ ਪਹਿਲੀ ਵਾਰ ਮਿਲੀ। ਭਗਤ ਸਿੰਘ ਦਾ ਇੱਕ ਹੋਰ ਲੇਖ 'ਡਰੀਮਲੈਂਡ ਦੀ ਭੂਮੀਕਾ' ਪਹਿਲਾਂ ਹੀ ਵਰਿੰਦਰ ਸੰਧੂ ਦੁਆਰਾ ਸੰਪਾਦਿਤ ਪੁਸਤਕ ਵਿੱਚ ਛਪ ਚੁੱਕਾ ਸੀ, ਪਰ 'ਮੈਂ ਨਾਸਤਕ ਕਿਉਂ ਹਾਂ?' ਦੇ ਨਾਲ਼ ਇਹ ਲੇਖ ਦੁਬਾਰਾ ਬਿਪਿਨ ਚੰਦਰਾ ਦੀ ਪਹਿਚਾਣ ਟਿੱਪਣੀ ਨਾਲ਼ ਪ੍ਰਕਾਸ਼ਿਤ ਹੋਇਆ ਤਾਂ ਵਿਸ਼ੇਸ਼ ਤੌਰ 'ਤੇ —ਇਤਿਹਾਸ ਅਤੇ ਸਾਹਿਤ ਦੇ ਪਾਠਕਾਂ ਦਾ ਧਿਆਨ ਭਗਤ ਸਿੰਘ ਦੀ ਤੇਜ਼ ਅਲੋਚਨਾਤਮਕ ਦ੍ਰਿਸ਼ਟੀ ਅਤੇ ਉਸ ਵਿਚਲੀ ਦਵੰਦਾਤਮਕਤਾ ਵੱਲ ਕੇਂਦਰਿਤ ਹੋਇਆ। ਇਨਾਂ ਦੋ ਲੇਖਾਂ ਨੇ ਸਪੱਸ਼ਟ ਕਰ ਦਿੱਤਾ ਕਿ ਆਪਣੇ ਛੋਟੇ ਜਿਹੇ ਜੀਵਨ ਦੇ ਆਖਰੀ ਵਰ੍ਹਿਆਂ ਦੇ ਦੌਰਾਨ ਭਗਤ ਸਿੰਘ ਦੀ ਵਿਗਿਆਨਕ ਸਮਾਜਵਾਦ ਪ੍ਰਤੀ ਜੋ ਪ੍ਰਤੀਬੱਧਤਾ ਵਿਕਸਿਤ ਹੋਈ ਸੀ, ਉਹ ਕੇਵਲ ਭਾਵਨਾਤਮਕ ਜਾਂ ਅਨੁਭਵਵਾਦੀ ਨਹੀਂ ਸੀ, ਬਲਕਿ ਉਸਦੇ ਪਿੱਛੇ ਡੂੰਘੇ ਆਧਿਐਨ ਤੋਂ ਪੈਦਾ ਹੋਈ ਅਤੇ ਨਿਰਤੰਰ ਵਿਕਾਸਸ਼ੀਲ ਵਿਚਾਰਕ ਸੂਝ ਮੌਜੂਦ ਸੀ। ਬਿਪਨ ਚੰਦਰਾ ਤੋਂ ਇਲਾਵਾ ਸੁਮੀਤ ਸਰਕਾਰ, ਇਰਫਾਨ ਹਬੀਬ ਅਤੇ ਹਰਬੰਸ ਮੁਖੀਆ ਆਦਿ ਕਈ ਮੰਨੇ-ਪ੍ਰਮੰਨੇ ਇਤਿਹਾਸਕਾਰਾਂ ਨੇ ਅਤੇ ਖੱਬੀ ਇਨਕਲਾਬੀ ਧਾਰਾ ਨਾਲ਼ ਜੁੜੇ ਕਈ ਬੁੱਧੀਜੀਵੀਆਂ ਨੇ ਭਗਤ ਸਿੰਘ ਦੇ ਵਿਚਾਰਕ ਪੱਖ ਨੂੰ ਸਾਹਮਣੇ ਲਿਆਂਦਾ।

ਬੀਤੀ ਸਦੀ ਦੇ ਆਖਰੀ ਦੋ ਦਹਾਕਿਆਂ 'ਚ ਭਗਤ ਸਿੰਘ ਅਤੇ ਉਨ੍ਹਾਂ ਦੀ ਪੀੜ੍ਹੀ ਦੇ ਭਗਵਤੀ ਚਰਨ ਵੋਹਰਾ, ਸੁਖਦੇਵ, ਵਿਜੈ ਕੁਮਾਰ ਸਿਨਹਾ, ਬਟੁਕੇਸ਼ਵਰ ਦੱਤ ਵਰਗੇ ਹੋਰ ਇਨਕਲਾਬੀਆਂ ਦੀ, ਇਨਕਲਾਬੀ ਲਹਿਰ ਦੇ ਵਿਚਾਰਕ ਵਿਕਾਸ 'ਚ ਭੂਮਿਕਾ ਅਤੇ ਉਸਦੇ ਇਤਿਹਾਸਕ ਮਹੱਤਵ ਨੂੰ ਦਰਸਾਉਣ ਵਾਲੇ ਮਹੱਤਵਪੂਰਨ ਖੋਜ-ਪੱਤਰਾਂ, ਜੀਵਨੀਆਂ ਅਤੇ ਉਦੋਂ ਤੱਕ ਉਪਲੱਬਧ ਨਾ ਹੋਣ ਵਾਲੇ ਦਸਤਾਵੇਜਾਂ ਦਾ ਵੱਡੇ ਪੱਧਰ 'ਤੇ ਪ੍ਰਕਾਸ਼ਨ ਹੋਇਆ। 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਨਾਲ ਜੁੜੇ-ਮੁੱਖ ਇਨਕਲਾਬੀ ਮਨਮੱਥ ਨਾਥ ਗੁਪਤਾ (ਜੋ ਇਨਕਲਾਬੀ ਲਹਿਰ ਦੇ ਇਤਿਹਾਸ 'ਤੇ ਪਹਿਲਾਂ ਵੀ ਕਈ ਮਹੱਤਵਪੂਰਨ ਕਿਤਾਬਾਂ ਲਿਖ ਚੁੱਕੇ ਸਨ) ਦੀ ਕਿਤਾਬ 'ਭਗਤ ਸਿੰਘ ਐਂਡ ਹਿਜ਼ ਟਾਇਮਜ਼' ਨੌਂਵੇਂ ਦਹਾਕੇ ਦੇ ਪਹਿਲੇ ਵਰ੍ਹਿਆਂ 'ਚ ਪ੍ਰਕਾਸ਼ਿਤ ਹੋਈ। ਫਿਰ ਇਸ ਦਿਸ਼ਾ ਵਿੱਚ ਸਭ ਤੋਂ ਮਹੱਤਵਪੂਰਨ ਕੰਮ ਹੋਇਆ, ਤੇ ਉਹ ਸੀ ਜਗਮੋਹਣ ਸਿੰਘ ਅਤੇ ਚਮਨ ਲਾਲ ਦੁਆਰਾ ਸੰਪਾਦਿਤ 'ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਦਸਤਾਵੇਜ' ਦਾ 1986 ਵਿੱਚ ਪ੍ਰਕਾਸ਼ਨ, ਜਿਸ ਵਿੱਚ ਕੁੱਲ 105 ਦਸਤਾਵੇਜ ਸ਼ਾਮਿਲ ਸਨ। ਫਿਰ 1986 'ਚ ਅੰਗ੍ਰੇਜ਼ੀ ਅਤੇ 1987 'ਚ ਹਿੰਦੀ ਵਿੱਚ ਭਗਤ ਸਿੰਘ ਦੇ ਇਨਕਲਾਬੀ ਸਾਥੀ ਸ਼ਿਵ ਵਰਮਾ ਦੇ ਸੰਪਾਦਨ ਤਹਿਤ ਭਗਤ ਸਿੰਘ ਦੀਆਂ ਚੋਣਵੀਆਂ ਰਚਨਾਵਾਂ ਦਾ ਇੱਕ ਹੋਰ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਜਿਸ ਵਿੱਚ 28 ਦਸਤਾਵੇਜ਼ ਭਗਤ ਸਿੰਘ ਦੇ ਨਾਂ ਨਾਲ ਅਤੇ ਪੂਰਕ ਦੇ ਰੂਪ ਵਿੱਚ ਬਾਕੀ ਸਾਥੀਆਂ ਦੇ ਕੁਝ ਦਸਤਾਵੇਜ਼ ਅਤੇ ਕੁਝ ਸਰਕਾਰੀ ਦਸਤਾਵੇਜ਼ (ਕੁੱਲ 10) ਸ਼ਾਮਿਲ ਸਨ। ਜਗਮੋਹਣ ਸਿੰਘ ਅਤੇ ਚਮਨ ਲਾਲ ਦੁਆਰਾ ਸੰਪਾਦਿਤ 1986 ਵਿੱਚ ਛਪੇ ਦਸਤਾਵੇਜ ਸੰਗ੍ਰਹਿ ਵਿੱਚ ਕੁਲ 105 ਦਸਤਾਵੇਜ ਸ਼ਾਮਿਲ ਸਨ, ਜਿਨਾਂ ਵਿੱਚ 72 ਭਗਤ ਸਿੰਘ ਦੇ ਅਤੇ ਬਾਕੀ 33 ਭਗਵਤੀਚਰਨ ਵੋਹਰਾ, ਸੁਖਦੇਵ, ਬਟੁਕੇਸ਼ਵਰ ਦੱਤ, ਮਹਾਂਵੀਰ ਸਿੰਘ ਆਦਿ ਸਾਥੀਆਂ ਦੇ ਲਿਖੇ ਹੋਏ ਹਨ। 'ਬੰਬ ਦਾ ਫਲਸਫਾ' ਲੇਖ ਦੀ ਰੂਪ ਰੇਖਾ ਭਗਤ ਸਿੰਘ ਨੇ ਜੇਲ੍ਹ 'ਚੋਂ ਲਿਖ ਕੇ ਬਾਹਰ ਭਿਜਵਾਈ ਸੀ ਜਿਸਨੂੰ ਛਾਪਣ ਤੋਂ ਪਹਿਲਾਂ ਅੰਤਿਮ ਰੂਪ ਭਗਵਤੀ ਚਰਨ ਵੋਹਰਾ ਨੇ ਦਿੱਤਾ। ਜ਼ਿਕਰ ਯੋਗ ਹੈ ਕਿ ਇਹ ਲੇਖ ਗਾਂਧੀ ਦੇ ਲੇਖ 'ਕਲਟ ਆਫ਼ ਦੀ ਬੰਬ' ਦੇ ਉਤਰ ਵਿੱਚ ਲਿਖਿਆ ਗਿਆ ਸੀ।

'ਭਗਤ ਸਿੰਘ ਅਤੇ ਸਾਥੀਆਂ ਦੇ ਦਸਤਾਵੇਜ਼' ਦੇ ਪ੍ਰਕਾਸ਼ਨ ਤੋਂ ਇਲਾਵਾ, ਭਗਤ ਸਿੰਘ ਦੀ ਦੁਰਲੱਭ ਜੇਲ੍ਹ ਡਾਇਰੀ ਦਾ ਪ੍ਰਕਾਸ਼ਨ ਪਿਛਲੀ ਸਦੀ ਦੇ ਅੰਤਿਮ ਦੋ ਦਹਾਕਿਆਂ ਦੇ ਦੌਰਾਨ ਇੱਕ ਅਹਿਮ ਘਟਨਾ ਸੀ। ਇਸ ਬਹੁਮੁੱਲੀ ਅਤੇ ਇਤਿਹਾਸ ਦੇ ਵਿਦਵਾਨਾਂ ਤੋਂ ਵੀ ਉਹਲੇ ਰਹੀ ਡਾਇਰੀ ਦਾ ਸਭ ਤੋਂ ਪਹਿਲਾਂ ਪ੍ਰਕਾਸ਼ਨ ਭੁਪਿੰਦਰ ਹੂਜਾ ਨੇ 1991 ਵਿੱਚ ਆਪਣੀ ਪੱਤ੍ਰਿਕਾ 'ਇੰਡੀਅਨ ਬੁੱਕ ਕ੍ਰਾਨੀਕਲ' ਵਿੱਚ ਕਿਸ਼ਤਾਂ ਦੇ ਰੂਪ ਵਿੱਚ ਸ਼ੁਰੂ ਕੀਤਾ ਅਤੇ ਫਿਰ 1994 ਵਿੱਚ ਇਸਦੀ (ਅੰਗ੍ਰੇਜ਼ੀ ਵਿੱਚ) ਪੁਸਤਕ ਛਪੀ। ਫਿਰ ਅਪ੍ਰੈਲ 1999 ਵਿੱਚ ਇਸਦਾ ਹਿੰਦੀ ਅਨੁਵਾਦ (ਅਨੁਵਾਦਕ ਵਿਸ਼ਵਨਾਥ ਮਿਸ਼ਰਾ ਅਤੇ ਸੰਪਾਦਕ ਸੱਤਿਅਮ ਵਰਮਾ) ਨਵੀਂ ਭੂਮਿਕਾ ਅਤੇ ਪੁਸਤਕ ਸੰਬੰਧੀ ਨਵੇਂ ਖੋਜ ਤੱਥਾਂ ਸਹਿਤ ਲਿਖੇ ਗਏ ਦੋ ਲੇਖਾਂ (ਅਲੋਕ ਰੰਜਨ ਅਤੇ ਐਲ.ਵੀ. ਮਿਤ੍ਰੋਖਿਨ) ਦੇ ਨਾਲ਼ ਅਤੇ ਨਵੇਂ ਪ੍ਰਸੰਗਾਂ ਸਹਿਤ, ਪਰਿਕਲਪਨਾ ਪ੍ਰਕਾਸ਼ਨ, ਲਖਨਊ ਤੋਂ (ਹੁਣ ਇਸ ਪੁਸਤਕ ਦਾ ਨਵਾਂ ਹਿੰਦੀ ਸੰਸਕਰਣ ਰਾਹੁਲ ਫਾਉਂਡੇਸ਼ਨ ਤੋਂ ਪ੍ਰਾਕਸ਼ਿਤ ਹੋਇਆ ਹੈ) ਪ੍ਰਕਾਸ਼ਤ ਹੋਇਆ। (ਪੰਜਾਬੀ ਵਿੱਚ ਇਸਨੂੰ ਤਰਕਭਾਰਤੀ ਪ੍ਰਕਾਸ਼ਨ ਬਰਨਾਲ਼ਾ ਵੱਲੋਂ ਛਾਪਿਆ ਗਿਆ ਹੈ) ਇਸ ਪੁਸਤਕ ਦੇ ਇਸ ਹਿੰਦੀ ਸੰਸਕਰਣ ਨੂੰ ਅਸੀਂ ਇਨ੍ਹਾਂ ਦੋਨਾਂ ਲੇਖਾਂ ਦੇ ਨਾਲ ਇਸ ਸੰਗ੍ਰਹਿ 'ਚ ਵੀ ਸ਼ਾਮਿਲ ਕਰ ਰਹੇ ਹਾਂ। ਅਲੋਕ ਰੰਜਨ ਦੇ ਲੇਖ ਤੋਂ ਪਾਠਕਾਂ ਨੂੰ ਭਗਤ ਸਿੰਘ ਦੀ ਜੇਲ ਡਾਇਰੀ ਦੇ ਪ੍ਰਕਾਸ਼ਿਤ ਹੋਣ ਦੀ ਪੂਰੀ ਕਹਾਣੀ ਦਾ ਪਤਾ ਲੱਗ ਜਾਵੇਗਾ। ਪਹਿਲੀ ਵਾਰ ਇਸ ਡਾਇਰੀ ਦੀ ਚਰਚਾ ਜੀ. ਦੇਵਲ ਨੇ 1968 ਵਿੱਚ 'ਪੀਪਲਜ਼

ਪਾਥ' ਨਾਮਕ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਆਪਣੇ ਲੇਖ ਵਿੱਚ ਕੀਤੀ ਸੀ ਇਸਨੂੰ ਉਹਨਾਂ ਨੇ ਫਰੀਦਾਬਾਦ 'ਚ ਰਹਿ ਰਹੇ ਭਗਤ ਸਿੰਘ ਦੇ ਛੋਟੇ ਭਰਾ ਕੁਲਬੀਰ ਸਿੰਘ ਕੋਲ਼ ਦੇਖਿਆ ਸੀ ਅਤੇ ਪੜ੍ਹ ਕੇ ਮਹੱਤਵਪੂਰਨ ਨੋਟਸ ਵੀ ਲਏ ਸਨ। ਦੁਬਾਰਾ 1977 ਵਿੱਚ ਰੂਸੀ ਵਿਦਵਾਨ ਐਲ.ਵੀ. ਮਿਤ੍ਰੋਖਿਨ ਭਾਰਤ ਆਏ ਅਤੇ ਕੁਲਬੀਰ ਸਿੰਘ ਕੋਲ ਪਈ ਜੇਲ੍ਹ ਡਾਇਰੀ ਬਾਰੇ ਇੱਕ ਲੇਖ ਲਿਖਿਆ ਜੋ ਉਨ੍ਹਾਂ ਦੀ ਕਿਤਾਬ 'ਲੈਨਿਨ ਐਂਡ ਇੰਡੀਆ' ਦਾ ਇੱਕ ਹਿੱਸਾ ਬਣਿਆ। ਜ਼ਰੂਰ ਹੀ ਅੱਠਵੇਂ ਦਹਾਕੇ ਦੇ ਅੰਤ ਵਿੱਚ ਕਿਤੇ ਜੇਲ ਨੋਟਬੁਕ ਦੀ ਇੱਕ ਫੋਟੋ ਕਾਪੀ ਕੁਲਬੀਰ ਸਿੰਘ ਦੇ ਪਰਿਵਾਰ ਨੇ ਦਿੱਲੀ ਦੀ ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬ੍ਰੇਰੀ ਨੂੰ ਪ੍ਰਕਾਸ਼ਨ ਨਾ ਕਰਨ ਦੀ ਸ਼ਰਤ ਨਾਲ਼ ਦਿੱਤੀ। 1979 ਦੇ ਬਾਅਦ ਇਤਿਹਾਸ ਦੇ ਕਈ ਖੋਜੀਆਂ ਨੇ ਇਸਨੂੰ ਉਥੇ ਦੇਖਿਆ ਅਤੇ ਪੜ੍ਹਿਆ।

1986 ਵਿੱਚ ਪ੍ਰਕਾਸ਼ਿਤ 'ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਦਸਤਾਵੇਜ਼' ਦੇ ਦੂਜੇ ਸੰਸਕਰਣ ਦੀ ਭੂਮਿਕਾ ਵਿੱਚ ਜਗਮੋਹਣ ਸਿੰਘ ਅਤੇ ਚਮਨ ਲਾਲ ਨੇ ਵੀ ਇਸਦਾ ਜ਼ਿਕਰ ਕੀਤਾ ਹੈ। ਇਸੇ ਜੇਲ੍ਹ ਨੋਟਬੁਕ ਦੀ ਇੱਕ ਫੋਟੋ ਕਾਪੀ ਡਾ. ਪ੍ਰਕਾਸ਼ ਚਤੁਰਵੇਦੀ ਮਾਸਕੋ ਅਭਿਲੇਖਾਗਾਰ ਤੋਂ ਨਕਲ ਕਰਵਾ ਕੇ ਲਿਆਏ ਸਨ। ਨੋਟਬੁਕ ਦੀ ਜਿਸ ਨਕਲ ਨੂੰ ਭੁਪਿੰਦਰ ਹੂਜਾ ਨੇ ਪਹਿਲੀ ਵਾਰ 1991 ਵਿੱਚ ਪ੍ਰਕਾਸ਼ਿਤ ਕੀਤਾ, ਉਹ ਗੁਰੁਕੁਲ ਕਾਂਗੜੀ ਦੇ ਤੱਤਕਾਲੀਨ ਕੁਲਪਤੀ ਜੀ. ਬੀ. ਕੁਮਾਰ ਹੂਜਾ ਨੂੰ 1981 ਵਿੱਚ ਸੰਸਥਾ ਦੇ ਮੁੱਖੀ ਸਵਾਮੀ ਸ਼ਕਤੀਵੇਸ਼ ਤੋਂ ਪ੍ਰਾਪਤ ਹੋਈ ਸੀ ਇਸ ਨੋਟਬੁਕ ਦੀਆਂ ਹੁਣ ਤੱਕ ਪ੍ਰਾਪਤ ਸਾਰੀਆਂ ਨਕਲਾਂ ਇੱਕ ਦੂਜੇ ਨਾਲ਼ ਪੂਰੀ ਤਰਾਂ ਮੇਲ ਖਾਂਦੀਆਂ ਹਨ, ਜਿਨਾਂ ਤੋਂ ਇਸਦੀ ਪ੍ਰਮਾਣਿਕਤਾ ਸਿੱਧ ਹੁੰਦੀ ਹੈ। 'ਪਰਿਕਲਪਨਾ ਪ੍ਰਕਾਸ਼ਨ' ਤੋਂ ਪ੍ਰਕਾਸ਼ਿਤ ਭਗਤ ਸਿੰਘ ਦੀ ਜੇਲ੍ਹ ਨੋਟਬੁਕ ਦੇ ਹਿੰਦੀ ਅਨੁਵਾਦ ਦਾ ਪਹਿਲਾ ਸੰਸਕਰਣ ਹੁਣ ਤੱਕ ਛੇ ਵਾਰ ਦੁਬਾਰਾ ਛਪ ਚੁੱਕਾ ਹੈ, ਅਤੇ ਘੱਟੋ-ਘੱਟੋ ਅਨੁਮਾਨ ਲਗਾਈਏ ਤਾਂ ਵੀ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਹ ਹਜ਼ਾਰ ਤੋਂ ਵੱਧ ਪਾਠਕਾਂ ਤੱਕ ਇਹ ਪੁਸਤਕ ਪਹੁੰਚ ਚੁੱਕੀ ਹੈ।

ਇਸ ਮਹੱਤਵਪੂਰਨ ਦਸਤਾਵੇਜ਼ ਤੋਂ ਇਲਾਵਾ ਪਿਛਲੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ 'ਤੇ ਕਾਫ਼ੀ ਕੁੱਝ ਪ੍ਰਕਾਸ਼ਿਤ ਹੋਇਆ ਜਿਸ ਵਿੱਚ ਹੰਸਰਾਜ ਰਹਿਬਰ ਅਤੇ ਵਿਸ਼ਨੂੰ ਪ੍ਰਭਾਕਰ ਦੁਆਰਾ ਲਿਖੀਆਂ ਦੋ ਜੀਵਨੀਆਂ ਵੀ ਸ਼ਾਮਿਲ ਹਨ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਚੌਣਵੇਂ ਤੇਰ੍ਹਾਂ ਦਸਤਾਵੇਜਾਂ ਅਤੇ ਉਨ੍ਹਾਂ ਦੀਆਂ ਦੀਆਂ ਚਿੱਠੀਆਂ-ਪਰਚਿਆਂ ਦੇ ਕੁਝ ਅੰਸ਼ਾਂ ਦਾ ਸੰਗ੍ਰਹਿ 1998 'ਚ ਪਰਿਕਲਪਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਹੋਇਆ, ਜਿਸਦੇ ਹੁਣ ਤੱਕ ਪੰਜ ਸੰਸਕਰਣ ਆ ਚੁੱਕੇ ਹਨ। ਅਜਿਹੇ ਪ੍ਰਕਾਸ਼ਨਾਂ ਦਾ ਸਿਲਸਿਲਾ ਨਵੀਂ ਸਦੀ ਵਿੱਚ ਵੀ ਜਾਰੀ ਹੈ। ਪਿੱਛੇ ਜਿਹੇ ਹੀ ਅਜਿਹੀਆਂ ਦੋ ਮਹੱਤਵਪੂਰਨ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਪਹਿਲੀ ਕੁਲਦੀਪ ਨਈਅਰ ਦੀ ਪੁਸਤਕ **'Martyr Bhagat Singh' Experiments in Revolution** ਅਤੇ ਦੂਜੀ ਏ. ਜੀ. ਨੂਰਾਨੀ ਦੀ ਪੁਸਤਕ **The Trial of Bhagat Singh**। ਸੰਦਰਭ-ਸਰੋਤਾਂ ਅਤੇ ਵਿਆਖਿਆ ਪੱਖੋਂ ਕੁਲਦੀਪ ਨਈਅਰ ਦੀ ਪੁਸਤਕ ਵਿੱਚ ਤਾਂ ਕੋਈ ਨਵੀਂ ਗੱਲ ਨਹੀਂ ਹੈ, ਪਰ ਸਰਕਾਰੀ ਦਸਤਾਵੇਜਾਂ ਦੀ ਵਿਸਥਾਰ ਨਾਲ਼ ਗਹਿਰੀ ਖੋਜਬੀਨ ਏ. ਜੀ. ਨੂਰਾਨੀ ਦੀ ਪੁਸਤਕ 'ਚੋਂ ਸਾਫ਼ ਝਲਕਦੀ ਹੈ। ਨਾਲੇ ਆਪਣੇ ਵਿਸ਼ੇ ਦੀ ਸਪੱਸ਼ਟਤਾ ਦੇ ਕਾਰਣ ਵੀ ਇਹ ਪੁਸਤਕ ਵਿਸ਼ੇਸ਼ ਰੂਪ ਵਿੱਚ ਮਹੱਤਵਪੂਰਨ ਹੈ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਰਾਜਨੀਤਿਕ ਸਰਗਰਮੀਆਂ ਤੋਂ ਇਲਾਵਾ ਉਨ੍ਹਾਂ ਦੇ ਵਿਚਾਰਕ ਪੱਖ ਬਾਰੇ ਪਿਛਲੇ ਪੱਚੀ ਸਾਲਾਂ ਦੌਰਾਨ ਇੰਨਾ ਕੁਝ ਪ੍ਰਕਾਸ਼ਿਤ ਹੋਣ ਦੇ ਬਾਵਜੂਦ, ਹੁਣ ਵੀ ਭਗਤ ਸਿੰਘ 'ਤੇ ਸਾਡਾ ਇੰਨਾ ਜ਼ੋਰ ਕਿਉਂ ? —ਇਤਿਹਾਸ ਦੇ ਉਨ੍ਹਾਂ ਮੰਨੇ-ਪ੍ਰਮੰਨੇ ਵਿਦਵਾਨ ਸ਼੍ਰੀਮਾਨ ਦੇ ਸਵਾਲ 'ਤੇ ਅਸੀਂ ਵਾਪਸ ਆਉਂਦੇ ਹਾਂ, ਜਿੱਥੋਂ ਅਸੀਂ ਆਪਣੀ ਗੱਲ ਸ਼ੁਰੂ ਕੀਤੀ ਸੀ। ਸਾਡੀ ਇਹ ਸਪੱਸ਼ਟ ਤੇ ਪੱਕੀ ਸੋਚ ਹੈ ਕਿ ਹਿੰਦੀ, ਅੰਗ੍ਰਜ਼ੀ, ਪੰਜਾਬੀ ਤੇ ਹੋਰ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਮਿਲਾਕੇ, ਸਾਰੀਆਂ ਪੁਸਤਕਾਂ ਅਤੇ ਲੇਖਾਂ ਦੇ ਬਾਵਜੂਦ, ਹਾਲੇ ਭਾਰਤ ਦੇ ਸਾਰੇ ਪੜ੍ਹੇ-ਲਿਖੇ ਨਾਗਰਿਕਾਂ ਵਿੱਚੋਂ ਕੁਝ ਲੱਖ ਵੀ ਅਜਿਹੇ ਲੋਕ ਸ਼ਾਇਦ ਮੁਸ਼ਕਿਲ ਨਾਲ਼ ਹੀ ਮਿਲਣਗੇ, ਜੋ ਫਾਂਸੀ ਦੇ ਤਖ਼ਤੇ 'ਤੇ ਖੁਸ਼ੀ-ਖੁਸ਼ੀ ਚੜ੍ਹਨ ਵਾਲੇ ਬਹਾਦਰ ਨੌਜਵਾਨ ਇਨਕਲਾਬੀ ਦੀ ਦਿੱਖ ਤੋਂ ਅਲੱਗ, ਉਸ ਪ੍ਰਤਿਭਾਸ਼ਾਲੀ ਨੌਜਵਾਨ ਦੀ ਯੁੱਗ-ਬਦਲਾਊ ਮਹਾਨ ਸੋਚ ਤੋਂ ਜਾਣੂ ਹੋਣ। ਸਾਡੇ ਦੇਸ਼ ਵਿੱਚ ਇਤਿਹਾਸ ਦੇ ਖੋਜ-ਗ੍ਰੰਥ ਅਤੇ ਖੋਜ ਪੱਤਰ ਵਿਸ਼ਵਵਿਦਿਆਲਿਆਂ ਦੇ ਖੋਜ ਸੰਸਥਾਨਾਂ ਦੀਆਂ ਲਾਇਬ੍ਰੇਰੀਆਂ ਵਿੱਚ ਬੰਦ ਰਹਿਣ ਅਤੇ ਉਨਾਂ ਵਿਦਵਾਨਾਂ ਦੇ ਅਧਿਐਨ ਲਈ ਹੁੰਦੇ ਹਨ, ਜਿਨ੍ਹਾਂ ਦਾ ਕੋਈ ਸਮਾਜਿਕ ਸਰੋਕਾਰ ਨਹੀਂ ਹੁੰਦਾ ਅਤੇ ਜੋ ਕੇਵਲ ਆਪਣੇ ਕੈਰੀਅਰ ਅਤੇ ਮਾਣ-ਸਨਮਾਨ ਨੂੰ ਹੀ ਸਮਰਪਿਤ ਹੁੰਦੇ ਹਨ। ਅਜਿਹੇ ਵਿਸ਼ਿਆਂ 'ਤੇ ਆਮ ਪਾਠਕਾਂ ਲਈ ਲਿਖੀਆਂ ਗਈਆਂ ਕਿਤਾਬਾਂ, ਜੀਵਨੀਆਂ, ਯਾਦ-ਪੱਤਰਾਂ ਅਤੇ ਲੇਖਾਂ ਦੀ ਪਹੁੰਚ ਵੀ ਅਸਲ ਵਿੱਚ ਬਹੁਤ ਹੀ ਸੀਮਿਤ ਲੋਕਾਂ ਤੱਕ ਹੁੰਦੀ ਹੈ। ਇਸਦੇ ਕਈ ਕਾਰਨ ਹਨ। ਜ਼ਿਆਦਾਤਰ ਪ੍ਰਕਾਸ਼ਕਾਂ ਦਾ ਇੱਕੋ-ਇੱਕ ਜਾਂ ਪ੍ਰਮੁੱਖ ਉਦੇਸ਼ ਲਾਇਬ੍ਰੇਰੀਆਂ ਭਰਕੇ ਪੈਸਾ ਕਮਾਉਣਾ ਹੁੰਦਾ ਹੈ। ਨਾ ਤਾਂ ਉਨ੍ਹਾਂ ਦੇ ਪ੍ਰਕਾਸ਼ਨਾਂ ਦੀ ਕੀਮਤ ਪਾਠਕਾਂ ਦੀ ਜੇਬ ਦੇ ਅਨੁਕੂਲ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਆਮ ਜਨਤਾ ਤੱਕ ਇਹ ਸਮੱਗਰੀ ਪਹੁੰਚਾਉਣ ਦਾ ਕੋਈ ਮਜ਼ਬੂਤ ਨੈਟਵਰਕ ਹੁੰਦਾ ਹੈ। ਪੂੰਜੀਵਾਦੀ ਪ੍ਰਕਾਸ਼ਕਾਂ ਤੋਂ ਇਲਾਵਾ ਪੂੰਜੀਵਾਦੀ ਪੱਤਰਾਂ-ਪੱਤ੍ਰਿਕਾਵਾਂ ਦੀ ਵੀ ਅੱਜ ਜੋ ਰੂਪ-ਰੇਖਾ ਹੈ, ਉਸਨੂੰ ਦੇਖਦੇ ਹੋਏ ਇਹ ਸੰਭਵ ਨਹੀਂ ਕਿ ਉਨ੍ਹਾਂ ਰਾਹੀਂ ਭਗਤ ਸਿੰਘ ਦੇ ਵਿਚਾਰਾਂ ਦਾ ਅਸਲੀ ਰੂਪ ਆਮ ਲੋਕਾਂ ਤੱਕ ਪਹੁੰਚ ਸਕੇ। ਸੱਚ ਤਾਂ ਇਹ ਹੈ ਕਿ ਪੂੰਜੀ-ਕੇਂਦਰਿਤ ਪ੍ਰਕਾਸ਼ਨ-ਤੰਤਰ ਜਾਂ ਵਿਅਕਤੀਗਤ ਸਾਧਨਾਂ ਦੁਆਰਾ ਇਹ ਸੰਭਵ ਹੀ ਨਹੀਂ ਹੈ। ਇਨਕਲਾਬੀ ਵਿਚਾਰਾਂ ਦੀ ਇਤਿਹਾਸਿਕ ਵਿਰਾਸਤ ਅਤੇ ਨਵੇਂ-ਨਵੇਂ ਆਯਾਮਾਂ ਨੂੰ ਵਿਸ਼ਾਲ ਲੋਕਾਈ ਦੇ ਵੱਖ-ਵੱਖ

ਹਿੱਸਿਆਂ ਤੱਕ ਵੱਖ-ਵੱਖ ਰੂਪਾਂ ਵਿੱਚ ਪਹੁੰਚਾਉਣ ਦਾ ਕੰਮ ਬਦਲਵੇਂ ਲੋਕ-ਮੀਡੀਆ ਰਾਹੀਂ, ਇੱਕ ਅਜਿਹੇ ਇਨਕਲਾਬੀ ਪ੍ਰਕਾਸ਼ਨ-ਤੰਤਰ ਦੁਆਰਾ ਹੀ ਸੰਭਵ ਹੈ ਜੋ ਲਾਭ-ਲਾਲਚ ਦੇ ਉਦੇਸ਼ ਜਾਂ ਪੂੰਜੀ ਅਤੇ ਸੱਤਾ ਦੀ ਸੇਵਾ ਨਾਲ ਨਹੀਂ, ਸਗੋਂ ਇਨਕਲਾਬੀ ਤਬਦੀਲੀ ਦੇ ਉਦੇਸ਼ ਤੋਂ ਨਿਰਦੇਸ਼ਿਤ ਅਤੇ ਲੋਕ ਹਿੱਤਾਂ ਨਾਲ ਸੰਚਾਲਿਤ ਹੋਵੇ, ਜਿਸਦੇ ਪਿੱਛੇ ਲੋਕਾਂ ਦੀ ਇਨਕਲਾਬੀ ਸ਼ਕਤੀ ਅਤੇ ਸਮਰਥਨ ਦਾ ਅਧਾਰ ਹੋਵੇ। ਕੌਮੀ ਲਹਿਰ ਦੇ ਸਮੇਂ ਦੀ ਪੱਤਰਕਾਰਿਤਾ ਅਤੇ ਪ੍ਰਕਾਸ਼ਨ ਦੇ ਇਤਿਹਾਸ ਦਾ ਜੇ ਅਧਿਐਨ ਕਰੀਏ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ। ਆਪਣੇ ਤਜਰਬੇ ਦੀ ਨਿਮਰਤਾਪੂਰਵਕ ਚਰਚਾ ਕਰਦੇ ਹੋਏ ਅਸੀਂ ਕਹਿਣਾ ਚਾਹਾਂਗੇ ਕਿ ਭਗਤ ਸਿੰਘ, ਰਾਹੁਲ ਸਾਂਕਰਤਾਯਨ, ਗਣੇਸ਼ ਸ਼ੰਕਰ ਵਿਦਿਆਰਥੀ ਆਦਿ ਤੋਂ ਲੈ ਕੇ ਇਨਕਲਾਬੀ ਸਾਹਿਤ ਦੀ ਵਿਸ਼ਵ ਵਿਰਾਸਤ ਤੱਕ ਦਾ ਪ੍ਰਾਕਸ਼ਨ ਕਈ ਸਰਮਾਏਦਾਰ ਪ੍ਰਕਾਸ਼ਕਾਂ ਨੇ ਕੀਤਾ, ਪਰ ਲੋਕਾਂ ਤੋਂ ਇਕੱਠੇ ਕੀਤੇ ਵਸੀਲਿਆਂ, ਕਾਰਕੁਨ-ਅਧਾਰਿਤ ਪ੍ਰਕਾਸ਼ਨ ਅਤੇ ਵੰਡ-ਤੰਤਰ ਅਤੇ ਸਮਾਜਿਕ-ਸੱਭਿਆਚਾਰਕ-ਰਾਜਨੀਤਿਕ ਕੰਮਾਂ ਦੇ ਸਮਰਥਨ-ਅਧਾਰ ਦੇ ਅਧਾਰ 'ਤੇ ਹੀ ਪੁਸਤਕਾਂ-ਕਿਤਾਬਚਿਆਂ, ਪੱਤ੍ਰਿਕਾਵਾਂ-ਪਰਚਿਆਂ ਆਦਿ ਦੇ ਰੂਪ ਵਿੱਚ, ਰਾਹੁਲ ਫਾਊਂਡੇਸ਼ਨ-ਪਰਿਕਲਪਨਾ-ਜਨਚੇਤਨਾ ਦੇ ਸਾਂਝੇ ਯਤਨਾਂ ਨੇ ਪਿਛਲੇ ਦਸ ਸਾਲਾਂ ਦੌਰਾਨ ਅਬਾਦੀ ਦੇ ਜਿੰਨੇ ਵੱਡੇ ਹਿੱਸੇ ਤੱਕ ਇਨਕਲਾਬੀ ਸਾਹਿਤ ਦੀ ਪਹੁੰਚ ਨੂੰ ਸੰਭਵ ਬਣਾਇਆ ਹੈ, ਉਹ ਕਿਸੇ ਸਰਮਾਏਦਾਰ ਪ੍ਰਕਾਸ਼ਕ ਜਾਂ ਮੁੱਠੀ ਭਰ ਅਤਿ-ਉਤਸਾਹੀ ਵਿਦਵਾਨਾਂ ਦੇ ਕਿਸੇ ਸਾਂਝੇ ਯਤਨ ਨਾਲ ਵੀ ਨਾ ਤਾਂ ਸੰਭਵ ਹੈ ਅਤੇ ਨਾ ਹੀ ਹੋ ਸਕਦਾ ਹੈ ਅਤੇ ਇਹ ਸਥਿਤੀ ਉਦੋਂ ਹੈ ਜਦਕਿ ਇਹ ਕਿਸੇ ਲਹਿਰ ਉਭਾਰ ਦਾ ਸਮਾਂ ਨਹੀਂ ਹੈ। ਲੋਕਾਂ ਸੰਘਰਸ਼ਾਂ ਦੀਆਂ ਲਹਿਰਾਂ 'ਤੇ ਸਵਾਰ ਹੋ ਕੇ ਤਾਂ ਇਹ ਧਾਰਾ ਹੋਰ ਤੇਜੀ ਨਾਲ ਅੱਗੇ ਵੱਧਦੀ ਹੈ, ਪਰ ਖੜੋਤ ਦੇ ਸਮੇਂ ਵਿੱਚ, ਇਕਦਮ ਪ੍ਰਤੀਕੂਲ ਹਾਲਤਾਂ ਵਿੱਚ, ਅਜਿਹੇ ਵਿਚਾਰਕ-ਸੱਭਿਆਚਾਰਕ ਸਾਧਨਾਂ ਦੀ ਜ਼ਰੂਰਤ ਇੱਕ ਮਹੱਤਵਪੂਰਨ ਤਿਆਰੀ ਦੇ ਰੂਪ ਵਿੱਚ ਹੁੰਦੀ ਹੈ। ਇਸੇ ਸੋਚ ਨਾਲ਼ ਆਪਣੇ ਦੇਸ਼ ਅਤੇ ਪੂਰੀ ਦੁਨੀਆ ਦੇ ਇਨਕਲਾਬੀ ਸਾਹਿਤ ਦੀ ਇਤਿਹਾਸਿਕ ਵਿਰਾਸਤ ਨੂੰ ਪੇਸ਼ ਕਰਨ ਦੀ ਲੜੀ ਵਿੱਚ ਹੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਮਹੱਤਵਪੂਰਨ ਦਸਤਾਵੇਜ਼ਾਂ ਨੂੰ ਅਸੀਂ ਵੱਡੇ ਪੱਧਰ 'ਤੇ ਜਾਗਰੂਕ ਨਾਗਰਿਕਾਂ ਅਤੇ ਅਗਾਂਹ ਵਧੂ ਨੌਜਵਾਨਾਂ ਤੱਕ ਪਹੁੰਚਾਇਆ ਹੈ ਅਤੇ ਇਸੇ ਸੋਚ ਨਾਲ਼ ਹੁਣ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਹੁਣ ਤੱਕ ਉਪਲੱਬਧ ਸਾਰੇ ਦਸਤਾਵੇਜਾਂ ਨੂੰ ਪਹਿਲੀ ਵਾਰ ਇੱਕੋ ਸੰਗ੍ਰਹਿ ਰੂਪ ਵਿੱਚ ਪ੍ਰਕਾਸ਼ਿਤ ਕਰ ਰਹੇ ਹਾਂ।

ਇਹ ਸੰਤੋਸ਼ ਇੱਕ ਸ਼ੁਤਰਮੁਰਗੀ ਹਰਕਤ ਹੋਵੇਗੀ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਚਿੰਤਨ ਅਤੇ ਉਸਦੇ ਇਤਿਹਾਸਿਕ ਮਹੱਤਵ ਤੋਂ, ਹੁਣ ਇੰਨੇ ਸਾਰੇ ਪ੍ਰਕਾਸ਼ਨਾਂ ਤੋਂ ਬਾਅਦ ਇਸ ਦੇਸ਼ ਦੇ ਲੋਕ ਜਾਣੂ ਹੋ ਚੁੱਕੇ ਹਨ। ਹੁਣ ਵੀ ਉਚ ਸਿੱਖਿਆ ਪ੍ਰਾਪਤ ਲੋਕਾਂ, ਵਿਦਵਾਨਾਂ ਅਤੇ ਸਾਹਿਤਕਾਰਾਂ ਅਤੇ ਇਤਿਹਾਸ ਦੇ ਨੌਜਵਾਨ ਵਿਦਿਆਰਥੀਆਂ ਵਿੱਚ ਕਿੰਨੇ ਅਜਿਹੇ ਮਿਲਣਗੇ ਜੋ ਇਹ ਜਾਣਦੇ ਹਨ ਕਿ ਆਪਣੇ ਜੀਵਨ ਦੇ ਆਖਰੀ ਵਰ੍ਹਿਆਂ, ਵਿਸ਼ੇਸ਼ ਕਰਕੇ ਜੇਲ੍ਹ ਜੀਵਨ ਦੌਰਾਨ ਕੀਤੇ ਗਏ ਅਧਿਐਨ ਦੇ ਬਾਅਦ ਭਗਤ ਸਿੰਘ ਸਮਾਜਵਾਦ ਪ੍ਰਤੀ ਰੁਮਾਨੀ ਪ੍ਰਤੀਬੱਧਤਾ ਤੋਂ ਅੱਗੇ ਵੱਧਕੇ ਇੱਕ ਪੂਰਨ ਮਾਰਕਸਵਾਦੀ ਬਣ ਚੁੱਕੇ ਸਨ ? ਕਿੰਨੇ ਅਜਿਹੇ ਲੋਕ ਹਨ ਜੋ ਇਹ ਜਾਣਦੇ ਹਨ ਕਿ ਜੇਲ੍ਹ ਤੋਂ ਲਿਖੇ ਗਏ ਆਪਣੇ ਆਖਰੀ ਦਸਤਾਵੇਜਾਂ ਵਿੱਚ ਭਗਤ ਸਿੰਘ ਨੇ ਇਨਕਲਾਬ ਲਈ ਪੇਸ਼ੇਵਰ ਇਨਕਲਾਬੀਆਂ 'ਤੇ ਅਧਾਰਿਤ ਇੱਕ ਕਮਿਊਨਿਸਟ ਪਾਰਟੀ ਅਤੇ ਉਸਦੀ ਅਗਵਾਈ ਹੇਠਲੀ ਲੋਕ ਸੈਨਾ ਅਤੇ ਮਜ਼ਦੂਰਾਂ-ਕਿਸਾਨਾਂ ਦੀਆਂ ਜਨਤਕ ਜਥੇਬੰਦੀਆਂ ਬਣਾਉਣ ਦੀ ਗੱਲ ਲਿਖੀ ਸੀ, ਕਾਂਗਰਸੀ ਲੀਡਰਾਂ ਦੇ ਬੁਰਜੂਆ ਚਰਿੱਤਰ ਦਾ ਬਿਲਕੁਲ ਸਹੀ ਵਿਸ਼ਲੇਸ਼ਣ ਕੀਤਾ ਸੀ ਅਤੇ ਕਾਂਗਰਸ ਦੀ ਅਗਵਾਈ ਵਿੱਚ ਅਜ਼ਾਦੀ ਮਿਲਣ ਦੀ ਸਥਿਤੀ ਵਿੱਚ ਪੈਦਾ ਹੋਣ ਵਾਲੀਆਂ ਹਾਲਤਾਂ, ਦੀ ਪ੍ਰਤਿਭਾਸ਼ਾਲੀ ਭਵਿੱਖਬਾਣੀ ਕੀਤੀ ਸੀ ? ਬਹੁਤ ਘੱਟ ਲੋਕ ਜਾਣਦੇ ਹਨ ਕਿ ਭਗਤ ਸਿੰਘ ਆਪਣੀ ਵਿਚਾਰ ਯਾਤਰਾ ਦੇ ਆਖਰੀ ਪੜਾਅ ਤੱਕ ਇੱਕ ਕੱਟੜ ਨਾਸਤਕ ਅਤੇ ਪੂਰਨ ਦਵੰਦਾਤਮਕ ਭੌਤਿਕਵਾਦੀ ਬਣ ਚੁੱਕੇ ਸਨ। ਬਹੁਤ ਘੱਟ ਲੋਕ ਜਾਣਦੇ ਹਨ ਕਿ ਉਨ੍ਹਾਂ ਨੇ ਜੇਲ੍ਹ ਵਿੱਚ ਮਾਰਕਸ, ਏਂਗਲਜ਼ ਅਤੇ ਲੈਨਿਨ ਆਦਿ ਦੀਆਂ ਮੁੱਖ ਕਲਾਸਕੀ ਰਚਨਾਵਾਂ ਤੋਂ ਇਲਾਵਾ ਜਾਰਜ ਬਰਨਾਰਡ ਸ਼ਾਹ, ਗੋਰਕੀ, ਅਪਟਨ ਸਿੰਕਲੇਅਰ ਤੇ ਜੈਕ ਲੰਡਨ ਆਦਿ ਦੀਆਂ ਰਚਨਾਵਾਂ ਤੇ ਨਾਲ ਹੀ ਫਰਾਂਸਿਸੀ ਇਨਕਲਾਬ ਤੋਂ ਲੈ ਕੇ ਰੂਸੀ ਇਨਕਲਾਬ ਤੱਕ ਦੇ ਇਤਿਹਾਸ ਦਾ ਵਿਸਥਾਰ ਪੂਰਵਕ ਅਧਿਐਨ ਕੀਤਾ ਸੀ। ਇਸ ਅਧਿਐਨ ਸਦਕਾ ਬਣੀ ਇਤਿਹਾਸ-ਦ੍ਰਿਸ਼ਟੀ ਦੇ ਸਹਾਰੇ ਭਾਰਤ ਦੀ ਕੌਮੀ ਲਹਿਰ ਬਾਰੇ ਮਹੱਤਵਪੂਰਨ ਸਿੱਟੇ ਕੱਢੇ ਸਨ। ਹਾਲੇ ਵੀ ਬਹੁਤ ਘੱਟ ਲੋਕ ਇਹ ਜਾਣਦੇ ਹਨ ਕਿ ਭਗਤ ਸਿੰਘ ਦਾ ਉਦੇਸ਼ ਸਾਮਰਾਜਵਾਦ ਅਤੇ ਜਗੀਰਦਾਰੀ ਤੋਂ ਹੀ ਮੁਕਤੀ ਪ੍ਰਾਪਤ ਕਰਨਾ ਹੀ ਨਹੀਂ ਸੀ। ਕੌਮੀ ਜਮਹੂਰੀਅਤ ਦੇ ਸੰਘਰਸ਼ ਨੂੰ ਉਹ ਸਮਾਜਵਾਦੀ ਇਨਕਲਾਬ ਦੀ ਦਿਸ਼ਾ ਵਿੱਚ ਸਫ਼ਰ ਦਾ ਇੱਕ ਪੜਾਅ ਮੰਨਦੇ ਸਨ ਅਤੇ ਆਪਣੇ ਚਿੰਤਨ ਦੇ ਆਖਰੀ ਦੌਰ ਵਿੱਚ ਕੌਮੀ ਜਮਹੂਰੀਅਤ ਦੇ ਸੰਘਰਸ਼ ਵਿੱਚ ਵੀ ਉਹ ਮਜ਼ਦੂਰਾਂ ਕਿਸਾਨਾਂ ਦੀ ਲਾਮਬੰਦੀ ਅਤੇ ਮਜ਼ਦੂਰ ਜਮਾਤ ਦੀ ਵਿਚਾਰਧਾਰਕ-ਰਾਜਨੀਤਿਕ ਹੈਜਮਨੀ ਨੂੰ ਸੱਭ ਤੋਂ ਵੱਧ ਮਹੱਤਵ ਦੇਣ ਲੱਗੇ ਸਨ। ਕੀ ਇਹ ਬੇਹੱਦ ਜ਼ਰੂਰੀ ਨਹੀਂ ਹੈ ਕਿ ਇਨ੍ਹਾਂ ਸੱਚਾਈਆਂ ਤੋਂ ਇਸ ਦੇਸ਼ ਦੇ ਲੋਕਾਂ ਨੂੰ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਕਰੋੜਾਂ ਜਾਗਰੂਕ, ਵਿਦਰੋਹੀ, ਅਤੇ ਸੰਭਾਵਨਾ ਭਰਪੂਰ ਨੌਜਵਾਨਾਂ ਨੂੰ ਜਾਣ ਕਰਵਾਇਆ ਜਾਵੇ, ਜਿਨ੍ਹਾਂ ਦੇ ਮੋਢਿਆਂ 'ਤੇ ਭਵਿੱਖ ਨਿਰਮਾਣ ਦੀ ਔਖੀ ਇਤਿਹਾਸਕ ਜ਼ਿੰਮੇਵਾਰੀ ਹੈ ? ਜੇਕਰ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਕ ਪੱਖ ਤੋਂ ਪੜ੍ਹੇ-ਲਿਖੇ ਲੋਕਾਂ ਦੀ ਬਹੁਗਿਣਤੀ ਵੀ ਜਾਣੂ ਹੁੰਦੀ ਤਾਂ ਇਹ ਕਦੀ ਵੀ ਸੰਭਵ ਨਹੀਂ ਸੀ ਹੋਣਾ ਕਿ ਭਾਜਪਾ ਅਤੇ ਆਰ.ਐਸੱ.ਐਸੱ. ਦੇ ਧਾਰਮਿਕ ਕੱਟੜਪੰਥੀ ਫਾਸਿਸਟ ਵੀ ਉਨ੍ਹਾਂ ਨੂੰ ਆਪਣੇ ਨਾਇਕ ਦੇ ਰੂਪ ਵਿੱਚ ਪੇਸ਼ ਕਰਨ ਦੀ ਘਿਨਾਉਣੀ ਹਰਕਤ ਕਰਦੇ !

ਜਨਤਾ ਦੇ ਇਤਿਹਾਸ ਦੀ ਇਸ ਗੌਰਵਸ਼ਾਲੀ ਵਿਰਾਸਤ

ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਕੰਮ ਲੋਕ-ਮੁਕਤੀਸੰਘਰਸ਼ ਦੇ ਵਿਚਾਰਕ-ਸੱਭਿਆਚਾਰਕ ਮੋਰਚੇ 'ਤੇ ਡਟੇ ਯੋਧੇ ਹੀ ਕਰ ਸਕਦੇ ਹਨ। ਸਰਕਾਰੀ ਇਤਿਹਾਸਕਾਰਾਂ ਅਤੇ ਅਕਾਦਮਿਕ ਅਦਾਰਿਆਂ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ। ਇਸ ਸਾਲ (2006 - ਅਨੁ.) ਭਗਤ ਸਿੰਘ, ਸੁਖਦੇਵ, ਰਾਜਗੁਰੂ ਅਤੇ ਚੰਦਰ ਸ਼ੇਖਰ ਅਜ਼ਾਦ ਦੀ ਸ਼ਹਾਦਤ ਦੇ ਪਚੱਤਰ ਸਾਲ ਪੂਰੇ ਹੋ ਰਹੇ ਹਨ। 2007-08 ਭਗਤ ਸਿੰਘ ਦਾ ਜਨਮ-ਸ਼ਤਾਬਦੀ ਵਰ੍ਹਾ ਹੋਵੇਗਾ। ਇਨ੍ਹਾਂ ਤਿੰਨ ਸਾਲਾਂ ਦੌਰਾਨ ਦੇਸ਼ ਦੀਆਂ ਕੁਝ ਨੌਜਵਾਨ ਵਿਦਿਆਰਥੀ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਸੱਭਿਆਚਾਰਕ ਕਾਮਿਆਂ ਨੇ ਦੇਸ਼-ਭਰ ਵਿਚ **'ਇਨਕਲਾਬੀ ਸੰਕਲਪ ਯਾਤਰਾ'** ਕੱਢਕੇ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਦੇ ਵਿਚਾਰਾਂ ਅਤੇ ਉਨ੍ਹਾਂ ਦੀ ਪ੍ਰਸੰਗਿਕਤਾ ਤੋਂ ਦੇਸ਼ ਦੇ ਜਨ-ਜਨ ਨੂੰ ਜਾਣੂ ਕਰਾਉਣ ਦਾ, ਭਗਤ ਸਿੰਘ ਦੇ ਲੋਕ ਮੁਕਤੀ ਦੇ ਸੰਕਲਪ ਨੂੰ ਸਕਾਰ ਕਰਨ ਦਾ ਅਤੇ ਉਨ੍ਹਾਂ ਦੀ ਯਾਦ ਤੋਂ ਪ੍ਰੇਰਣਾ ਤੇ ਵਿਚਾਰਾਂ ਤੋਂ ਦਿਸ਼ਾ ਲੈ ਕੇ ਸਮਾਜਵਾਦੀ ਇਨਕਲਾਬ ਦਾ ਸੰਦੇਸ਼ ਪੂਰੇ ਦੇਸ਼ 'ਚ ਫੈਲਾਉਣ ਦਾ ਸੰਕਲਪ ਲਿਆ ਹੈ।

ਹੁਣ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਸਾਰੀਆਂ ਲਿਖਤਾਂ ਸਾਹਮਣੇ ਆ ਚੁੱਕੀਆਂ ਹਨ। ਘਰ ਤੋਂ ਭੱਜਕੇ ਕਾਨਪੁਰ ਆਉਣ ਅਤੇ ਪੱਤਰਕਾਰ ਦੇ ਰੂਪ ਵਿਚ 'ਪ੍ਰਤਾਪ' ਵਿੱਚ ਕੰਮ ਕਰਨ ਸਮੇਂ ਤੋਂ ਲੈ ਕੇ ਜੇਲ੍ਹ ਜਾਣ ਦੇ ਸਮੇਂ ਤੱਕ 'ਪ੍ਰਤਾਪ' (ਕਾਨ੍ਹਪੁਰ), 'ਮਹਾਂਰਥੀ' ਦਿੱਲੀ, 'ਚਾਂਦ'(ਇਲਾਹਾਬਾਦ), 'ਅਰਜੁਨ' ਦਿੱਲੀ ਅਤੇ ਮਤਵਾਲਾ ਆਦਿ ਕਈ ਹਿੰਦੀ ਪੱਤ੍ਰਿਕਾਵਾਂ ਵਿੱਚ ਭਗਤ ਸਿੰਘ ਕਈ ਫਰਜ਼ੀ ਨਾਂਵਾਂ ਨਾਲ ਲਿਖਿਆ ਕਰਦੇ ਸੀ। 'ਕਿਰਤੀ' ਵਿੱਚ ਉਹ 'ਵਿਦਰੋਹੀ' ਉਪਨਾਮ ਨਾਲ਼ ਲਿਖਿਆ ਕਰਦੇ ਸੀ ਅਤੇ ਕਈ ਸੰਪਾਦਕੀ ਲੇਖ ਵੀ ਉਨ੍ਹਾਂ ਨੇ ਹੀ ਲਿਖੇ ਸਨ। ਉਰਦੂ ਵਿੱਚ ਵੀ ਉਹ ਚੰਗਾ ਲਿਖ ਲੈਂਦੇ ਸਨ। ਇਸ ਵਿੱਚੋਂ ਜੋ ਕੁਝ ਵੀ ਹੁਣ ਤੱਕ ਲੱਭਿਆ ਜਾ ਸਕਿਆ ਹੈ, ਉਸਤੋਂ ਇਲਾਵਾ ਵੀ ਕਾਫੀ ਕੁਝ ਅਜੇ ਵੀ ਬਚੇ ਹੋਣ ਦੀ ਸੰਭਾਵਨਾ ਹੈ ਕਿਉਂਕਿ ਹਿੰਦੀ, ਪੰਜਾਬੀ, ਉਰਦੂ ਪੱਤ੍ਰਿਕਾਵਾਂ ਦਾ ਇਤਿਹਾਸ-ਲੇਖਨ ਦੇ ਸ੍ਰੋਤ ਦੇ ਰੂਪ ਵਿੱਚ ਪ੍ਰਯੋਗ ਕਰਨ ਦੀ ਦਿਸ਼ਾ ਵਿੱਚ ਹਾਲੇ ਵੀ ਨਾ-ਮਾਤਰ ਹੀ ਕੰਮ ਹੋਇਆ ਹੈ। ਕੌਮੀ ਅਭਿਲੇਖਾਗਾਰ ਦੇ ਪ੍ਰਤਿਬੰਧਿਤ ਸਾਹਿਤ ਦੇ ਵਿਭਾਗ ਅਤੇ ਸਰਕਾਰੀ ਦਸਤਾਵੇਜ਼ਾਂ ਨੂੰ ਵੀ ਵਿਵਸਥਿਤ ਢੰਗ ਨਾਲ਼ ਜਾਂਚਣ ਦਾ ਕੰਮ ਵੀ ਹਾਲੇ ਪੂਰਾ ਨਹੀਂ ਹੋ ਸਕਿਆ ਹੈ। ਬ੍ਰਿਟਿਸ਼ ਅਭਿਲੇਖਾਗਾਰ ਅਤੇ ਇੰਡੀਆ ਆਫਿਸ ਲਾਇਬ੍ਰੇਰੀ ਅਤੇ ਪਾਕਿਸਤਾਨ ਦੇ ਅਭਿਲੇਖਾਗਾਰ ਨੂੰ ਵੀ ਹਾਲੇ ਪੂਰੀ ਤਰਾਂ ਨਾਲ਼ ਜਾਂਚਿਆ ਨਹੀਂ ਗਿਆ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਲੇਖਾਂ-ਚਿੱਠੀਆਂ ਦੀ ਜਾਂਚ-ਪੜਤਾਲ ਜਦੋਂ ਕੁਝ ਗੰਭੀਰ ਰੂਪ ਵਿੱਚ ਸ਼ੁਰੂ ਹੋਈ ਤਦ ਤੱਕ ਉਸ ਯੁੱਗ ਦੇ ਜ਼ਿਆਦਾਤਰ ਸੰਪਾਦਕ, ਪ੍ਰਕਾਸ਼ਕ ਅਤੇ ਜਿਉਂਦੇ ਹੀ ਨਹੀਂ ਬਚੇ ਸਨ।

'ਮੈਂ ਨਾਸਤਕ ਕਿਉਂ ਹਾਂ ?' ਵਰਗੇ ਕਈ ਮਹੱਤਵਪੂਰਨ ਲੇਖ ਅਤੇ ਜੇਲ੍ਹ ਡਾਇਰੀ ਦਾ ਜਿਸ ਤਰ੍ਹਾਂ ਅਠਵੇਂ-ਨੌਵੇਂ ਦਹਾਕੇ ਵਿੱਚ ਪਤਾ ਲੱਗਾ, ਉਸਨੂੰ ਦੇਖਦੇ ਹੋਏ ਹੁਣ ਵੀ ਕੁਝ ਸਮੱਗਰੀ ਇੱਥੇ-ਉੱਥੇ ਪਈ ਹੋਣ ਬਾਰੇ ਮੰਨਣ ਦੇ ਬਹੁਤੇ ਪ੍ਰਮਾਣ ਮੌਜੂਦ ਹਨ। ਇਸੇ ਲਈ ਇਸ ਸੰਗ੍ਰਹਿ ਨੂੰ ਅਸੀਂ 'ਸੰਪੂਰਨ ਦਸਤਾਵੇਜ਼' ਦੀ ਜਗ੍ਹਾ 'ਸੰਪੂਰਣ ਉਪਲੱਭਧ ਦਸਤਾਵੇਜ਼' ਨਾਮ ਦਿੱਤਾ ਹੈ।

ਸ਼ਿਵ ਵਰਮਾ ਅਤੇ ਭਗਤ ਸਿੰਘ ਦੇ ਕਈ ਸਾਥੀਆਂ ਅਤੇ ਕਈ ਇਤਿਹਾਸਕਾਰਾਂ ਦੁਆਰਾ ਦਰਸਾਏ ਇਸ ਤੱਥ ਦੀ ਚਰਚਾ ਵੀ ਇੱਥੇ ਜ਼ਰੂਰੀ ਹੋ ਜਾਂਦੀ ਹੈ ਕਿ ਭਗਤ ਸਿੰਘ ਨੇ ਜੇਲ੍ਹ ਵਿੱਚ ਲਗਾਤਾਰ ਅਧਿਐਨ ਕਰਨ, ਮੁਕੱਦਮੇ ਦੀ ਕਾਰਵਾਈ ਵਿੱਚ ਹਿੱਸਾ ਲੈਣ, ਚਿੱਠੀਆਂ, ਸੰਦੇਸ਼ਾਂ ਅਤੇ ਹੋਰ ਕਈ ਦਸਤਾਵੇਜ਼ ਲਿਖਣ ਤੋਂ ਇਲਾਵਾ ਵੀ ਚਾਰ ਕਿਤਾਬਾਂ ਲਿਖੀਆਂ ਸਨ: 1) 'ਆਤਮਕਥਾ', 2) 'ਸਮਾਜਵਾਦ ਦਾ ਆਦਰਸ਼', 3) 'ਭਾਰਤ ਵਿੱਚ ਇਨਕਲਾਬੀ ਲਹਿਰ' ਅਤੇ 4) ਮੌਤ ਦੇ ਬੂਹੇ 'ਤੇ। ਇਨ੍ਹਾਂ ਚਾਰ ਕਿਤਾਬਾਂ ਦੀਆਂ ਪਾਂਡੂਲਿਪਿਆਂ ਦੇ ਗਾਇਬ ਹੋਣ ਦੀਆਂ ਕਈ ਰਹੱਸਮਈ ਕਥਾਵਾਂ ਪ੍ਰਚਲਿਤ ਰਹੀਆਂ ਹਨ ਅਤੇ ਮੰਨਿਆ ਇਹੀ ਜਾਂਦਾ ਹੈ ਕਿ ਇਹ ਨਸ਼ਟ ਹੋ ਚੁੱਕੀਆਂ ਹਨ। ਪਰ ਇਸ ਗੱਲ ਤੋਂ ਹਾਲੇ ਵੀ ਪੂਰੀ ਤਰਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇਲ੍ਹ ਡਾਇਰੀ ਵਾਂਗ ਕਿਸੇ ਦੇ ਨਿੱਜੀ ਸੰਗ੍ਰਹਿ 'ਚੋਂ ਜਾਂ ਕਿਸੇ ਅਭਿਲੇਖਾਗਾਰ 'ਚੋਂ ਅਚਾਨਕ ਇਹ ਪਾਂਡੂਲਿਪੀਆਂ ਵੀ ਪ੍ਰਾਪਤ ਹੋ ਜਾਣ। 'ਭਗਤ ਸਿੰਘ ਦੇ ਸੰਪੂਰਣ ਦਸਤਾਵੇਜ਼' (2004) ਦੇ ਆਪਣੇ ਸੰਪਾਦਕੀ ਨਿਬੰਧ ਵਿੱਚ ਚਮਨਲਾਲ ਨੇ ਬਿਨਾਂ ਕਿਸੇ ਤੱਥ ਤੋਂ ਅਤੇ ਬੇਹੱਦ ਲੱਚਰ ਤਰਕ ਦੇ ਅਧਾਰ 'ਤੇ ਇੱਕ ਅਨੋਖੀ ਅਟਕਲ ਪੇਸ਼ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਇਨਾਂ ਚਾਰ ਪਾਂਡੂਲਿਪੀਆਂ ਦੀ ਕੋਈ ਹੋਂਦ ਹੀ ਨਾ ਹੋਵੇ। ਉਹ ਅਨੁਮਾਨ ਲਗਾਉਂਦੇ ਹਨ ਕਿ 'ਆਤਮਕਥਾ' ਅਤੇ 'ਮੌਤ ਦੇ ਬੂਹੇ 'ਤੇ' ਦੀਆਂ ਪਾਂਡੂਲਿਪੀਆਂ ਡਾਨ ਬ੍ਰੀਨ ਦੀ ਆਤਮਕਥਾ ਦਾ ਹੀ ਹਿੱਸਾ ਹੋ ਸਕਦੀਆਂ ਹਨ। 'ਭਾਰਤ ਵਿੱਚ ਇਨਕਲਾਬੀ ਲਹਿਰ ਦਾ ਇਤਿਹਾਸ' ਉਨ੍ਹਾਂ ਅਨੁਸਾਰ ਜੇਲ੍ਹ ਵਿੱਚ ਰਹਿੰਦੇ ਹੋਏ ਲਿਖ ਪਾਉਣਾ ਅਸੰਭਵ ਹੀ ਸੀ। ਨਾਲ਼ ਹੀ ਉਹ ਇਹ ਵੀ ਕਹਿੰਦੇ ਹਨ ਕਿ ਜੇਲ ਸਮੇਂ ਦੇ ਦੋ ਸਾਲਾਂ ਵਿੱਚ ਚਾਰ ਕਿਤਾਬਾਂ ਲਿਖਣਾ ਤਰਕਸੰਗਤ ਹੀ ਨਹੀਂ ਲੱਗਦਾ। ਇਹ ਅਨੁਮਾਲ ਅਜੀਬ ਹੀ ਨਹੀਂ, ਬਚਕਾਨਾ ਤੇ ਗੈਰ-ਜ਼ਿੰਮੇਵਾਰਾਨਾਂ ਵੀ ਹੈ, ਜਿਸਦੀ ਆਸ ਘੱਟ ਤੋਂ ਘੱਟ ਇਤਿਹਾਸਿਕ ਦਸਤਾਵੇਜ਼ਾਂ ਦੇ ਸੰਪਾਦਕ ਤੋਂ ਨਹੀਂ ਕੀਤੀ ਜਾ ਸਕਦੀ। ਪਹਿਲੀ ਗੱਲ ਤਾਂ ਇਹ ਕਿ ਭਗਤ ਸਿੰਘ ਨੂੰ ਜਦ 12 ਸਿਤੰਬਰ 1929 ਵਿੱਚ ਲਿਖਣ ਲਈ ਨੋਟਬੁੱਕ ਅਤੇ ਪੜ੍ਹਨ ਲਈ ਕਿਤਾਬਾਂ ਦੀ ਸਹੂਲਤ ਮਿਲਣ ਲੱਗੀ ਸੀ, ਤਾਂ ਭਲਾ ਇਹ ਸੰਭਵ ਕਿਉਂ ਨਹੀਂ ਹੈ ਕਿ ਉਹ ਜੇਲ੍ਹ ਵਿੱਚ ਰਹਿ ਕੇ ਭਾਰਤ ਦੀ ਇਨਕਲਾਬੀ ਲਹਿਰ ਦਾ ਇਤਿਹਾਸ ਲਿਖ ਸਕਣ ? ਜਦਕਿ ਸੰਭਾਵਨਾ ਤਾਂ ਇਸ ਗੱਲ ਦੀ ਵਧੇਰੇ ਹੈ ਕਿ ਹਥਿਆਰਬੰਦ ਇਨਕਲਾਬ ਦੀ ਮੱਧਵਰਗੀ ਸੋਚ ਤੋਂ ਅੱਗੇ ਕਿਸਾਨਾਂ-ਮਜ਼ਦੂਰਾਂ ਦੀਆਂ ਜਨਤਕ ਜਥੇਬੰਦੀਆਂ ਬਣਾਉਣ ਅਤੇ ਨਾਲ਼ ਹੀ ਗੁਪਤ ਇਨਕਲਾਬੀ ਪਾਰਟੀ ਬਣਾਉਣ ਦੀ ਮਾਰਕਸਵਾਦੀ ਧਾਰਨਾ ਤੱਕ ਪਹੁੰਚਣ ਤੋਂ ਬਾਅਦ ਸਾਰ ਰੂਪ ਵਿੱਚ ਭਾਰਤੀ ਇਨਕਲਾਬੀ ਲਹਿਰ ਦਾ ਇਤਿਹਾਸ ਲਿਖਣ ਦਾ ਵਿਚਾਰ

ਭਗਤ ਸਿੰਘ ਦੇ ਦਿਮਾਗ ਵਿੱਚ ਆਇਆ ਹੋਵੇ। ਜਿੱਥੋਂ ਤੱਕ ਦੋ ਸਾਲਾਂ ਦੇ ਜੇਲ੍ਹ ਜੀਵਨ ਵਿੱਚ ਚਾਰ ਕਿਤਾਬਾਂ ਲਿਖਣ ਨੂੰ ਅਸੰਭਵ ਮੰਨਣ ਦਾ ਤਰਕ ਹੈ, ਇਹ ਤਾਂ ਹੋਰ ਵੀ ਹਸਾਉਣੀ ਗੱਲ ਹੈ। ਚਮਨ ਲਾਲ ਨੂੰ ਸਾਈਬੇਰੀਆ ਪ੍ਰਵਾਸ 'ਤੇ ਗਏ ਲੇਖਕਾਂ-ਇਨਕਲਾਬੀਆਂ ਤੋਂ ਲੈ ਕੇ ਪੂਰੀ ਦੁਨੀਆ ਦੇ ਅਜਿਹੇ ਦਰਜਨਾਂ ਉਦਾਹਰਣ ਦਿੱਤੇ ਜਾ ਸਕਦੇ ਹਨ, ਜੋ ਕਿ ਕਈ ਪ੍ਰਤਿਭਾਸ਼ਾਲੀ ਅਤੇ ਉਦੇਸ਼ ਦੇ ਪ੍ਰਤੀ ਇਕਾਗਰ ਵਿਅਕਤੀਆਂ ਨੇ ਚਾਰ ਨਹੀਂ ਸਗੋਂ ਦਰਜਨਾਂ ਜਿਲਦਾਂ ਵਿੱਚ ਆਉਣ ਵਾਲੀ ਗੰਭੀਰ ਅਤੇ ਵਿਭਿੰਨ ਪ੍ਰਕਾਰ ਦੀ ਸਮੱਗਰੀ ਲਿਖੀ। ਭਗਤ ਸਿੰਘ ਵਰਗੇ ਪ੍ਰਤਿਭਾਸ਼ਾਲੀ ਨੌਜਵਾਨ ਲਈ ਵੀ ਇਹ ਅਸੰਭਵ ਨਹੀਂ ਸੀ। ਖਾਸ ਤੌਰ 'ਤੇ ਤਦ ਜਦੋਂ ਜੇਲ ਜੀਵਨ ਦੇ ਅਧਿਐਨ ਅਤੇ ਤਜਰਬੇ ਦੇ ਵਿਸ਼ਲੇਸ਼ਣ ਅਤੇ ਨਿਚੋੜ ਦੇ ਰਾਹੀਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਤੈਅ ਹੋ ਚੁੱਕਾ ਸੀ, ਮੁਕਤੀ ਦੇ ਰਾਹ ਬਾਰੇ ਵਿਚਾਰ ਨਿਸ਼ਚਿਤ ਰੂਪ ਧਾਰਨ ਕਰਨ ਲੱਗੇ ਸਨ ਅਤੇ ਉਹ ਜਾਣਦੇ ਸਨ ਕਿ ਉਨ੍ਹਾਂ ਕੋਲ ਸਮਾਂ ਬਹੁਤ ਘੱਟ ਹੈ। ਭਗਤ ਸਿੰਘ ਦੀ ਜੇਲ ਡਾਇਰੀ ਤੋਂ ਉਨਾਂ ਦੇ ਗੰਭੀਰ ਅਧਿਐਨ ਦਾ ਅਨੁਭਵ ਹੁੰਦਾ ਹੈ, ਉਸਨੂੰ ਦੇਖਦੇ ਹੋਏ ਵੀ ਚਾਰ ਕਿਤਾਬਾਂ ਲਿਖਣਾ ਅਚੰਭਾ ਨਹੀਂ ਸਗੋਂ ਇਸਦੇ ਵਿਰੁੱਧ ਬਿਲਕੁਲ ਸੁਭਾਵਿਕ ਲੱਗਦਾ ਹੈ। ਇਸ ਤਰ੍ਹਾਂ ਦੇ ਅਨੁਮਾਨਾਂ ਦੀ ਜਗ੍ਹਾ ਬਿਹਤਰ ਇਹੀ ਹੋਵੇਗਾ ਕਿ ਅਸੀਂ ਉਨ੍ਹਾਂ ਤੱਥਾਂ 'ਤੇ ਭਰੋਸਾ ਕਰੀਏ ਜੋ ਸ਼ਿਵ ਵਰਮਾ ਅਤੇ ਕੁਝ ਹੋਰ ਸਾਥੀਆਂ ਨੇ ਇਸੇ ਪ੍ਰਸੰਗ ਵਿੱਚ ਬਿਆਨ ਕੀਤੇ ਹਨ। ਇਸੇ ਸੋਚ ਕਾਰਨ ਅਸੀਂ ਇਹ ਨਹੀਂ ਮੰਨਦੇ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਜੋ ਦਸਤਾਵੇਜ਼ ਹੁਣ ਤੱਕ ਉਪਲੱਬਧ ਹੋ ਚੁੱਕੇ ਹਨ, ਉਨਾਂ ਤੋਂ ਇਲਾਵਾ ਹੋਰ ਕੁਝ ਨਹੀਂ ਰਹਿ ਗਿਆ ਹੋਵੇਗਾ। ਅਸੀਂ ਮੰਨਦੇ ਹਾਂ ਕਿ ਇਸ ਦਿਸ਼ਾ ਵਿੱਚ ਖੋਜ ਕਾਰਜ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ।

ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਕ ਪੱਖ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਸੰਕਲਪ ਕੇਵਲ ਭਾਵੁਕਤਾ ਜਾਂ ਇਨਕਲਾਬੀ ਪ੍ਰੰਪਰਾ ਪ੍ਰਤੀ ਸ਼ਰਧਾ ਦੇ ਕਾਰਨ ਤਾਂ ਬਿਲਕੁਲ ਪੈਦਾ ਨਹੀਂ ਹੋਇਆ। ਇਸਦਾ ਉਦੇਸ਼ ਇਤਿਹਾਸ ਦੀ ਅਗਿਆਤ ਅਰਧ-ਗਿਆਤ ਜਾਂ ਭੁੱਲ ਚੁੱਕੀ ਪ੍ਰੰਪਰਾ ਅਤੇ ਵਿਚਾਰਕ ਵਿਰਾਸਤ ਨੂੰ ਕੇਵਲ ਸਾਹਮਣੇ ਲਿਆਉਣਾ ਹੀ ਵੀ ਨਹੀਂ ਹੈ। ਇਹ ਕੌਮੀ ਮੁਕਤੀ ਸੰਘਰਸ਼ ਦੇ ਉਸ ਨਜ਼ਦੀਕੀ ਅਤੀਤ ਦੀ ਵਿਰਾਸਤ ਹੈ, ਜਿਸਦੀ ਕੁੱਖ 'ਚੋਂ ਬਾਹਰ ਆ ਕੇ ਅੱਜ ਦੇ ਭਾਰਤ ਦਾ ਵਿਕਾਸ ਹੋਇਆ।

ਭਗਤ ਸਿੰਘ ਨੇ ਆਪਣੇ ਸਮੇਂ ਕੌਮੀ ਲਹਿਰ ਬਾਰੇ ਜੋ ਅਲੋਚਨਾਤਮਕ ਅਤੇ ਸਾਰ ਰੂਪ ਵਿੱਚ ਜੋ ਟਿੱਪਣੀਆਂ ਕੀਤੀਆਂ ਸਨ, ਆਪਣੇ ਸਮੇਂ ਦੇ ਧਰਾਤਲ 'ਤੇ ਖੜ੍ਹੇ ਹੋ ਉਨ੍ਹਾਂ ਭਵਿੱਖ ਦੀਆਂ ਸੰਭਵਨਾਵਾਂ ਬਾਰੇ ਜੋ ਅਨੁਮਾਨ ਪੇਸ਼ ਕੀਤੇ ਸੀ, ਕਾਂਗਰਸੀ ਲੀਡਰਸ਼ਿਪ ਦਾ ਉਹਨਾਂ ਨੇ ਜੋ ਜਮਾਤੀ ਵਿਸ਼ਲੇਸ਼ਣ ਕੀਤਾ ਸੀ, ਦੇਸ਼ ਦੀ ਕਿਰਤੀ ਜਨਤਾ ਸਾਹਮਣੇ, ਵਿਦਿਆਰਥੀ-ਨੌਜਵਾਨਾਂ ਸਾਹਮਣੇ ਅਤੇ ਆਪਣੇ ਸਾਥੀ ਇਨਕਲਾਬੀਆਂ ਦੇ ਸਾਹਮਣੇ ਇਨਕਲਾਬ ਦੀ ਤਿਆਰੀ ਅਤੇ ਢੰਗ ਦੀ ਉਹਨਾਂ ਨੇ ਜੋ ਨਵੀਂ ਯੋਜਨਾ ਪੇਸ਼ ਕੀਤੀ ਸੀ, ਉਸਦਾ ਅੱਜ ਦੇ ਇਸ ਮੁਸ਼ਕਿਲ ਦੌਰ ਵਿੱਚ ਬਹੁਤ ਮਹੱਤਵ ਹੈ ਜਦੋਂ ਪੂਰਾ ਦੇਸ਼ ਦੇਸ਼ੀ-ਵਿਦੇਸ਼ੀ ਪੂੰਜੀ ਦੀ ਬੇਰੋਕ ਲੁੱਟ ਅਤੇ ਤਾਨਾਸ਼ਾਹੀ ਦਬਾਅ ਹੇਠ ਦੱਬਿਆ ਜਾ ਰਿਹਾ ਹੈ, ਜਦੋਂ ਕਿਰਤ ਅਤੇ ਪੂੰਜੀ ਦਾ ਧਰੁਵੀਕਰਨ ਵਧੇਰੇ ਤੋਂ ਵਧੇਰੇ ਤਿੱਖਾ ਹੁੰਦਾ ਜਾਂਦਾ ਹੈ, ਜਦੋਂ ਸਾਮਰਾਜਵਾਦ ਦੇ ਵਿਰੁੱਧ ਨਿਰਣਾਇਕ ਸੰਘਰਸ਼ (ਜਿਸਦੀ ਭਗਤ ਸਿੰਘ ਨੇ ਭਵਿੱਖਬਾਣੀ ਕੀਤੀ ਸੀ) ਸੰਸਾਰ ਪੱਧਰ 'ਤੇ ਵੱਧ ਤੋਂ ਵੱਧ ਜ਼ਰੂਰੀ ਹੁੰਦਾ ਜਾ ਰਿਹਾ ਹੈ, ਜਦੋਂ ਕਾਂਗਰਸ ਹੀ ਨਹੀਂ ਸਾਰੀਆਂ ਸੰਸਦੀ ਪਾਰਟੀਆਂ ਅਤੇ ਨਕਲੀ ਖੱਬੇਪੱਖੀਆਂ ਦਾ ਚਿਹਰਾ ਅਤੇ ਸਾਰੀ ਸੱਤਾ ਦਾ ਚਰਿੱਤਰ ਇੱਕਦਮ ਨੰਗਾ ਹੋ ਚੁੱਕਾ ਹੈ, ਜਦੋਂ ਭਗਤ ਸਿੰਘ ਦੀਆਂ ਸ਼ੰਕਾਵਾਂ ਇਕਦਮ ਸਹੀ ਸਿੱਧ ਹੋ ਚੁੱਕੀਆਂ ਹਨ ਅਤੇ ਜਦੋਂ ਦੇਸੀ ਪੂੰਜੀਵਾਦ ਦੇ ਵਿਰੁੱਧ ਇੱਕ ਨਵੇਂ ਇਨਕਲਾਬ ਦੇ ਔਖੇ ਕਾਰਜ ਵਿੱਚ ਨਵੇਂ ਸਿਰੇ ਤੋਂ ਡਟ ਜਾਣ ਦਾ ਸਮਾਂ ਆ ਚੁੱਕਾ ਹੈ।

ਭਗਤ ਸਿੰਘ ਦੇ ਸਮੇਂ ਦੇ ਭਾਰਤ ਤੋਂ ਅੱਜ ਤੱਕ ਦਾ ਭਾਰਤ ਕਾਫ਼ੀ ਬਦਲ ਚੁੱਕਾ ਹੈ। ਉਤਪਾਦਨ ਪ੍ਰਣਾਲੀ ਤੋਂ ਲੈ ਕੇ ਰਾਜਨੀਤਿਕ ਢਾਂਚੇ, ਸਮਾਜਿਕ ਸਬੰਧ ਅਤੇ ਸੱਭਿਆਚਾਰ ਤੱਕ ਕਾਫ਼ੀ ਕੁਝ ਬਦਲ ਚੁੱਕਾ ਹੈ। ਸਾਮਰਾਜਵਾਦੀ ਲੁੱਟ ਅੱਜ ਵੀ ਮੌਜੂਦ ਹੈ, ਪਰ ਪ੍ਰਤੱਖ ਬਸਤੀਵਾਦੀ ਸ਼ਾਸਨ ਦੇ ਦੌਰ ਦਾ ਰੂਪ ਅੱਜ ਕਾਫੀ ਬਦਲ ਚੁੱਕਾ ਹੈ। ਜਮਾਤੀ ਘੋਲ਼, ਪਿਛਲੇ ਮਜ਼ਦੂਰ ਇਨਕਲਾਬਾਂ ਅਤੇ ਕੌਮੀ ਅਜ਼ਾਦੀ ਦੇ ਯੁੱਧਾਂ ਦੇ ਦਬਾਅ ਦੇ ਕਾਰਨ ਅਤੇ ਆਪਣੇ ਅੰਦਰੂਨੀ ਦਬਾਵਾਂ ਦੇ ਸਿੱਟੇ ਵਜੋਂ ਸਾਮਰਾਜਵਾਦ ਦੇ ਤੌਰ-ਤਰੀਕਿਆਂ ਵਿੱਚ ਬਹੁਤ ਬਦਲਾਅ ਆਇਆ ਹੈ। ਕੌਮੀ ਬਸਤੀਵਾਦੀ ਸਵਾਲ ਅੱਜ ਹੱਲ ਹੋ ਚੁੱਕਾ ਹੈ ਅਤੇ ਕੌਮੀ ਮੁਕਤੀ ਜੰਗਾਂ ਵਿੱਚ ਕਿਤੇ ਸ਼ਾਮਲ ਅਤੇ ਕਿਤੇ ਆਗੂ ਭੂਮਿਕਾ ਨਿਭਾਉਣ ਵਾਲਾ, ਸਾਬਕਾ ਬਸਤੀਆਂ ਦੀ ਬੁਰਜੂਆ ਜਮਾਤ ਅੱਜ ਪੂਰੀ ਤਰਾਂ ਨਾਲ਼ ਰੂਪ ਬਦਲ ਕੇ ਸਾਮਰਾਜਵਾਦੀਆਂ ਦੀ 'ਜੂਨੀਅਰ ਪਾਰਟਨਰ' ਬਣ ਚੁੱਕੀ ਹੈ। ਪਿੰਡਾਂ ਵਿੱਚ ਵੀ, ਬੁਰਜੂਆ ਭੂਮੀ ਸੁਧਾਰਾਂ ਦੀ ਲੜੀਵਾਰ ਪ੍ਰਕਿਰਿਆ ਨੇ ਭੂਮੀ ਸਬੰਧਾਂ ਨੂੰ ਮੁੱਢੋਂ ਹੀ ਬਦਲ ਦਿੱਤਾ ਹੈ ਅਤੇ ਨਵੇਂ ਪੂੰਜੀਵਾਦੀ ਸਬੰਧਾਂ ਅਧੀਨ, ਪੂੰਜੀਵਾਦੀ ਭੂਮੀਪਤੀ ਬਣ ਚੁੱਕੇ ਸਾਬਕਾ ਜਗੀਰਦਾਰ ਅਤੇ ਪੂੰਜੀਵਾਦੀ ਕਿਸਾਨ ਬਣ ਚੁੱਕੇ ਸਾਬਕਾ ਅਮੀਰ ਕਾਸ਼ਤਕਾਰ ਅੱਜ ਪਿੰਡਾਂ ਦੇ ਮਜ਼ਦੂਰਾਂ ਅਤੇ ਛੋਟੇ-ਦਰਮਿਆਨੇ ਕਿਸਾਨਾਂ ਦੀ ਲੁੱਟ ਦੀ ਭੂਮਿਕਾ ਨਿਭਾਉਂਦੇ ਹਨ। ਦਰਮਿਆਨੇ ਕਿਸਾਨਾਂ ਦੀ ਭੂਮੀਕਾ ਉਸੇ ਤਰਾਂ ਦੋਹਰੀ ਹੈ ਜਿਵੇਂ ਸ਼ਹਿਰਾਂ ਵਿੱਚ ਅੱਜ ਮੱਧਵਰਗ ਦੀ ਭੂਮੀਕਾ ਦੋਹਰੀ ਬਣ ਚੁੱਕੀ ਹੈ- ਯਾਣੀ ਇਸਦੀ ਉਪਰਲੀ ਪਰਤ ਹਾਕਮਾਂ ਨਾਲ਼ ਜੁੜੀ ਹੋਈ ਹੈ ਜਦ ਕਿ ਹੇਠਲੀ ਪਰਤ ਕਿਰਤੀਆਂ ਦੇ ਨੇੜੇ ਆ ਰਹੀ ਹੈ। ਨਾਲ ਹੀ ਪਿੰਡਾਂ ਦੇ ਗਰੀਬਾਂ ਨੂੰ ਲੁੱਟਣ ਵਿੱਚ ਦੇਸੀ-ਵਿਦੇਸ਼ੀ ਵਿੱਤੀ ਅਤੇ ਉਦਯੋਗਿਕ ਪੂੰਜੀ ਦੀ ਪ੍ਰਤੱਖ ਭੂਮਿਕਾ ਬਣ ਰਹੀ ਹੈ। ਸਾਰ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਰਗੇ ਸਾਬਕਾ ਬਸਤੀਵਾਦੀ ਦੇਸ਼ ਅੱਜ ਪਿਛੜੇ ਹੋਏ ਪੂੰਜੀਵਾਦੀ ਦੇਸ਼ ਬਣ ਚੁੱਕੇ ਹਨ। ਹੁਣ ਇਨ੍ਹਾਂ ਦੇਸ਼ਾਂ ਦੇ ਇਤਿਹਾਸ ਦੇ ਏਜੰਡੇ 'ਤੇ ਕੌਮੀ ਮੁਕਤੀ ਸੰਘਰਸ਼ ਨਹੀਂ ਸਗੋਂ ਸਮਾਜਵਾਦ ਲਈ ਸੰਘਰਸ਼ ਹੈ।

ਪਰ ਇਨ੍ਹਾਂ ਮਹੱਤਵਪੂਰਨ ਤਬਦੀਲੀਆਂ ਦੇ ਬਾਵਜੂਦ, ਸਾਮਰਾਜਵਾਦ ਦੇ ਵਿਰੁੱਧ ਯੁੱਧ ਹਾਲੇ ਵੀ ਜਾਰੀ ਹੈ। ਜਿਵੇਂ ਕਿ ਫਾਂਸੀ ਤੋਂ ਤਿੰਨ ਦਿਨ ਪਹਿਲਾਂ ਪੰਜਾਬ ਦੇ ਗਵਰਨਰ ਨੂੰ ਫਾਂਸੀ ਦੀ ਜਗ੍ਹਾ ਗੋਲੀ ਨਾਲ ਉਡਾਏ ਜਾਣ ਦੀ ਮੰਗ ਕਰਦੇ ਹੋਏ ਲਿਖੇ ਆਪਣੇ ਪੱਤਰ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਲਿਖਿਆ ਸੀ: "ਇਹ ਯੁੱਧ ਤਦ ਤੱਕ ਚਲਦਾ ਰਹੇਗਾ ਜਦ ਤੱਕ ਕਿ ਸ਼ਕਤੀਸ਼ਾਲੀ ਵਿਅਕਤੀ ਭਾਰਤੀ ਜਨਤਾ ਅਤੇ ਮਜ਼ਦੂਰਾਂ ਦੀ ਆਮਦਨ ਦੇ ਸਾਧਨਾਂ 'ਤੇ ਆਪਣੀ ਇਜਾਰੇਦਾਰੀ ਸਥਾਪਤ ਰੱਖਣਗੇ। ਚਾਹੇ ਅਜਿਹੇ ਵਿਅਕਤੀ ਅੰਗਰੇਜ਼ ਪੂੰਜੀਪਤੀ, ਅੰਗਰੇਜ਼ ਸ਼ਾਸਕ ਜਾਂ ਫਿਰ ਭਾਰਤੀ ਹੀ ਹੋਣ। ਉਨ੍ਹਾਂ ਨੇ ਆਪਸ ਵਿੱਚ ਮਿਲਕੇ ਇੱਕ ਲੁੱਟ ਮਚਾ ਰੱਖੀ ਹੈ। ਜੇ ਨਿਰੋਲ ਭਾਰਤੀ ਪੂੰਜੀਪਤੀਆਂ ਦੇ ਰਾਹੀਂ ਹੀ ਗਰੀਬਾਂ ਦਾ ਖੂਨ ਚੂਸਿਆ ਜਾ ਰਿਹਾ ਹੋਵੇ ਤਦ ਵੀ ਇਸ ਹਾਲਤ ਵਿੱਚ ਕੋਈ ਫਰਕ ਨਹੀਂ ਪੈਂਦਾ।" ਇਸ ਪੱਤਰ ਦੇ ਅਖੀਰ ਵਿੱਚ ਇਹ ਐਲਾਨ ਕੀਤਾ ਗਿਆ ਹੈ ਕਿ "ਨੇੜਲੇ ਭਵਿੱਖ ਵਿੱਚ ਇਹ ਯੁੱਧ ਅੰਤਿਮ ਰੂਪ ਵਿੱਚ ਲੜਿਆ ਜਾਵੇਗਾ ਅਤੇ ਤਦ ਇਹ ਨਿਰਨਾਇਕ ਯੁੱਧ ਹੋਵੇਗਾ। ਸਾਮਰਾਜਵਾਦ ਅਤੇ ਪੂੰਜੀਵਾਦ ਕੁਝ ਸਮੇਂ ਦਾ ਹੀ ਮਹਿਮਾਨ ਹੈ।" ਇਥੇ ਭਗਤ ਸਿੰਘ ਦੀ ਉਸ ਤੇਜ਼ ਇਤਿਹਾਸਕ ਦ੍ਰਿਸ਼ਟੀ ਨਾਲ ਸਾਡੀ ਜਾਣ-ਪਹਿਚਾਣ ਹੁੰਦੀ ਹੈ ਜੋ ਕੌਮੀ ਮੁਕਤੀ ਸੰਘਰਸ਼ ਨੂੰ ਲੋਕ ਮੁਕਤੀ ਸੰਘਰਸ਼ ਦੀ ਇਤਿਹਾਸਕ ਯਾਤਰਾ ਦੇ ਰਾਹ ਵਿੱਚ ਪੜਾਅ ਸਮਝਦੀ ਸੀ ਅਤੇ ਸਾਮਰਾਜਵਾਦ-ਪੂੰਜੀਵਾਦ ਦੇ ਵਿਰੁੱਧ ਸੰਘਰਸ਼ ਨੂੰ ਹੀ ਆਖਰੀ ਨਿਰਨਾਇਕ ਸੰਘਰਸ਼ ਮੰਨਦੀ ਸੀ। ਭਗਤ ਸਿੰਘ ਨੇ ਕਈ ਜਗ੍ਹਾ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਇਸ ਨਿਰਨਾਇਕ ਸੰਸਾਰ ਇਤਿਹਾਸਕ ਮਹਾਂਯੁੱਧ ਦੀ ਅਗਵਾਈ ਮਹਾਨ ਮਜ਼ਦੂਰ ਜਮਾਤ ਹੀ ਕਰ ਸਕਦੀ ਹੈ ਅਤੇ ਪੂੰਜੀਵਾਦ ਦਾ ਇੱਕੋ ਇੱਕ ਬਦਲ ਸਮਾਜਵਾਦ ਹੀ ਹੋ ਸਕਦਾ ਹੈ। ਇਸ ਅਰਥ ਵਿੱਚ ਭਗਤ ਸਿੰਘ ਅਤੇ ਐਚ. ਐਸ. ਆਰ. ਏ. ਦੇ ਆਗੂ ਨੌਜਵਾਨ ਇਨਕਲਾਬੀ ਨਾ ਸਿਰਫ ਪਹਿਲੇ ਹਥਿਆਰਬੰਦ ਇਨਕਲਾਬੀਆਂ ਤੋਂ ਹੀ ਸਗੋਂ ਆਪਣੇ ਸਮਕਾਲੀਨਾਂ ਤੋਂ ਵੀ ਕਾਫੀ ਅੱਗੇ ਸਨ। ਅੱਜ ਜਦੋਂ ਸੰਸਾਰ ਪੱਧਰ 'ਤੇ ਪੂੰਜੀ ਅਤੇ ਕਿਰਤ ਦੀਆਂ ਤਾਕਤਾਂ ਇੱਕ ਨਵੇਂ, ਫੈਸਲਾਕੁਨ ਇਤਿਹਾਸਕ ਯੁੱਧ ਦੇ ਲਈ ਆਹਮਣੇ ਸਾਹਮਣੇ ਲਾਮਬੰਦ ਹੋ ਰਹੀਆਂ ਹਨ ਤਾਂ ਭਾਰਤ ਦੇ ਨੌਜਵਾਨਾਂ ਅਤੇ ਮਜ਼ਦੂਰਾਂ ਦੇ ਲਈ ਸਾਮਰਾਜਵਾਦ ਅਤੇ ਪੂੰਜੀਵਾਦ ਦੇ ਭਵਿੱਖ ਸਬੰਧੀ ਭਗਤ ਸਿੰਘ ਦੇ ਅਨੁਮਾਨ ਅਤੇ ਭਵਿੱਖਵਾਣੀ ਦਾ ਵਿਸ਼ੇਸ਼ ਮਹੱਤਵ ਹੋ ਜਾਂਦਾ ਹੈ।

ਭਗਤ ਸਿੰਘ, ਭਗਵਤੀਚਰਣ ਵੋਹਰਾ ਅਤੇ ਐਚ.ਐਸ. ਆਰ.ਏ. ਬਾਕੀ ਮੋਹਰੀ ਇਨਕਲਾਬੀਆਂ ਦਾ ਦ੍ਰਿਸ਼ਟੀਕੋਣ ਭਾਰਤੀ ਸਰਮਾਏਦਾਰ ਜਮਾਤ ਬਾਰੇ ਵੀ ਇੱਕਦਮ ਸਪੱਸ਼ਟ ਸੀ। ਕਾਂਗਰਸ ਦੀ ਲੀਡਰਸ਼ਿਪ ਨੂੰ ਉਹ ਇਹਨਾਂ ਪੂੰਜੀਪਤੀਆਂ-ਵਪਾਰੀਆਂ ਦਾ ਹੀ ਪ੍ਰਤੀਨਿਧੀ ਮੰਨਦੇ ਸਨ ਉਹਨਾਂ ਦੀ ਇਹ ਸਪੱਸ਼ਟ ਧਾਰਨਾ ਸੀ ਕਿ ਕੌਮੀ ਲਹਿਰ ਦੀ ਅਗਵਾਈ ਜੇਕਰ ਕਾਂਗਰਸ ਦੇ ਹੱਥਾਂ 'ਚ ਹੀ ਰਹੀ ਤਾਂ ਇਸਦਾ ਅੰਤ ਇੱਕ ਸਮਝੌਤੇ ਦੇ ਰੂਪ ਵਿੱਚ ਹੋਵੇਗਾ। ਇਸੇ ਲਈ ਇਹ ਸਪੱਸ਼ਟ ਸੰਦੇਸ਼ ਦਿੰਦੇ ਹਨ ਕਿ ਇਨਕਲਾਬੀਆਂ ਲਈ ਅਜ਼ਾਦੀ ਦਾ ਅਰਥ ਸੱਤਾ 'ਤੇ ਬਹੁਗਿਣਤੀ ਮਜ਼ਦੂਰ ਲੋਕਾਂ ਦਾ ਕਾਬਜ਼ ਹੋਣਾ ਹੈ, ਨਾ ਕਿ ਲਾਰਡ ਰੀਡਿੰਗ ਅਤੇ ਲਾਰਡ ਇਰਵਿਨ ਦੀ ਜਗ੍ਹਾ ਪੁਰਸ਼ੋਤਮ ਦਾਸ, ਠਾਕਰਦਾਸ ਦਾ ਜਾਂ ਗੋਰੇ ਅੰਗ੍ਰੇਜ਼ਾਂ ਦੀ ਜਗ੍ਹਾ ਕਾਲੇ ਅੰਗ੍ਰੇਜ਼ਾਂ ਦਾ ਸੱਤਾ 'ਤੇ ਕਾਬਜ਼ ਹੋ ਜਾਣਾ। ਉਹਨਾਂ ਦਾ ਸਪੱਸ਼ਟ ਐਲਾਨ ਸੀ ਕਿ ਦੇਸ਼ੀ ਲੁਟੇਰੇ ਵੀ ਕਿਸਾਨਾਂ-ਮਜ਼ਦੂਰਾਂ ਦਾ ਖੂਨ ਚੂਸਦੇ ਰਹਿਣਗੇ ਤਾਂ ਸਾਡੀ ਲੜਾਈ ਜਾਰੀ ਰਹੇਗੀ। ਇੱਥੇ ਇਹ ਵੀ ਜ਼ਕਰਯੋਗ ਹੈ ਕਿ ਗਾਂਧੀ ਅਤੇ ਕਾਂਗਰਸ ਦੀ ਰਾਜਨੀਤੀ ਦਾ ਵਿੱਰੋਧ ਕਰਦੇ ਹੋਏ ਭਗਤ ਸਿੰਘ ਦੀ ਸੋਚ ਤੇ ਢੰਗ ਬਿਲਕੁਲ ਦਵੰਦਾਤਮਕ ਹੈ। ਉਹ ਮੰਨਦੇ ਸਨ ਕਿ ਵਿਆਪਕ ਜਨਤਾ ਦੀਆਂ ਕੌਮੀ ਭਾਵਨਾਵਾਂ ਨੂੰ ਕਾਂਗਰਸ ਦੀ ਅਗਵਾਈ ਵਾਲੀ ਲੋਕ ਲਹਿਰ ਇੱਕ ਮੰਚ ਪ੍ਰਦਾਨ ਕਰ ਰਹੀ ਹੈ। ਉਹ ਇਸਦੀਆਂ ਕਾਰਵਾਈਆਂ ਦੇ ਪ੍ਰਸ਼ੰਸਕ ਹਨ ਪਰ ਇਹ ਵੀ ਮੰਨਦੇ ਹਨ ਕਿ ਕਾਂਗਰਸੀ ਲੀਡਰਸ਼ਿਪ ਦੀ ਰਾਜਨੀਤੀ ਲੋਕ ਵਿਰੋਧੀ ਹੈ ਅਤੇ ਇਸਦੀਆਂ ਕਾਰਵਾਈਆਂ ਦਾ ਉਦੇਸ਼ ਜਨਤਾ ਦੀ ਮੁਕਤੀ ਨਹੀਂ ਸਗੋਂ ਮੁੱਠੀਭਰ ਪੂੰਜਪਤੀਆਂ ਅਤੇ ਕੁਲੀਨਾਂ ਨੂੰ ਸੱਤਾ ਸੰਭਾਲਣਾ ਹੈ ਅਤੇ ਇਹ ਵੀ ਕਿ ਕਾਂਗਰਸ ਸਾਮਰਾਜਵਾਦ ਤੋਂ ਫੈਸਲਾਕੁੰਨ ਅਜ਼ਾਦੀ ਨਹੀਂ ਲੈ ਸਕਦੀ। ਗਾਂਧੀ ਅਤੇ ਗਾਂਧੀਵਾਦ ਦਾ ਇਤਿਹਾਸਕ ਦਵੰਦਾਤਮਕ ਵਿਸ਼ਲੇਸ਼ਣ ਕਰਦੇ ਹੋਏ ਉਹ ਲਿਖਦੇ ਹਨ, "ਗਾਂਧੀ ਇੱਕ ਦਿਆਲੂ ਮਾਨਵਤਾਵਾਦੀ ਆਦਮੀ ਹੈ ਪਰ ਅਜਿਹੀ ਹਮਦਰਦੀ ਨਾਲ਼ ਸਮਾਜਿਕ ਤਬਦੀਲੀ ਨਹੀਂ ਆਉਂਦੀ, ਉਸ ਲਈ ਵਿਗਿਆਨਕ ਅਤੇ ਗਤੀਸ਼ੀਲ ਸਮਾਜਿਕ ਸ਼ਕਤੀ ਦੀ ਜ਼ਰੂਰਤ ਹੈ।" 2ਫਰਵਰੀ 1931 ਦੇ ਆਪਣੇ ਲੰਬੇ ਲੇਖ ਵਿੱਚ ਉਨ੍ਹਾਂ ਨੇ ਫਿਰ ਲਿਖਿਆ, "ਸਾਨੂੰ ਕਾਂਗਰਸੀ ਅੰਦੋਲਨ ਦੀਆਂ ਸੰਭਾਵਨਾਵਾਂ, ਹਾਰਾਂ ਤੇ ਪ੍ਰਾਪਤੀਆਂ ਸੰਬੰਧੀ ਕਿਸੇ ਕਿਸਮ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ, ਅੱਜ ਦੇ ਇਸ ਅੰਦੋਲਨ ਨੂੰ ਗਾਂਧੀਵਾਦ ਕਹਿਣਾ ਠੀਕ ਹੈ.....ਇਸਦਾ ਢੰਗ ਨਿਰਾਲਾ ਹੈ, ਪਰ ਇਸਦੇ ਵਿਚਾਰ ਬੇਚਾਰੇ ਲੋਕਾਂ ਦੇ ਕਿਸੇ ਕੰਮ ਦੇ ਨਹੀਂ ਹਨ। ਗਾਂਧੀਵਾਦ ਸਾਬਰਮਤੀ ਦੇ ਸੰਤ ਨੂੰ ਕੋਈ ਸਥਾਈ ਸ਼ਿਸ਼(ਚੇਲਾ) ਨਹੀਂ ਦੇ ਸਕੇਗਾ।" ਪਰ ਨਾਲ਼ ਹੀ ਵਿਆਪਕ ਜਨਤਾ ਨੂੰ ਲਾਮਬੰਧ ਕਰ ਲੈਣ ਦੀ ਗਾਂਧੀ ਦੀ ਸਫਲਤਾ ਦਾ ਉਹ ਤਰਕਸੰਗਤ ਮੁੱਲਅੰਕਣ ਵੀ ਕਰਦੇ ਹਨ, "ਇਸ ਤਰਾਂ ਗਾਂਧੀਵਾਦ ਆਪਣੇ ਕਿਸਮਤਵਾਦੀ ਦਰਸ਼ਨ ਦੇ ਬਾਵਜੂਦ ਇਨਕਲਾਬੀ ਵਿਚਾਰਾਂ ਦੇ ਨਜ਼ਦੀਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ, ਕਿਉਂਕਿ ਇਹ ਲੋਕ-ਕਾਰਵਾਈ 'ਤੇ ਨਿਰਭਰ ਕਰਦਾ ਹੈ, ਬੇਸ਼ਕ ਇਹ ਕਾਰਵਾਈ ਲੋਕਾਂ ਲਈ ਨਹੀਂ ਹੈ।"

ਇੱਕ ਪਾਸੇ ਜਿੱਥੇ ਐਚ. ਐਸ. ਆਰ. ਏ. ਨੇ ਲੋਕਾਂ ਨੂੰ ਜਗਾਉਣ ਅਤੇ ਆਪਣੇ ਉਦੇਸ਼ਾਂ ਦੇ ਪ੍ਰਚਾਰ ਲਈ ਕੁਝ ਵਿਅਕਤੀਗਤ ਹਿੰਸਕ ਕਾਰਵਾਈਆਂ ਨੂੰ ਪਹਿਲੇ ਇਨਕਲਾਬੀ ਸੰਗਠਨਾਂ ਦੀ ਹੀ ਤਰ੍ਹਾਂ ਅੰਜਾਮ ਦਿੱਤਾ, ਨਾਲ ਹੀ ਮਜ਼ਦੂਰ ਇਨਕਲਾਬਾਂ ਅਤੇ ਲੋਕ ਸੰਘਰਸ਼ਾਂ ਦੇ ਇਤਿਹਾਸ ਅਤੇ ਇਨਕਲਾਬੀ ਲਹਿਰਾਂ ਦੇ ਤਜਰਬੇ ਦੇ ਨਿਚੋੜ ਦੇ ਅਧਾਰ 'ਤੇ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਇਸ ਨਤੀਜੇ 'ਤੇ ਪਹੁੰਚਦੇ ਜਾ ਰਹੇ ਸਨ ਕਿ ਇਨਕਲਾਬ ਆਪਣੀ ਨਿਰਨਾਇਕ ਮੰਜ਼ਿਲ 'ਤੇ ਜ਼ਰੂਰ

ਹੀ ਹਥਿਆਰਬੰਦ ਅਤੇ ਹਿੰਸਕ ਹੋਵੇਗਾ, ਪਰ ਮਜ਼ਦੂਰਾਂ-ਕਿਸਾਨਾਂ-ਨੌਜਵਾਨਾਂ-ਵਿਦਿਆਰਥੀਆਂ ਦੀ ਖੁੱਲੀਆਂ ਜਨਤਕ ਜਥੇਬੰਦੀਆਂ ਬਣਾਏ ਬਿਨਾਂ ਅਤੇ ਵਿਆਪਕ ਲੋਕ ਲਹਿਰਾਂ ਤੋਂ ਬਿਨਾ ਇਨਕਲਾਬ ਦੀਆਂ ਤਿਆਰੀਆਂ ਨੂੰ ਨਿਰਣਾਇਕ ਮੰਜਿਲ ਤੱਕ ਪਹੁੰਚਾਇਆ ਹੀ ਨਹੀਂ ਜਾ ਸਕਦਾ। ਇਸ ਵਿਚਾਰ ਦਾ ਸ਼ੁਰੂਆਤੀ ਪ੍ਰਗਟਾਵਾ ਸਾਨੂੰ 'ਨੌਜਵਾਨ ਭਾਰਤ ਸਭਾ' ਦੇ ਗਠਨ ਵਿੱਚ ਦੇਖਣ ਨੂੰ ਮਿਲਦਾ ਹੈ ਅਤੇ ਜੇਲ੍ਹ ਜੀਵਨ ਦੇ ਆਖਰੀ ਸਾਲ ਤੱਕ ਮਾਰਕਸਵਾਦ-ਲੈਨਿਨਵਾਦ ਦੇ ਡੂੰਘੇ ਅਧਿਐਨ (ਜਿਸਦਾ ਸਬੂਤ ਭਗਤ ਸਿੰਘ ਦੀ ਜੇਲ੍ਹ ਡਾਇਰੀ ਦੇ ਨੋਟਸ ਹਨ) ਦੇ ਬਾਅਦ ਭਗਤ ਸਿੰਘ ਇਸ ਸੋਚ 'ਤੇ ਪੂਰੀ ਤਰ੍ਹਾਂ ਦ੍ਰਿੜ ਹੋ ਚੁੱਕੇ ਸਨ। 19 ਅਕਤੂਬਰ 1929 ਨੂੰ ਪੰਜਾਬ ਵਿਦਿਆਰਥੀ ਸੰਘ, ਲਾਹੌਰ ਦੇ ਦੂਜੇ ਅਧਿਵੇਸ਼ਨ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਲਿਖਿਆ ਸੀ :"ਇਸ ਸਮੇਂ ਅਸੀਂ ਨੌਜਵਾਨਾਂ ਨੂੰ ਬੰਬ ਅਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਵੀ ਜ਼ਿਆਦਾ ਵੱਡੇ ਕੰਮ ਹਨ।.....ਫੈਕਟਰੀਆਂ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਅਤੇ ਪੇਂਡੂ ਝੋਪੜੀਆਂ ਵਿੱਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ, ਦੇਸ਼ ਦੇ ਹਰ ਕੋਨੇ ਵਿੱਚ ਪਹੁੰਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ ਜਿਹੜਾ ਕਿ ਉਹ ਆਜ਼ਾਦੀ ਲਿਆਵੇਗਾ ਜਿਸ ਵਿੱਚ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਅਸੰਭਵ ਹੋ ਜਾਵੇਗੀ।" ਫਰਵਰੀ 1931 ਦੇ ਆਪਣੇ ਇਤਿਹਾਸਕ ਮਸੌਦਾ ਦਸਤਾਵੇਜ਼ ਵਿੱਚ ਭਗਤ ਸਿੰਘ ਨੇ ਸਪੱਸ਼ਟ ਕਿਹਾ ਸੀ: "ਦਹਿਸ਼ਤਗਰਦੀ ਸਾਡੇ ਸਮਾਜ ਵਿੱਚ ਇਨਕਲਾਬੀ ਚਿੰਤਨ ਦੀ ਪਕੜ ਦੀ ਘਾਟ ਦਾ ਪ੍ਰਗਟਾਵਾ ਹੈ ਜਾਂ ਇੱਕ ਪਛਤਾਵਾ ਹੈ। ਇਸੇ ਤਰਾਂ ਇਹ ਆਪਣੀ ਅਸਫਲਤਾ ਨੂੰ ਸਵੀਕਾਰ ਕਰਨਾ ਵੀ ਹੈ।....ਦਹਿਸ਼ਤਗਰਦੀ ਵੱਧ ਤੋਂ ਵੱਧ ਸਾਮਰਾਜਵਾਦੀ ਸ਼ਕਤੀਆਂ ਨੂੰ ਸਮਝੌਤੇ ਲਈ ਮਜਬੂਰ ਕਰ ਸਕਦਾ ਹੈ, ਅਜਿਹੇ ਸਮਝੌਤੇ, ਸਾਡੇ ਉਦੇਸ਼— ਪੂਰੀ ਅਜ਼ਾਦੀ ਤੋਂ ਹਮੇਸ਼ਾਂ ਹੀ ਕਿਤੇ ਦੂਰ ਰਹਿਣਗੇ। ਇਸ ਤਰਾਂ ਦਹਿਸ਼ਤਗਰਦੀ, ਇੱਕ ਸਮਝੌਤਾ, ਸੁਧਾਰਾਂ ਦੀ ਇੱਕ ਕਿਸ਼ਤ ਨਿਚੋੜ ਕੇ ਲਿਆ ਸਕਦਾ ਹੈ ਅਤੇ ਇਸੇ ਨੂੰ ਪ੍ਰਾਪਤ ਕਰਨ ਲਈ ਗਾਂਧੀਵਾਦ ਜ਼ੋਰ ਲਾ ਰਿਹਾ ਹੈ। ਉਹ ਚਾਹੁੰਦਾ ਹੈ ਕਿ ਦਿੱਲੀ ਦਾ ਸ਼ਾਸਨ ਗੋਰੇ ਹੱਥਾਂ 'ਚੋਂ ਭੂਰੇ ਹੱਥਾਂ ਵਿੱਚ ਆ ਜਾਵੇ। ਇਹ ਲੋਕਾਂ ਦੇ ਜੀਵਨ ਤੋਂ ਦੂਰ ਹੈ ਅਤੇ ਇਹਨਾਂ ਦੇ ਗੱਦੀ 'ਤੇ ਬੈਠਦੇ ਹੀ ਜ਼ਾਲਮ ਬਣ ਜਾਣ ਦੀਆਂ ਵਧੇਰੇ ਸੰਭਾਵਨਾਵਾਂ ਹਨ।" ਸਪੱਸ਼ਟ ਹੈ ਕਿ ਆਪਣੀ ਵਿਚਾਰ ਯਾਤਰਾ ਦੇ ਆਖਰੀ ਪੜਾਅ ਤੱਕ ਪਹੁੰਚਦੇ-ਪਹੁੰਚਦੇ ਭਗਤ ਸਿੰਘ ਕਾਂਗਰਸ ਅਤੇ ਗਾਂਧੀਵਾਦ ਦੇ ਅਸਲੀ ਚਰਿੱਤਰ ਦੀ ਪਹਿਚਾਣ ਕਰਨ ਦੇ ਨਾਲ਼-ਨਾਲ਼ ਇਨਕਲਾਬੀ ਦਹਿਸ਼ਤਗਰਦੀ ਦੀਆਂ ਸੀਮਾਵਾਂ ਨੂੰ ਵੀ ਸਮਝਣ ਲੱਗੇ ਸਨ ਅਤੇ ਜਿਵੇਂ ਕਿ ਫਰਵਰੀ 1931 ਦੇ ਮਸੌਦਾ ਦਸਤਾਵੇਜ ਤੋਂ ਸਪੱਸ਼ਟ ਹੋ ਜਾਂਦਾ ਹੈ, ਉਹ ਮਹਾਨ ਦਿਮਾਗ ਆਪਣੀਆਂ ਅੰਤਿਮ ਘੜੀਆਂ ਵਿੱਚ ਇੱਕ ਲੋਕ-ਇਨਕਲਾਬ ਦੀ ਤਿਆਰੀ ਅਤੇ ਉਸਦੇ ਨਾਲ਼ ਜੁੜੇ ਸਵਾਲਾਂ ਦੇ ਹੱਲ ਲਈ ਗੰਭੀਰ ਰੂਪ ਨਾਲ ਜੂਝ ਰਿਹਾ ਸੀ।

ਭਗਤ ਸਿੰਘ ਕੌਮੀ ਮੁਕਤੀ ਲਹਿਰ ਵਿੱਚ ਸਰਮਾਏਦਾਰ ਜਮਾਤ ਦੀ ਸ਼ਮੂਲੀਅਤ ਨੂੰ ਜਿੱਥੇ ਆਲਸ ਨਾਲ਼ ਭਰਿਆ ਹੋਇਆ ਅਤੇ ਅੰਤ ਵਿੱਚ ਸਮਝੌਤੇ 'ਤੇ ਹੀ ਪਹੁੰਚਣ ਵਾਲਾ ਮੰਨਦੇ ਸਨ, ਉਥੇ ਹੀ ਅਧਿਐਨ ਅਤੇ ਤਜਰਬੇ ਨੇ ਉਹਨਾਂ ਨੂੰ ਮਜ਼ਦੂਰਾਂ-ਕਿਸਾਨਾਂ ਦੀ ਅਗਵਾਈ ਦੀ ਲੈਨਿਨਵਾਦੀ ਧਾਰਨਾ ਤੱਕ ਪਹੁੰਚਾ ਦਿੱਤਾ ਸੀ, ਜਿਸਦੇ ਅਨੁਸਾਰ ਕੌਮੀ ਜਾਂ ਸਮਾਜਵਾਦੀ ਇਨਕਲਾਬਾਂ ਵਿੱਚ ਮਜ਼ਦੂਰ ਜਮਾਤ ਦੀ ਅਗਵਾਈ ਅਤੇ ਉਨਾਂ ਦੀ ਕਰੀਬੀ ਸਹਾਇਕ ਦੇ ਰੂਪ ਵਿੱਚ ਕਿਸਾਨਾਂ ਦੀ ਮੌਜੂਦਗੀ ਹੀ ਉਨ੍ਹਾਂ ਦੀ ਸਫਲਤਾ ਦੀ ਗਾਰੰਟੀ ਹੋ ਸਕਦੀ ਹੈ। ਉਹਨਾਂ ਨੇ ਇਹ ਸਪੱਸ਼ਟ ਲਿਖਿਆ ਸੀ, "ਇਨਕਲਾਬ ਕੌਮੀ ਹੋਵੇ ਜਾਂ ਸਮਾਜਵਾਦੀ, ਜਿਨ੍ਹਾਂ ਸ਼ਕਤੀਆਂ 'ਤੇ ਅਸੀਂ ਨਿਰਭਰ ਹੋ ਸਕਦੇ ਹਾਂ, ਉਹ ਹਨ ਕਿਸਾਨ ਤੇ ਮਜ਼ਦੂਰ।" ਆਪਣੇ ਉਪਰੋਕਤ ਇਤਿਹਾਸਕ ਦਸਤਾਵੇਜ਼ ਵਿੱਚ ਭਗਤ ਸਿੰਘ ਨੇ ਨੌਜਵਾਨ ਰਾਜਨੀਤਿਕ ਕਾਰਕੁਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਮਾਰਕਸ ਅਤੇ ਲੈਨਿਨ ਦੀਆਂ ਲਿਖਤਾਂ ਪੜ੍ਹਨ, ਉਨ੍ਹਾਂ ਦੀਆਂ ਸਿਖਿਆਵਾਂ ਨੂੰ ਆਪਣਾ ਮਾਰਗਦਰਸ਼ਕ ਬਣਾਉਣ, ਲੋਕਾਂ ਵਿੱਚ ਜਾਣ, ਮਜ਼ਦੂਰਾਂ-ਕਿਸਾਨਾਂ ਅਤੇ ਸਿਖਿਅਤ ਮੱਧਵਰਗੀ ਨੌਜਵਾਨਾਂ ਵਿੱਚ ਕੰਮ ਕਰਨ, ਉਨ੍ਹਾਂ ਨੂੰ ਰਾਜਨੀਤਿਕ ਦ੍ਰਿਸ਼ਟੀ ਤੋਂ ਸਿੱਖਿਅਤ ਕਰਨ, ਉਨ੍ਹਾਂ ਵਿੱਚ ਜਮਾਤੀ ਚੇਤਨਾ ਪੈਦਾ ਕਰਨ ਉਨਾਂ ਨੂੰ ਜਥੇਬੰਦ ਕਰਨ ਆਦਿ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਦਸਤਾਵੇਜ਼ ਵਿੱਚ ਇੱਕ ਕਮਿਉਨਿਸਟ ਪਾਰਟੀ ਦੇ ਨਿਰਮਾਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ ਹੈ ਜੋ ਮੁੱਖ ਰੂਪ ਵਿੱਚ ਪੇਸ਼ੇਵਰ ਇਨਕਲਾਬੀਆਂ-ਅਜਿਹੇ ਕੁਲ-ਵਕਤੀ ਕਾਰਕੁਨਾਂ 'ਤੇ ਨਿਰਭਰ ਹੋਵੇ ਜਿਨ੍ਹਾਂ ਦੀ ਇਨਕਲਾਬ ਤੋਂ ਸਿਵਾ ਕੋਈ ਹੋਰ ਇੱਛਾ ਹੀ ਨਾ ਹੋਵੇ, ਨਾ ਹੀ ਜੀਵਨ ਦਾ ਕੋਈ ਹੋਰ ਉਦੇਸ਼।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਕੌਮੀ ਜਮਹੂਰੀ ਇਨਕਲਾਬ ਨੂੰ ਸਮਾਜਵਾਦ ਲਈ ਸੰਘਰਸ਼ ਦੇ ਉਦੇਸ਼ ਦੀ ਦਿਸ਼ਾ ਦੀ ਯਾਤਰਾ ਵਿਚਲਾ ਇੱਕ ਪੜਾਅ ਮੰਨਦੇ ਸਨ, ਉਹ ਪ੍ਰੋਲੇਤਾਰੀ ਇਨਕਾਲਬ ਦੇ ਹੱਕ ਵਿੱਚ ਸਨ ਅਤੇ ਬਸਤੀਵਾਦ ਦੇ ਵਿਰੁੱਧ ਸੰਘਰਸ਼ ਨੂੰ ਸਾਮਰਾਜਵਾਦ ਦੇ ਸੰਸਾਰ ਪ੍ਰਬੰਧ ਦੇ ਵਿਰੁੱਧ ਸੰਘਰਸ਼ ਦਾ ਇੱਕ ਅੰਗ ਮੰਨਦੇ ਸਨ। ਉਹ ਸਿਰਫ ਕੌਮੀ ਇਨਕਲਾਬੀ ਨਾ ਹੋ ਕੇ ਇੱਕ ਦ੍ਰਿੜ ਅੰਤਰ-ਰਾਸ਼ਟਰਵਾਦੀ ਸਨ। ਭਾਸ਼ਾਈ-ਜਾਤੀਗਤ-ਧਾਰਮਿਕ ਸੰਕੀਰਣਤਾ ਤੋਂ ਉਹ ਪੂਰੀ ਤਰ੍ਹਾਂ ਅਜ਼ਾਦ ਸਨ ਅਤੇ ਰਹੱਸਵਾਦ ਤੇ ਕਿਸਮਤਵਾਦ ਦੀ ਦਿਮਾਗੀ ਗੁਲਾਮੀ ਤੋਂ ਛੁਟਕਾਰਾ ਪਾ ਚੁੱਕੇ ਸਨ। ਭਗਤ ਸਿੰਘ ਦੀ ਨਾਸਤਿਕਤਾ ਇੱਕ ਸੱਚੇ ਵਿਗਿਆਨਕ ਭੌਤਿਕਵਾਦੀ ਦੀ ਨਾਸਤਿਕਤਾ ਸੀ।

ਇਸ ਪੂਰੀ ਚਰਚਾ ਦਾ ਉਦੇਸ਼ ਭਗਤ ਸਿੰਘ ਦੇ ਚਿੰਤਨ ਦੇ ਉਨ੍ਹਾਂ ਪੱਖਾਂ ਨੂੰ ਸਾਹਮਣੇ ਲਿਆਉਣਾ ਹੈ ਜੋ ਅੱਜ ਦੇ ਸਮੇਂ ਵਿੱਚ ਵੀ ਸਾਡੇ ਲਈ ਪ੍ਰਸੰਗਿਕ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਭਗਤ ਸਿੰਘ ਦੁਆਰਾ ਸੁਝਾਇਆ ਗਿਆ ਇਨਕਲਾਬ ਦਾ ਰਾਹ ਅੱਜ ਸਾਡੇ ਲਈ ਪੂਰੀ ਤਰ੍ਹਾਂ ਪ੍ਰਸੰਗਿਕ ਹੈ। ਉਦੋਂ ਤੋਂ ਹੁਣ ਤੱਕ ਦੇਸ਼ ਦੇ ਉਤਪਾਦਨ ਸੰਬੰਧਾਂ, ਸਮਾਜਿਕ-ਆਰਥਿਕ ਸੰਰਚਨਾ, ਰਾਜਸੱਤਾ ਦੇ ਚਰਿੱਤਰ ਅਤੇ ਕਾਰਜ-ਪ੍ਰਣਾਲੀ ਤੇ ਸਾਮਰਾਜਵਾਦ ਦੇ ਚਰਿੱਤਰ

ਅਤੇ ਕਾਰਜਪ੍ਰਣਾਲੀ ਵਿੱਚ ਮਹੱਤਵਪੂਰਨ ਪ੍ਰੀਵਰਤਨ ਆਏ ਹਨ, ਪਰ ਅੱਜ ਦੇ ਇਨਕਲਾਬ ਦੇ ਨੌਜਵਾਨ ਦਸਤਿਆਂ ਲਈ ਵੀ ਭਗਤ ਸਿੰਘ ਦੇ ਚਿੰਤਨ ਦੇ ਕੁਝ ਪੱਖ ਬੇਹੱਦ ਪ੍ਰਸੰਗਿਕ ਹਨ। ਇਨ੍ਹਾਂ ਨੂੰ ਜੇ ਲੜੀਬੱਧ ਦੱਸਣਾ ਹੋਵੇ ਤਾਂ ਇਸ ਤਰਾਂ ਕਹਿ ਸਕਦੇ ਹਾਂ: (1) ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਲਗਾਤਾਰ ਵਿਕਾਸਸ਼ੀਲ ਭੌਤਿਕਵਾਦੀ ਜੀਵਨ ਦ੍ਰਿਸ਼ਟੀ ਅਤੇ ਦਵੰਦਾਤਮਕ ਵਿਸ਼ਲੇਸ਼ਣ ਢੰਗ, (2) ਸਾਮਰਾਜਵਾਦ ਦੇ ਵਿਰੁੱਧ ਜਾਰੀ ਸੰਸਾਰ-ਇਤਿਹਾਸਕ ਯੁੱਧ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ, (3) ਕੌਮੀ ਮੁਕਤੀ ਲਹਿਰ ਨੂੰ ਸਾਮਰਾਜਵਾਦੀ ਸੰਸਾਰ ਢਾਂਚੇ ਦੇ ਵਿਰੁੱਧ ਸੰਘਰਸ਼ ਦਾ ਅੰਗ ਮੰਨਣ ਅਤੇ ਸਮਾਜਵਾਦੀ ਇਨਕਲਾਬ ਦੀ ਪਹਿਲੀ ਮੰਜ਼ਿਲ ਮੰਨਣ ਦਾ ਉਨ੍ਹਾਂ ਦਾ ਨਜ਼ਰੀਆ (4) ਕਾਂਗਰਸ ਅਤੇ ਗਾਂਧੀ ਦੇ ਜਮਾਤੀ ਚਰਿੱਤਰ ਦਾ ਦਵੰਦਾਤਮਕ ਮੁੱਲਅੰਕਣ ਅਤੇ ਕਾਂਗਰਸੀ ਅਗਵਾਈ ਵਾਲੀ ਕੌਮੀ ਲਹਿਰ ਦੀ ਮੁੱਖ ਧਾਰਾ ਦੀ ਤਰਕਸੰਗਤ ਹੋਣੀ ਦਾ ਸਹੀ ਪੂਰਵ-ਅਨੁਮਾਨ, (5) ਇਨਕਲਾਬੀ ਦਹਿਸ਼ਤਗਰਦੀ ਦੇ ਵਿਸ਼ਲੇਸ਼ਣ ਤੋਂ ਬਾਅਦ ਉਸਤੋਂ ਅੱਗੇ ਵੱਧਕੇ ਇਨਕਲਾਬੀ ਜਨਤਕ ਲੀਹ 'ਤੇ ਜ਼ੋਰ ਦੇਣਾ, ਮਜ਼ਦੂਰਾਂ ਕਿਸਾਨਾਂ ਨੂੰ ਇਨਕਲਾਬ ਦੀ ਮੁੱਖ ਸ਼ਕਤੀ ਮੰਨਦੇ ਹੋਏ ਉਨ੍ਹਾਂ ਨੂੰ ਜਥੇਬੰਦ ਕਰਨ 'ਤੇ ਜ਼ੋਰ ਦੇਣਾ ਅਤੇ ਇੱਕ ਪ੍ਰੋਲੇਤਾਰੀ ਇਨਕਲਾਬ ਨੂੰ ਜ਼ਰੂਰੀ ਦੱਸਣਾ (6) ਇੱਕ ਇਨਕਲਾਬੀ ਕਮਿਊਨਿਸਟ ਪਾਰਟੀ ਦੇ ਲੈਨਿਨਵਾਦੀ ਸੰਕਲਪ ਨੂੰ ਸਵੀਕਾਰਨਾ ਅਤੇ ਉਸਦੇ ਨਿਰਮਾਣ ਨੂੰ ਜ਼ਰੂਰੀ ਦੱਸਣਾ (7) ਧਾਰਮਿਕ-ਜਾਤੀਗਤ-ਭਾਸ਼ਾਈ ਕੱਟੜਤਾ ਦਾ ਵਿਰੋਧ ਕਰਨਾ ਆਦਿ।

ਇਸੇ ਕਰਕੇ ਸਾਡਾ ਮੰਨਣਾ ਹੈ ਕਿ ਇੱਕੀਵੀਂ ਸਦੀ ਵਿੱਚ ਭਗਤ ਸਿੰਘ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਇੱਕ ਭੁੱਲੀ ਹੋਈ ਇਨਕਲਾਬੀ ਪ੍ਰੰਪਰਾ ਨੂੰ ਮੁੜ ਯਾਦ ਕਰਨਾ ਹੀ ਨਹੀਂ ਹੈ। ਭਗਤ ਸਿੰਘ ਦਾ ਚਿੰਤਨ ਕੇਵਲ ਪ੍ਰੰਪਰਾ ਅਤੇ ਤਬਦੀਲੀ ਦੇ ਦਵੰਦ ਦਾ ਜਿਉਂਦਾ-ਜਾਗਦਾ ਰੂਪ ਹੈ ਅਤੇ ਅੱਜ, ਜਦੋਂ ਨਵੀਆਂ ਇਨਕਲਾਬੀ ਸ਼ਕਤੀਆਂ ਨੇ ਇੱਕ ਵਾਰ ਫਿਰ ਜਥੇਬੰਦ ਹੋ ਕੇ ਸਾਮਰਾਜਵਾਦ ਅਤੇ ਦੇਸੀ ਪੂੰਜੀਵਾਦ ਦੇ ਵਿਰੁੱਧ ਸੰਘਰਸ਼ ਦੀ ਦਿਸ਼ਾ ਅਤੇ ਰਾਹ ਖੋਜਣਾ ਹੈ, ਜਦੋਂ ਇੱਕ ਵਾਰ ਫਿਰ ਨਵੇਂ ਸਮਾਜਵਾਦੀ ਇਨਕਲਾਬ ਦੀ ਯੁੱਧਨੀਤੀ ਅਤੇ ਆਮ ਦਾਅਪੇਚ ਵਿਕਸਤ ਕਰਨ ਦੀ ਜ਼ਿੰਮੇਵਾਰੀ ਸਾਡੇ ਸਾਹਮਣੇ ਹੈ ਤਾਂ ਭਗਤ ਸਿੰਘ ਦੀ ਵਿਚਾਰ-ਪ੍ਰਕਿਰਿਆ ਅਤੇ ਉਸਦੇ ਸਿੱਟਿਆਂ ਤੋਂ ਸਾਨੂੰ ਬਹੁਮੁੱਲੀਆਂ ਸਿਖਿਆਵਾਂ ਮਿਲ ਸਕਦੀਆਂ ਹਨ।

ਪ੍ਰੰਪਰਾ ਕਦੀ ਵੀ ਉਂਗਲੀ ਫੜਕੇ ਭਵਿੱਖ ਤੱਕ ਨਹੀਂ ਪਹੁੰਚਦੀ। ਉਹ ਇੱਕ ਦਿਸ਼ਾ ਦਿੰਦੀ ਹੈ, ਪਰ ਸ਼ਰਤ ਇਹ ਹੈ ਕਿ ਅਸੀਂ ਅਲੋਚਨਾਤਮਕ ਸੂਝ ਨਾਲ਼ ਇਤਿਹਾਸ ਦਾ ਅਧਿਐਨ ਕਰੀਏ ਤੇ ਆਪਣੀ ਪ੍ਰੰਪਰਾ ਦੀ ਪਹਿਚਾਣ ਕਰੀਏ। ਪ੍ਰਾਚੀਨ ਸਮੇਂ ਦੇ ਲੋਕਾਇਤ ਦਰਸ਼ਨ, ਬੁੱਧ ਦਰਸ਼ਨ ਅਤੇ ਸਾਂਖਯ ਆਦਿ ਦੀ ਭੌਤਿਕਵਾਦੀ ਚਿੰਤਨ ਪ੍ਰੰਪਰਾ ਸਾਡੀ ਵਿਰਾਸਤ ਹੈ। ਮੱਧਯੁਗੀ ਨਿਰਗੁਣ ਭਗਤੀ ਅੰਦੋਲਨ ਦੀ ਪ੍ਰੰਪਰਾ ਸਾਡੀ ਵਿਰਾਸਤ ਹੈ। ਆਧੁਨਿਕ ਯੁੱਗ ਵਿੱਚ ਰਾਧਾਮੋਹਨ ਗੋਕੁਲਜੀ, ਰਾਹੁਲ ਸਾਂਕਰਤਾਇਨ ਅਤੇ ਭਗਤ ਸਿੰਘ ਦੀ ਵਿਕਾਸਸ਼ੀਲ ਵਿਗਿਆਨਕ ਭੌਤਿਕਵਾਦੀ ਚਿੰਤਨ ਪ੍ਰੰਪਰਾ ਵੀ ਸਾਡੀ ਵਿਰਾਸਤ ਹੈ ਅਤੇ ਸਾਡੀ ਇਹ ਵਿਰਾਸਤ ਬਹੁਤ ਅਮੀਰ ਹੈ। ਅਸੀਂ ਤਾਂ ਇੱਥੇ ਕੇਵਲ ਕੁਝ ਜਾਣੇ-ਪਹਿਚਾਣੇ ਨਾਵਾਂ ਦਾ ਹੀ ਜ਼ਿਕਰ ਕਰ ਰਹੇ ਹਾਂ। ਪੂਰੀ ਦੁਨੀਆ ਦੇ ਨਾਲ਼ ਹੀ, ਆਪਣੇ ਦੇਸ਼ ਦੀ ਇਸ ਇਨਕਲਾਬੀ ਵਿਰਾਸਤ ਨੂੰ ਮੁੜ ਯਾਦ ਕਰਨਾ ਅੱਜ ਦੇ ਪ੍ਰੋਲੇਤਾਰੀ ਪੁਨਰ-ਜਾਗਰਣ ਅਤੇ ਪ੍ਰਬੋਧਨ ਲਈ ਜ਼ਰੂਰੀ ਕਾਰਜ ਹੈ। ਇਤਿਹਾਸ ਕੋਈ ਜੜ੍ਹ-ਵਸਤੂ ਨਹੀਂ ਹੁੰਦੀ। ਜਦੋਂ ਵੀ ਭਵਿੱਖ ਨਿਰਮਾਣ ਦਾ ਨਵਾਂ ਕਾਰਜ ਸਾਹਮਣੇ ਆਉਂਦਾ ਹੈ, ਜਦੋਂ ਵੀ ਨਵੇਂ ਸਿਰੇ ਤੋਂ ਮੁਕਤੀ ਦੇ ਪ੍ਰਾਜੈਕਟਾਂ ਦਾ ਨਿਰਮਾਣ ਕਰਨਾ ਹੁੰਦਾ ਹੈ ਤਾਂ ਇੱਕ ਵਾਰ ਫਿਰ ਇਤਿਹਾਸ ਦੀ ਖੋਜ ਕਰਨੀ ਹੁੰਦੀ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਸੰਪੂਰਨ ਲਿਖਤਾਂ ਦਾ ਅਧਿਐਨ ਅੱਜ ਇਸੇ ਕਾਰਨ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ ਜੋ ਲੋਕ ਮੁਕਤੀ ਦੇ ਨਵੇਂ ਪ੍ਰਾਜੈਕਟ ਤਿਆਰ ਕਰਨ ਅਤੇ ਉਸਨੂੰ ਪ੍ਰਯੋਗ ਵਿੱਚ ਲਿਆਉਣ ਲਈ ਦ੍ਰਿੜ ਸੰਕਲਪ ਹਨ। ਇਨ੍ਹਾਂ ਪੱਤਰਾਂ ਅਤੇ ਦਸਤਾਵੇਜ਼ਾਂ ਦਾ ਅਧਿਐਨ ਕਰਦੇ ਹੋਏ ਇੱਕ ਗੱਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਦਾ ਅਧਿਐਨ ਸਮਾਂ-ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਕਰਨਾ ਚਾਹੀਦਾ ਹੈ। ਭਗਤ ਸਿੰਘ ਨੂੰ ਹਾਲਾਤਾਂ ਨੇ ਆਪਣੇ ਵਿਚਾਰਾਂ ਨੂੰ ਸਥਿਰ-ਸੁਨਿਸ਼ਚਿਤ ਕਰਨ ਦਾ ਸਮਾਂ ਹੀ ਨਹੀਂ ਦਿੱਤਾ। ਉਨਾਂ ਦਾ ਸਾਰਾ ਚਿੰਤਨ ਇੱਕ ਤੂਫ਼ਾਨੀ ਗਤੀ ਵਾਲੀ ਵਿਚਾਰ-ਯਾਤਰਾ ਹੈ, ਜਿਸ ਵਿੱਚ ਇਨਕਲਾਬੀ ਜੀਵਨ ਦੇ ਤਜ਼ਰਬਿਆਂ ਦੇ ਨਿਚੋੜ ਅਤੇ ਦਰਸ਼ਨ, ਸਾਹਿਤ, ਇਨਕਲਾਬ ਦੇ ਇਤਿਹਾਸ ਆਦਿ ਦੇ ਬਹੁਤ ਤੇਜ਼ੀ ਨਾਲ ਅਧਿਐਨ ਦੇ ਬਾਅਦ, ਲਗਾਤਾਰ ਬਹੁਤ ਤੇਜ਼ ਗਤੀ ਨਾਲ਼ ਪ੍ਰੀਵਰਤਨ ਆਉਂਦੇ ਗਏ ਹਨ। ਉਹ ਲਗਾਤਾਰ ਵੱਧ-ਤੋਂ-ਵੱਧ ਵਿਗਿਆਨਕ ਦ੍ਰਿਸ਼ਟੀ ਦੀ ਪੂਰਨਤਾ ਦੀ ਦਿਸ਼ਾ ਵੱਲ ਅੱਗੇ ਵੱਧਦੇ ਗਏ ਹਨ। ਉਹਨਾਂ ਦਾ ਚਿੰਤਨ ਵੱਧ ਤੋਂ ਵੱਧ ਵਿਰੋਧਤਾਈਆਂ ਰਹਿਤ ਹੁੰਦਾ ਗਿਆ ਹੈ ਅਤੇ ਉਹਨਾਂ ਦਾ ਵਿਸ਼ਲੇਸ਼ਣ ਢੰਗ ਵਧੇਰੇ ਦਵੰਦਾਤਮਕ ਭੌਤਿਕਵਾਦੀ ਹੁੰਦਾ ਗਿਆ ਹੈ।

ਭਗਤ ਸਿੰਘ ਨੇ ਆਪਣਾ ਪਹਿਲਾ ਲੇਖ ਪੰਜਾਬ ਦੀ ਭਾਸ਼ਾ ਅਤੇ ਲਿੱਪੀ ਦੀ ਸਮੱਸਿਆ ਤੇ ਸਤਾਰਾਂ ਸਾਲ ਦੀ ਉਮਰ ਵਿੱਚ ਲਿਖਿਆ। ਉਦੋਂ ਉਨ੍ਹਾਂ ਦਾ ਇਨਕਲਾਬੀ ਜੀਵਨ ਸ਼ੁਰੂ ਹੋ ਚੁੱਕਾ ਸੀ ਅਤੇ ਉਹ ਕਾਨ੍ਹਪੁਰ ਵਿਖੇ 'ਪ੍ਰਤਾਪ' ਵਿੱਚ ਕੰਮ ਕਰਦੇ ਸਨ। 1928 ਵਿੱਚ ਐਚ. ਐਸ. ਆਰ. ਏ. ਦੇ ਗਠਨ ਸਮੇਂ ਤੱਕ ਉਨ੍ਹਾਂ ਦੀ ਅਤੇ ਉਹਨਾਂ ਦੇ ਸਾਥੀਆਂ ਦੀ ਸਮਾਜਵਾਦ ਪ੍ਰਤੀ ਸਤਹੀ ਪ੍ਰਤੀਬੱਧਤਾ ਪੈਦਾ ਹੋ ਚੁੱਕੀ ਸੀ ਅਤੇ ਹਥਿਆਰਬੰਦ ਕਾਰਵਾਈਆਂ ਦੇ ਨਾਲ਼-ਨਾਲ਼ ਨੌਜਵਾਨਾਂ ਦੀਆਂ ਵਿਆਪਕ ਜਨਤਕ ਜਥੇਬੰਦੀਆਂ ਅਤੇ ਲੋਕ ਲਹਿਰਾਂ ਨੂੰ ਵੀ ਉਹ ਜ਼ਰੂਰੀ ਮੰਨਣ ਲੱਗੇ ਸਨ। ਇਨਕਲਾਬੀ ਜੀਵਨ ਦੇ ਅਨੁਭਵਾਂ ਦਾ ਡੂੰਘਾਈ ਨਾਲ ਅਧਿਐਨ ਅਤੇ ਸੋਹਣ ਸਿੰਘ ਜੋਸ਼ ਤੇ ਲਾਲਾ ਛਬੀਲ ਦਾਸ ਦੇ ਨਾਲ ਲਗਾਤਾਰ ਸੰਪਰਕ-ਚਰਚਾ ਨੇ ਹੋਲੀ-ਹੋਲੀ ਵਿਗਿਆਨਕ

ਸਮਾਜਵਾਦ ਪ੍ਰਤੀ ਉਨ੍ਹਾਂ ਦੀ ਸਮਝਦਾਰੀ ਨੂੰ ਹੋਰ ਮਜ਼ਬੂਤ ਬਣਾਉਣ ਦਾ ਕੰਮ ਕੀਤਾ। ਕਾਨ੍ਹਪੁਰ—ਪ੍ਰਵਾਸ ਦੌਰਾਨ ਰਾਧਾਮੋਹਨ ਗੋਕੁਲਜੀ ਅਤੇ ਸੱਤਿਅਭਗਤ ਆਦਿ ਦੇ ਵਿਚਾਰਾਂ ਨੇ ਅਤੇ ਉਥੋਂ ਦੇ ਮਜ਼ਦੂਰ ਅੰਦੋਲਨ ਨੇ ਵੀ ਮੱਧਵਰਗੀ ਹਥਿਆਰਬੰਦ ਇਨਕਲਾਬਵਾਦ ਨੂੰ ਮਜ਼ਦੂਰ ਇਨਕਲਾਬ ਦੀ ਸਮਝ ਦੀ ਦਿਸ਼ਾ ਵੱਲ ਮੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਜੇਲ੍ਹ ਵਿੱਚ ਕਾਫੀ ਸੰਘਰਸ਼ ਤੋਂ ਬਾਅਦ ਪੜ੍ਹਨ-ਲਿਖਣ ਦੀ ਸਹੂਲਤ ਭਗਤ ਸਿੰਘ ਨੂੰ ਸਿਤੰਬਰ 1929 ਵਿੱਚ ਮਿਲੀ। ਉਸਦੇ ਬਾਅਦ, ਮੁਕੱਦਮੇ ਦੇ ਬਿਆਨਾਂ ਦੀ ਤਿਆਰੀ, ਜੇਲ੍ਹ ਦੇ ਬਾਹਰ ਸਾਥੀਆਂ ਨਾਲ਼ ਸੰਪਰਕ-ਚਰਚਾ ਅਤੇ ਲੰਬੀ ਭੁੱਖ-ਹੜਤਾਲ ਤੋਂ ਇਲਾਵਾ ਭਗਤ ਸਿੰਘ ਨੇ ਆਪਣਾ ਸਾਰਾ ਸਮਾਂ ਗਹਿਰਾਈ ਨਾਲ ਅਧਿਐਨ ਅਤੇ ਲਿਖਣ 'ਤੇ ਹੀ ਖਰਚ ਕੀਤਾ। ਜੇਲ ਡਾਇਰੀ ਦੇ ਸਾਹਮਣੇ ਆਉਣ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਇਸ ਅਧਿਐਨ ਦਾ ਦਾਇਰਾ ਬੇਹੱਦ ਵਿਸ਼ਾਲ ਸੀ, ਪਰ ਇਸ ਵਿੱਚ ਵੀ ਇਨਕਲਾਬਾਂ ਦੇ ਇਤਿਹਾਸ, ਮਹੱਤਵ ਪੂਰਨ ਮਾਰਕਸਵਾਦੀ ਕਲਾਸਿਕਸ ਅਤੇ ਦਰਸ਼ਨ ਦਾ ਉਹਨਾਂ ਨੇ ਸਭ ਤੋਂ ਵੱਧ ਅਧਿਐਨ ਕੀਤਾ। ਡਾਇਰੀ ਦੇ ਨੋਟਸ ਤੋਂ ਪਤਾ ਲੱਗਦਾ ਹੈ ਕਿ ਇਹ ਅਧਿਐਨ ਕਿੰਨਾ ਡੂੰਘਾਈ ਨਾਲ਼ ਕੀਤਾ ਗਿਆ ਸੀ। ਧਿਆਨਦੇਣ ਯੋਗ ਹੈ ਕਿ 23 ਮਾਰਚ 1931 ਤੱਕ ਜਾਰੀ ਇਸ ਅਧਿਐਨ ਸਿਲਸਿਲੇ ਦਾ ਸਮਾਂ ਕੇਵਲ ਡੇਢ ਸਾਲਾਂ ਦਾ ਹੀ ਸੀ। ਇਸ ਥੋੜੇ ਜਿਹੇ ਸਮੇਂ ਵਿੱਚ ਡੂੰਘੇ ਅਧਿਐਨ ਨਾਲ਼ ਭਗਤ ਸਿੰਘ ਨੇ ਜੋ ਵਿਚਾਰਕ ਪਰਿਪੱਕਤਾ ਹਾਸਿਲ ਕੀਤੀ, ਉਹ ਕਿਸੇ ਯੁੱਗ-ਪੁਰਸ਼ ਜਿਹੀ ਮਹਾਨ ਇਤਿਹਾਸਿਕ ਪ੍ਰਤਿਭਾ ਦੇ ਕਾਰਨ ਹੀ ਸੀ। ਸਿਰਫ਼ 17 ਤੋਂ 23 ਸਾਲ ਦੀ ਉਮਰ ਦੇ ਵਿੱਚ ਫੈਲੀ ਇਹ ਥੋੜਚਿਰੀ ਵਿਚਾਰਯਾਤਰਾ ਇਤਿਹਾਸ ਦੀ ਇੱਕ ਮਿਸਾਲ ਹੈ। ਬਸਤੀਵਾਦੀ ਭਾਰਤ ਦੇ ਪਿਛੜੇ ਸੱਭਿਆਚਾਰਕ-ਸਿੱਖਿਅਕ ਮਾਹੌਲ ਦੀਆਂ ਸੀਮਾਵਾਂ ਨੂੰ ਦੇਖਦੇ ਹੋਏ, ਭਗਤ ਸਿੰਘ ਦੀ ਮਹਾਨ ਪ੍ਰਤਿਭਾ ਦੀ ਤੁਲਨਾ ਜੇ ਨੌਜਵਾਨ ਲੈਨਿਨ ਦੀ ਪ੍ਰਤਿਭਾ ਨਾਲ਼ ਕੀਤੀ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਚਮਨਲਾਲ ਨੇ 'ਭਗਤ ਸਿੰਘ ਦੇ ਸੰਪੂਰਨ ਦਸਤਾਵੇਜ਼' ਦੀ ਭੂਮਿਕਾ ਵਿੱਚ ਉਨ੍ਹਾਂ ਦੀ ਤੁਲਨਾ ਸਿਰਫ਼ 24 ਸਾਲ ਜਿਉਂਦੇ ਰਹਿਣ ਵਾਲ਼ੇ ਰੂਸ ਦੇ ਇਨਕਲਾਬੀ ਜਮਹੂਰੀ ਵਿਦਵਾਨ ਦੇਬਰੋਲਿਉਬੋਵ ਨਾਲ਼ ਠੀਕ ਹੀ ਕੀਤੀ ਹੈ।

ਅਧਿਐਨ ਅਤੇ ਚਿੰਤਨ ਦੇ ਇਸ ਅਤਿ ਸੰਖੇਪ, ਘਣੇ ਅਤੇ ਤੇਜ਼ ਵਕਫ਼ੇ ਨੂੰ ਦੇਖਦੇ ਹੋਏ ਇਹ ਸੁਭਾਵਿਕ ਹੀ ਹੈ ਕਿ ਭਗਤ ਸਿੰਘ ਦੇ ਚਿੰਤਨ ਵਿੱਚ ਕੁਝ ਵਿਰੋਧਤਾਈਆਂ ਅਤੇ ਚਿੰਤਨ ਦੀ ਅਗਲੀ ਮੰਜ਼ਿਲ ਵਿੱਚ ਪਿਛਲੀ ਮੰਜ਼ਿਲ ਦੇ ਕੁਝ ਪ੍ਰਭਾਵ-ਪਰਛਾਵੇਂ ਦੇਖਣ ਨੂੰ ਮਿਲਦੇ ਹਨ। ਇਸ ਲਈ ਇਹਨਾਂ ਦਸਤਾਵੇਜਾਂ ਦਾ ਅਧਿਐਨ ਕਰਦੇ ਸਮੇਂ ਚਿੰਤਨ ਦੀ ਮੁੱਖ ਦਿਸ਼ਾ, ਮੁੱਖ ਉਦੇਸ਼ ਅਤੇ ਵਿਸ਼ਲੇਸ਼ਣ-ਢੰਗ 'ਤੇ ਧਿਆਨ ਦੇਣਾ ਸਭ ਤੋਂ ਜ਼ਰੂਰੀ ਹੈ। ਭਗਤ ਸਿੰਘ ਨੂੰ ਆਪਣੀਆਂ ਧਾਰਨਾਵਾਂ ਨੂੰ ਵਿਵਸਥਿਤ ਅਤੇ ਵਿਸਤਾਰਤ ਕਰਨ ਦਾ ਸਮਾਂ ਹੀ ਨਹੀਂ ਮਿਲਿਆ, ਪਰ ਸਾਮਰਾਜਵਾਦ ਬਾਰੇ ਭਾਰਤੀ ਪੂੰਜੀਪਤੀ ਵਰਗ ਅਤੇ ਕਾਂਗਰਸ ਬਾਰੇ, ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੀ ਜ਼ਰੂਰਤ ਅਤੇ ਇਨਕਲਾਬ ਦੀ ਤਿਆਰੀ ਬਾਰੇ ਜੋ ਉਹਨਾਂ ਨੇ ਸਿੱਟੇ ਕੱਢੇ ਸਨ, ਉਹਨਾਂ ਨੂੰ ਇਤਿਹਾਸ ਨੇ ਸਹੀ ਸਿੱਧ ਕੀਤਾ। ਜ਼ਿੰਦਗੀ ਦੇ ਆਖਰੀ ਪੜਾਅ ਦੌਰਾਨ ਲਿਖੇ ਗਏ ਲੇਖ 'ਮੈਂ ਨਾਸਤਕ ਕਿਉਂ ਹਾਂ ?' (ਅਕਤੂਬਰ 1930) ਅਤੇ ਅੰਤਿਮ ਇਤਿਹਾਸਕ ਦਸਤਾਵੇਜ਼ 'ਇਨਕਲਾਬੀ ਪ੍ਰੋਗਰਾਮ ਦਾ ਖਰੜਾ' (2 ਫਰਵਰੀ 1931) ਵਿੱਚ ਭਗਤ ਸਿੰਘ ਦਾ ਚਿੰਤਨ ਆਪਣੀ ਪਰਿਪੱਕਤਾ ਦੇ ਸਿਖਰ 'ਤੇ ਪਹੁੰਚਿਆ ਦਿਸਦਾ ਹੈ।

ਐਚ. ਐਸ. ਆਰ. ਏ. ਦੇ ਇਨਕਲਾਬੀਆਂ ਦੇ ਹੁਣ ਤੱਕ ਪ੍ਰਕਾਸ਼ਿਤ ਕੁੱਲ 105 ਦਸਤਾਵੇਜ਼ਾਂ ਵਿੱਚੋਂ 72 ਭਗਤ ਸਿੰਘ ਦੇ ਲਿਖੇ ਹੋਏ ਹਨ ਅਤੇ ਬਾਕੀ 33 ਭਗਵਤੀ ਚਰਣ ਵੋਹਰਾ, ਸੁਖਦੇਵ, ਬੁਟਕੇਸ਼ਵਰ ਦੱਤ, ਮਹਾਂਵੀਰ ਸਿੰਘ ਆਦਿ ਦੁਆਰਾ ਲਿਖੇ ਗਏ ਹਨ। ਇਸਤੋਂ ਇਹ ਵੀ ਸਪਸ਼ਟ ਹੈ ਕਿ ਇੱਕ ਵਿਚਾਰਕ ਅਤੇ ਸਿਧਾਂਤਕਾਰ ਦੇ ਰੂਪ ਵਿੱਚ, ਆਪਣੇ ਸਾਥੀਆਂ ਵਿੱਚ ਭਗਤ ਸਿੰਘ ਦੀ ਆਗੂ ਭੂਮਿਕਾ ਸੀ। ਵੈਸੇ ਤਾਂ ਸੁਖਦੇਵ, ਬਟੁਕੇਸ਼ਵਰ ਦੱਤ, ਸ਼ਿਵ ਵਰਮਾਂ, ਵਿਜੇ ਕੁਮਾਰ ਸਿਨਹਾ ਆਦਿ ਵੀ ਪ੍ਰਤਿਭਾਵਾਨ ਅਤੇ ਅਧਿਐਨਸ਼ੀਲ ਨੌਜਵਾਨ ਸਨ, ਪਰ ਚਿੰਤਨ ਦੇ ਖੇਤਰ ਵਿੱਚ ਭਗਵਤੀਚਰਣ ਵੋਹਰਾ, ਭਗਤ ਸਿੰਘ ਦੇ ਸਭ ਤੋਂ ਵੱਧ ਕਰੀਬ ਸਨ। ਵਰਣਨਯੋਗ ਹੈ ਕਿ ਭਗਤ ਸਿੰਘ ਦੇ ਨਾਲ਼ ਡੂੰਘੀ ਵਿਚਾਰ-ਚਰਚਾ ਤੋਂ ਬਾਅਦ ਨੌਜਵਾਨ ਭਾਰਤ ਸਭਾ ਅਤੇ ਐਚ. ਐਸ. ਆਰ. ਏ. ਦਾ ਐਲਾਨਨਾਮਾ ਭਗਵਤੀ ਚਰਣ ਵੋਹਰਾ ਨੇ ਹੀ ਤਿਆਰ ਕੀਤਾ ਸੀ। ਉਹ ਭਗਤ ਸਿੰਘ ਦੀ ਵਿਚਾਰਯਾਤਰਾ ਦੇ ਨਜ਼ਦੀਕੀ ਸਹਿਯਾਤਰੀ ਸਨ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਰਾਜਨੀਤਿਕ-ਵਿਚਾਰਕ ਸਮਝ 1917 ਦੇ ਰੂਸੀ ਮਜ਼ਦੂਰ ਇਨਕਲਾਬ ਦੀ ਤੇਜ਼ ਸੂਹੀ ਰੋਸ਼ਨੀ ਨਾਲ਼ ਰੋਸ਼ਨ ਹੋਈ ਸੀ। 'ਯੁਗਾਂਤਰ' ਅਤੇ 'ਅਨੁਸ਼ੀਲਨ' ਤੋਂ ਲੈ ਕੇ 'ਹਿੰਦੁਸਤਾਨ ਰਿਪਬਲਿਕਨ ਐਸੋਸਿਏਸ਼ਨ' ਤੱਕ ਦੀ ਮੱਧਵਰਗੀ ਅਰਾਜਕਤਾਵਾਦੀ ਇਨਕਲਾਬੀ ਲਹਿਰ ਦੇ ਵਿਕਾਸਕ੍ਰਮ ਦੀ ਗਹਿਰਾਈ ਵਿੱਚ ਜਾਂਚ ਪੜਤਾਲ ਕਰਨ, ਮਜਦੂਰਾਂ-ਕਿਸਾਨਾਂ ਨੂੰ ਜੱਥੇਬੰਦ ਕਰਨ ਦੀ ਮਹੱਤਤਾ ਨੂੰ ਸਮਝਣ ਅਤੇ ਫੇਰ ਵਿਗਿਆਨਕ ਸਮਾਜਵਾਦ ਨੂੰ ਪ੍ਰਵਾਨ ਕਰਨ ਦੀ ਮੰਜਿਲ ਤੱਕ ਪਹੁੰਚਣ ਦੇ ਪਿੱਛੇ ਭਗਤ ਸਿੰਘ ਅਤੇ ਭਗਵਤੀਚਰਣ ਵੋਹਰਾ ਦੀ ਮਹਾਨ ਪ੍ਰਤਿਭਾ ਦਾ ਯੋਗਦਾਨ ਤਾਂ ਸੀ ਹੀ, ਪਰ ਨਾਲ਼ ਹੀ, ਇਸਦੇ ਕੁੱਝ ਸੁਨਿਸ਼ਚਿਤ ਬਾਹਰਮੁਖੀ ਇਤਿਹਾਸਕ ਕਾਰਨ ਵੀ ਸਨ। ਇਸ ਵਿਚਾਰਕ ਵਿਕਾਸ ਦੇ ਪਿੱਛੇ ਗ਼ਦਰ ਪਾਰਟੀ ਦੇ ਨੇੜੇ ਦੇ ਅਤੀਤ ਦੀ ਭੂਮੀਕਾ ਬਹੁਤ ਮਹੱਤਵਪੂਰਨ ਸੀ। ਗ਼ਦਰ ਪਾਰਟੀ ਉਹ ਪਹਿਲੀ ਇਨਕਲਾਬੀ ਪਾਰਟੀ ਸੀ ਜਿਸ ਵਿੱਚ ਕਿਸਾਨਾਂ ਅਤੇ ਮਜਦੂਰਾਂ ਦੀ ਭੂਮਿਕਾ ਅਤੇ ਲੋਕ ਲਹਿਰਾਂ ਦੀ ਭੂਮਿਕਾ ਨੂੰ ਹਥਿਆਰਬੰਦ ਇਨਕਲਾਬ ਨਾਲ਼ ਜੋੜਨ ਦੀ ਸੋਚ ਮੌਜੂਦ ਸੀ ਅਤੇ ਜੋ ਇੱਕ ਜਮਹੂਰੀ ਗਣਤੰਤਰ ਦੀ ਸਥਾਪਨਾ ਦਾ ਨਿਸ਼ਚਿਤ ਸੰਕਲਪ ਪੇਸ਼ ਕਰ ਰਹੀ ਸੀ। ਇਹ ਕੋਈ ਅਚਾਨਕ ਨਹੀਂ ਸੀ ਕਿ ਅੱਗੇ ਚੱਲ ਕੇ ਗ਼ਦਰ-ਪਾਰਟੀ ਦੇ ਜ਼ਿਆਦਾਤਰ ਇਨਕਲਾਬੀ ਕਮਿਊਨਿਸਟ

ਲਹਿਰ ਵਿੱਚ ਸ਼ਾਮਲ ਹੋ ਗਏ। ਗ਼ਦਰ ਪਾਰਟੀ ਦੇ ਬਾਨੀ ਲਾਲਾ ਹਰਦਿਆਲ ਦੇ ਵਿਸ਼ਲੇਸ਼ਣ ਢੰਗ ਵਿੱਚ ਕਾਫ਼ੀ ਹੱਦ ਤੱਕ ਜੁਝਾਰੂ ਭੌਤਿਕਵਾਦੀ ਜਮਾਤੀ ਵਿਸ਼ਲੇਸ਼ਣ ਦੇ ਤੱਤ ਮੌਜੂਦ ਸਨ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਅਜੀਤ ਸਿੰਘ, ਲਾਲਾ ਹਰਦਿਆਲ ਅਤੇ ਕਰਤਾਰ ਸਿੰਘ ਸਰਾਭਾ ਦੀ ਇਨਕਲਾਬੀ ਜਮਹੂਰੀ ਪਰੰਪਰਾ ਨੂੰ ਅੱਗੇ ਵਧਾਇਆ ਜਿਸ ਤਰ੍ਹਾਂ ਰੂਸ ਵਿੱਚ ਪਲੇਖ਼ਾਨੋਵ ਅਤੇ ਵੇਰਾ ਜਾਸੂਲਿਚ ਆਦਿ ਦੀ ਪੀੜ੍ਹੀ ਨਰੋਦਵਾਦ ਦੀ ਇਨਕਲਾਬੀ ਜਮਹੂਰੀ ਵਿਰਾਸਤ ਤੋਂ ਅੱਗੇ ਵੱਧਕੇ ਮਾਰਕਸਵਾਦ ਤੱਕ ਪਹੁੰਚੀ। ਫ਼ਰਕ ਸਿਰਫ਼ ਇਹ ਸੀ ਕਿ ਭਗਤ ਸਿੰਘ, ਭਗਵਤੀ ਚਰਣ ਵੋਹਰਾ ਆਦਿ ਨੂੰ ਆਪਣੇ ਮਾਰਕਸਵਾਦੀ ਚਿੰਤਨ ਨੂੰ ਠੀਕ ਢੰਗ ਨਾਲ਼ ਅੱਗੇ ਵਧਾਉਣ ਅਤੇ ਉਸਨੂੰ ਅਮਲ ਵਿੱਚ ਲਿਆਉਣ ਦਾ ਮੌਕਾ ਹੀ ਨਹੀਂ ਮਿਲਿਆ।

ਭਗਤ ਸਿੰਘ ਦੀ ਮਾਰਕਸਵਾਦ ਤੱਕ ਦੀ ਯਾਤਰਾ ਐਮ. ਐਨ. ਰਾਏ ਅਤੇ ਹੋਰ ਵਿਦੇਸ਼ਾਂ ਤੋਂ ਪਰਤੇ ਕਮਿਊਨਿਸਟਾਂ ਤੋਂ ਵੱਖ ਸੀ। ਉਹਨਾਂ ਨੇ ਮਾਰਕਸਵਾਦੀ ਕਲਾਸਿਕਸ ਦਾ ਅਧਿਐਨ ਕੀਤਾ ਅਤੇ ਇਸ ਪ੍ਰਕਿਰਿਆ ਵਿੱਚ ਵਿਕਸਿਤ ਹੁੰਦੀ ਦ੍ਰਿਸ਼ਟੀ ਨਾਲ਼ ਭਾਰਤੀ ਸਮਾਜ ਅਤੇ ਰਾਜਨੀਤੀ ਦਾ ਮੌਲਿਕ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਇਹ ਕੋਸ਼ਿਸ਼ ਚਾਹੇ ਕਿੰਨੀ ਵੀ ਛੋਟੀ ਅਤੇ ਅਣਘੜ ਕਿਉਂ ਨਾ ਹੋਵੇ, ਪਰ ਇਸਦੀ ਮੌਲਿਕਤਾ ਅਤੇ ਇਸਦੇ ਵਿਕਾਸ ਦੀ ਤੇਜ਼ ਰਫ਼ਤਾਰ ਸਭ ਤੋਂ ਵੱਧ ਵਰਨਣਯੋਗ ਹੈ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਭਾਰਤ ਦੇ ਸ਼ੁਰੂਆਤੀ ਕਮਿਊਨਿਸਟ ਆਗੂਆਂ ਦੀ ਤਰ੍ਹਾਂ ਸੋਵੀਅਤ ਸੰਘ ਅਤੇ ਬਰਤਾਨੀਆਂ ਦੀਆਂ ਕਮਿਊਨਿਸਟ ਪਾਰਟੀਆਂ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੇ ਦਸਤਾਵੇਜ਼ਾਂ ਵਿੱਚ ਪੇਸ਼ ਵਿਸ਼ਲੇਸ਼ਣਾਂ-ਨਿਚੋੜਾਂ ਨੂੰ ਅਧਾਰ ਬਣਾਕੇ ਭਾਰਤੀ ਹਾਲਤਾਂ ਨੂੰ ਦੇਖਣ ਅਤੇ ਕਾਰਜ ਤੈਅ ਕਰਨ ਦੀ ਬਜਾਏ ਖੁਦ ਆਪਣੀ ਦ੍ਰਿਸ਼ਟੀ ਅਤੇ ਅਧਿਐਨ ਦੇ ਅਧਾਰ 'ਤੇ ਬ੍ਰਿਟਿਸ਼ ਬਸਤੀਵਾਦ, ਕਾਂਗਰਸ, ਗਾਂਧੀ ਆਦਿ ਬਾਰੇ ਮੁਲਾਂਕਣ ਬਣਾਏ। ਪਹੁੰਚ ਦੀ ਇਹ ਮੌਲਿਕਤਾ ਵਿਸ਼ੇਸ਼ ਰੂਪ 'ਚ ਸਾਡੇ ਦੇਸ਼ ਵਿੱਚ ਵਰਨਣਯੋਗ ਹੈ ਜਿੱਥੇ ਵੱਡੀਆਂ ਪਾਰਟੀਆਂ ਅਤੇ ਅੰਤਰਰਾਸ਼ਟਰੀ ਲੀਡਰਸ਼ਿਪ ਦੀ ਅੰਨ੍ਹੀ ਨਕਲ ਇੱਕ ਗੰਭੀਰ ਬਿਮਾਰੀ ਦੇ ਰੂਪ ਵਿੱਚ ਮੌਜੂਦ ਰਹੀ ਹੈ। ਇਹਨਾਂ ਮਾਅਨਿਆਂ ਵਿੱਚ ਭਗਤ ਸਿੰਘ, ਭਗਵਤੀਚਰਣ ਵੋਹਰਾ ਆਦਿ ਦੀ ਵਿਕਾਸ ਯਾਤਰਾ ਮਾਓ-ਜ਼ੇ-ਤੁੰਗ ਅਤੇ ਹੋ-ਚੀ-ਮਿਨ੍ਹ ਦੇ ਜ਼ਿਆਦਾ ਨੇੜੇ ਪ੍ਰਤੀਤ ਹੁੰਦੀ ਹੈ, ਜਿਨ੍ਹਾਂ ਨੇ ਅੰਤਰਰਾਸ਼ਟਰੀ ਲੀਡਰਸ਼ਿਪ ਤੋਂ ਸਿੱਖਦੇ ਹੋਏ ਵੀ, ਆਪਣੇ-ਆਪਣੇ ਦੇਸ਼ਾਂ ਦੀਆਂ ਠੋਸ ਹਾਲਤਾਂ ਦਾ ਖੁਦ ਅਧਿਐਨ ਕੀਤਾ ਅਤੇ ਇਨਕਲਾਬ ਦੀ ਯੁੱਧਨੀਤੀ, ਆਮ ਦਾਅਪੇਚ ਅਤੇ ਰਾਹ ਤੈਅ ਕੀਤੇ। ਇਹ ਸੋਚਣ ਦਾ ਠੋਸ ਅਧਾਰ ਹੈ ਕਿ ਜੇ ਭਗਤ ਸਿੰਘ ਜਿਉਂਦੇ ਰਹੇ ਹੁੰਦੇ ਅਤੇ ਉਹਨਾਂ ਨੂੰ ਆਪਣੀ ਸੋਚ ਦੇ ਅਧਾਰ 'ਤੇ ਕਮਿਊਨਿਸਟ ਪਾਰਟੀ ਬਣਾਉਣ ਜਾਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਕੇ ਉਹਨੂੰ ਆਪਣੀ ਸੋਚ ਦੇ ਮੁਤਾਬਿਕ ਦਿਸ਼ਾ ਦੇਣ ਦਾ ਮੌਕਾ ਮਿਲਿਆ ਹੁੰਦਾ ਤਾਂ ਸ਼ਾਇਦ ਇਸ ਦੇਸ਼ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਜਾਂ ਸ਼ਾਇਦ ਇਸ ਦੇਸ਼ ਦਾ ਹੀ ਇਤਿਹਾਸ ਕਿਸੇ ਹੋਰ ਢੰਗ ਨਾਲ਼ ਲਿਖਿਆ ਜਾਂਦਾ।

ਖੈਰ, ਅੱਜ ਅਜਿਹਾ ਸੋਚਣ ਦੀ ਇੱਕੋ ਇੱਕ ਪ੍ਰਸੰਗਿਕਤਾ ਇਹੀ ਹੋ ਸਕਦੀ ਹੈ ਕਿ ਇਨਕਲਾਬੀ ਵਿਚਾਰ ਅਤੇ ਕਰਮ ਦੀ ਉਸ ਅਧੂਰੀ ਯਾਤਰਾ ਨੂੰ ਇੱਕ ਵਾਰ ਫੇਰ ਅੱਗੇ ਵਧਾਉਣ ਅਤੇ ਅੰਜਾਮ ਤੱਕ ਪਹੁੰਚਾਉਣ ਦੀ ਬੇਚੈਨੀ ਨਾਲ਼ ਹਰ ਪ੍ਰਗਤੀਵਾਦੀ ਭਾਰਤੀ ਨੌਜਵਾਨ ਦਾ ਦਿੱਲ ਲਬਰੇਜ਼ ਕਰ ਦਿੱਤਾ ਜਾਵੇ। ਭਗਤ ਸਿੰਘ ਦੇ ਹੀ ਸੰਦੇਸ਼ ਨੂੰ ਅਧਾਰ ਬਣਾਕੇ ਲੋਕਾਂ ਤੱਕ ਇਸ ਸੰਦੇਸ਼ ਨੂੰ ਪਹੁੰਚਾਉਣਾ ਹੋਵੇਗਾ ਕਿ ਇਹੀ ਸਾਮਰਾਜਵਾਦ ਅਤੇ ਪੂੰਜੀਵਾਦ ਦੇ ਵਿਰੁੱਧ ਨਿਰਨਾਇਕ ਸੰਘਰਸ਼ ਦਾ ਉਹ ਇਤਿਹਾਸਕ ਦੌਰ ਹੈ ਜਿਸਦੀ ਭਵਿੱਖਬਾਣੀ ਭਗਤ ਸਿੰਘ ਨੇ ਕੀਤੀ ਸੀ। ਕਾਂਗਰਸੀ ਲੀਡਰਾਂ ਨੇ ਕੌਮੀ ਲਹਿਰ ਨੂੰ ਅੱਧੀ ਸਦੀ ਪਹਿਲਾਂ ਇੱਕ ਅਜਿਹੇ ਮੁਕਾਮ ਤੱਕ ਪਹੁੰਚਾਇਆ, ਜਦ ਪੂੰਜੀਵਾਦੀ ਸ਼ਾਸਨ ਦੇ ਰੂਪ ਵਿੱਚ ਸਾਨੂੰ ਅਧੂਰੀ, ਖੰਡਿਤ ਅਤੇ ਅਪੰਗ ਆਜ਼ਾਦੀ ਮਿਲ਼ੀ ਅਤੇ ਉਦੋਂ ਤੋਂ ਲੈ ਕੇ ਅੱਜ ਤੱਕ ਇਤਿਹਾਸ ਇੱਕ ਹਨ੍ਹੇਰੀ ਸੁਰੰਗ ਦਾ ਦੁਖਦਾਈ ਸਫ਼ਰਨਾਮਾ ਬਣ ਕੇ ਰਹਿ ਗਿਆ। ਹੁਣ ਇੱਕ ਵਾਰ ਫ਼ੇਰ, ਜਿਵੇਂ ਕਿ ਭਗਤ ਸਿੰਘ ਨੇ ਕਿਹਾ ਸੀ, ਸਾਨੂੰ "**ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼**" ਕਰਨੀ ਹੋਵੇਗੀ ਅਤੇ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਨਵੇਂ ਸਮਾਜਵਾਦੀ ਇਨਕਲਾਬ ਦਾ ਸੰਦੇਸ਼ ਕਾਰਖਾਨਿਆਂ-ਝੌਪੜੀਆਂ ਤੱਕ, ਕਿਰਤੀਆਂ ਦੇ ਹਨ੍ਹੇਰੇ ਸੰਸਾਰ ਤੱਕ, ਹਰ ਜਿਉਂਦੇ ਦਿਲ ਤੱਕ ਲੈ ਕੇ ਜਾਣਾ ਹੋਵੇਗਾ। ਭਗਤ ਸਿੰਘ ਦਾ ਨਾਮ ਅੱਜ ਇਸੇ ਸੰਕਲਪ ਦਾ ਪ੍ਰਤੀਕ ਚਿੰਨ੍ਹ ਹੈ ਅਤੇ ਉਹਨਾਂ ਦਾ ਚਿੰਤਨ ਦੁਮੇਲ 'ਤੇ ਲਗਾਤਾਰ ਜਲਦੀ ਮਸ਼ਾਲ ਦੀ ਤਰ੍ਹਾਂ ਸਾਨੂੰ ਪ੍ਰੇਰਣਾ ਦੇ ਰਿਹਾ ਹੈ ਅਤੇ ਦਿਸ਼ਾ ਦਿਖਾ ਰਿਹਾ ਹੈ। (**ਅਨੁਵਾਦ—ਸੁਖਵਿੰਦਰ ਆਦਮਪੁਰ**)

●

ਤੂੰ ਉਥੇ ਬੈਠਦਾ ਏਂ ਪੜ੍ਹਨ ਲਈ।
ਅਤੇ ਕਿੰਨਾ ਖ਼ੂਨ ਵਿਹਾ ਸੀ ਕਿ ਤੂੰ ਉਥੇ ਬੈਠ ਸਕੇਂ।
ਕੀ ਅਜਿਹੀਆਂ ਕਹਾਣੀਆਂ ਤੈਨੂੰ ਬੋਰ ਕਰਦੀਆਂ ਹਨ ?
ਪਰ ਇਹ ਨਾ ਭੁੱਲ ਕਿ ਪਹਿਲਾਂ ਦੂਸਰੇ ਬੈਠਦੇ ਸਨ
ਤੇਰੀ ਜਗ੍ਹਾ ਜੋ ਬੈਠ ਜਾਂਦੇ ਸਨ
ਬਾਅਦ ਵਿੱਚ ਲੋਕਾਂ ਦੀ ਛਾਤੀ ਉਪਰ
ਹੋਸ਼ ਵਿੱਚ ਆਓ!

●

ਤੇਰਾ ਵਿਗਿਆਨ ਵਿਅਰਥ ਹੋਵੇਗਾ
ਤੇਰੇ ਲਈ
ਅਤੇ ਅਧਿਐਨ ਬਾਂਝ
ਜੇਕਰ ਪੜ੍ਹਦਾ ਰਿਹਾ
ਬਿਨਾਂ ਸਮਰਪਤ ਕੀਤੇ ਆਪਣੀ ਬੁੱਧੀ ਨੂੰ
ਲੜਨ ਲਈ,
ਸਾਰੀ ਮਨੁੱਖਤਾ ਦੇ
ਸਾਰੇ ਦੁਸ਼ਮਣਾਂ ਵਿਰੁੱਧ

—ਬ੍ਰਤੋਲਤ ਬ੍ਰੈਖ਼ਤ

ਫਿਲਮਾਂ ਅਤੇ ਪੋਸਟਰਾਂ ਵਿੱਚ ਭਗਤ ਸਿੰਘ

—ਅਜੇ ਪਾਲ

ਭਗਤ ਸਿੰਘ ਜੋ ਭਾਰਤੀ ਕਿਰਤੀ ਲੋਕਾਂ ਦੀ ਮੁਕਤੀ ਦਾ ਪ੍ਰਤੀਕ ਚਿਨ੍ਹ ਹਨ, ਕੇਵਲ ਪੰਜਾਬ ਹੀ ਨਹੀਂ ਬਲਕਿ ਪੂਰੇ ਭਾਰਤ ਦੇ ਆਮ ਲੋਕਾਂ ਦੇ ਦਿਲਾਂ ਦੀ ਧੜਕਣ ਹਨ। ਇਸੇ ਲਈ ਲੁਟੇਰੀ ਸਰਮਾਏਦਾਰੀ ਸੱਤ੍ਹਾ ਲਈ ਇਹ ਜ਼ਰੂਰੀ ਬਣ ਗਿਆ ਹੈ ਕਿ ਉਹ ਭਾਰਤੀ ਲੋਕਾਂ ਕੋਲੋਂ ਉਸਦੇ ਨਾਇਕ ਨੂੰ ਖੋਹਣ ਅਤੇ ਆਪਣੀਆਂ ਇਨ੍ਹਾਂ ਘਟੀਆ ਕੋਸ਼ਿਸ਼ਾਂ ਵਿੱਚ ਉਹ ਕਦੀ ਕਮੀ ਨਹੀਂ ਆਉਣ ਦਿੰਦੇ। ਉਹ ਫਿਲਮਾਂ, ਪੋਸਟਰਾਂ, ਕਿਤਾਬਾਂ ਰਾਹੀਂ ਭਗਤ ਸਿੰਘ ਦੀ ਇੱਕ ਗ਼ਲਤ ਤਸਵੀਰ ਪੇਸ਼ ਕਰਦੇ ਹਨ, 'ਇੱਕ ਇਨਕਲਾਬੀ ਦਹਿਸ਼ਤਪਸੰਦ ਦੀ ਤਸਵੀਰ!' ਇਸ ਵਿੱਚ ਸਭ ਤੋਂ ਮਹੱਤਵਪੂਰਨ ਅਤੇ ਪ੍ਰਭਾਵੀ ਢੰਗ ਜੋ ਉਹ ਆਪਣੇ ਇਸ ਕੁਕਰਮ ਨੂੰ ਲੋਕਾਂ ਵਿੱਚ ਜਾਇਜ਼ ਠਹਿਰਾਉਣ ਲਈ ਵਰਤਦੇ ਹਨ, ਉਹ ਹਨ ਫਿਲਮਾਂ। ਇਸ ਲਈ ਹੋਰਨਾਂ ਤਰੀਕਿਆਂ ਨੂੰ ਪੜਚੋਲਣ ਤੋਂ ਪਹਿਲਾਂ ਅਸੀਂ ਭਗਤ ਸਿੰਘ ਨੂੰ ਲੈ ਕੇ ਬਣੀਆਂ ਫਿਲਮਾਂ 'ਤੇ ਪਹਿਲਾਂ ਗੱਲ ਕਰਾਂਗੇ।

ਭਾਰਤੀ ਸਿਨੇਮਾ ਪਿਛਲੇ ਕਾਫੀ ਲੰਬੇ ਸਮੇਂ ਤੋਂ ਖੜੋਤ ਦਾ ਸ਼ਿਕਾਰ ਹੈ। ਇੱਥੇ ਇੱਕ ਹੀ ਤਰਜ਼ 'ਤੇ ਕਈ ਫਿਲਮਾਂ ਬਣਦੀਆਂ ਹਨ ਤੇ ਲੋਕਾਂ ਨੂੰ ਰੱਜਕੇ ਬੋਰ ਕਰਦੀਆਂ ਹਨ ਤੇ ਫਿਰ ਜਿਵੇਂ ਹੀ ਭਗਤ ਸਿੰਘ ਦੀ ਜਨਮਸ਼ਤਾਬਦੀ ਨੇੜੇ ਆਉਣ ਲੱਗੀ ਭਾਰਤੀ ਸਿਨੇਮੇ ਨੂੰ ਆਪਣੀ ਇਹ ਖੜੋਤ ਟੁੱਟਦੀ ਦਿਖੀ। ਸੰਨ 2000 ਤੋਂ ਬਾਅਦ ਭਗਤ ਸਿੰਘ 'ਤੇ ਬਣੀਆਂ ਫਿਲਮਾਂ ਦੀ ਤਾਂ ਜਿਵੇਂ ਝੜੀ ਜਿਹੀ ਲੱਗੀ। ਭਗਤ ਸਿੰਘ ਨਾਲ ਵੀ ਭਾਰਤੀ ਫ਼ਿਲਮ ਨਿਰਦੇਸ਼ਕਾਂ ਨੇ 'ਘੜੇ ਨੂੰ ਹੱਥ ਲਾਇਆ ਤੇ ਸਾਰਾ ਟੱਬਰ ਤਿਹਾਇਆ' ਵਾਲ਼ੀ ਗੱਲ ਕੀਤੀ। ਇੱਕ ਨੇ ਭਗਤ ਸਿੰਘ 'ਤੇ ਫਿਲਮ ਬਣਾਉਣ ਦੀ ਸੋਚੀ ਨਹੀਂ ਕਿ ਉਸਦੇ ਮਗਰ ਹੀ ਹੋਰਨਾਂ ਦੀ ਵੀ ਲਾਇਨ ਲੱਗ ਗਈ। ਕੁੱਝ ਫਿਲਮਾਂ ਬਣ ਕੇ ਬਾਹਰ ਆਈਆਂ ਅਤੇ ਕੁੱਝ ਡੱਬਾ ਬੰਦ ਹੋ ਗਈਆਂ। ਮੁੱਖ ਰੂਪ ਵਿੱਚ ਦੋ-ਤਿੰਨ ਫਿਲਮਾਂ ਹੀ ਜ਼ਿਕਰਯੋਗ ਹਨ— '23 ਮਾਰਚ, 1931-ਸ਼ਹੀਦ' (ਨਿਰਦੇਸ਼ਕ-ਗੁੱਡੂ ਧਨੋਆ), 'ਲੀਜ਼ੇਂਡ ਆਫ਼ ਭਗਤ ਸਿੰਘ' (ਨਿਰਦੇਸ਼ਕ- ਰਾਜ ਕੁਮਾਰ ਸੰਤੋਸ਼ੀ) ਅਤੇ 'ਰੰਗ ਦੇ ਬਸੰਤੀ' (ਨਿਰਦੇਸ਼ਕ- ਰਕੇਸ਼ ਓਮ ਪ੍ਰਕਾਸ਼ ਮਹਿਰਾ)। ਗੁੱਡੂ ਧਨੋਆ ਦੁਆਰਾ ਨਿਰਦੇਸ਼ਤ '23 ਮਾਰਚ, 1931-ਸ਼ਹੀਦ' ਬਾਰੇ ਤਾਂ ਏਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਫਿਲਮ ਦਾ ਨਾਂ '23 ਮਾਰਚ, 1931-ਸ਼ਹੀਦ' ਨਾ ਹੋ ਕੇ 'ਸ਼ਹੀਦ ਸਨੀ ਦਿਓਲ ਅਜ਼ਾਦ' ਹੋਣਾ ਚਾਹੀਦਾ ਹੈ ਕਿਉਂਕਿ ਫਿਲਮ ਵਿੱਚ ਆਜ਼ਾਦ ਦੇ ਰੋਲ ਵਿੱਚ ਸਨੀ ਦਿਓਲ ਦਾ ਚਰਿੱਤਰ ਏਨ੍ਹਾ ਭਾਰੀ ਅਤੇ ਕਦਵਾਰ ਪਾਤਰ ਦੇ ਰੂਪ ਵਿੱਚ ਚਿਤਰਿਆ ਗਿਆ ਹੈ ਕਿ ਭਗਤ ਸਿੰਘ ਦਾ ਪਾਤਰ ਉਸ ਸਾਹਮਣੇ ਬੋਣਾ ਮਹਿਸੂਸ ਹੋਣ ਲੱਗਦਾ ਹੈ ਅਤੇ ਉਸਤੋਂ ਵੀ ਮਹੱਤਵਪੂਰਨ ਗੱਲ ਇਹ ਕਿ ਪੂਰੀ ਫਿਲਮ ਹੀ ਭਗਤ ਸਿੰਘ ਦੀ ਅਸਲ ਵਿਚਾਰਧਾਰਾ ਨੂੰ ਛਿੱਕੇ ਟੰਗਕੇ ਬਣਾਈ ਗਈ ਹੈ। ਭਗਤ ਸਿੰਘ ਨੂੰ ਹਥਿਆਰਾਂ ਤੱਕ ਹੀ ਸੀਮਤ ਕਰਕੇ ਰੱਖਿਆ ਗਿਆ ਹੈ। ਰਾਜ ਕੁਮਾਰ ਸੰਤੋਸ਼ੀ ਦੁਆਰਾ ਨਿਰਦੇਸ਼ਤ ਫਿਲਮ ਬਾਕੀਆਂ ਦੇ 'ਮੁਕਾਬਲਤਨ' ਠੀਕ ਰਹੀ ਜਿਸ ਵਿੱਚ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਕੁੱਝ ਗੱਲ ਕਹੀ ਤਾਂ ਗਈ ਪਰ ਉਹ ਛੂਹਕੇ ਦੋੜਨ ਵਾਲ਼ੀ ਗੱਲ ਹੀ ਸੀ। ਨਵੇਂ ਦਰਸ਼ਕ ਦੇ ਪੱਲੇ ਇਸ ਵਿੱਚੋਂ ਢੰਗ ਨਾਲ਼ ਕੁੱਝ ਨਹੀਂ ਪੈਂਦਾ।

ਸਭ ਤੋਂ ਜ਼ਿਆਦਾ ਜ਼ਿਕਰਯੋਗ ਫਿਲਮ ਜੋ ਬਣੀ ਉਹ ਹੈ 'ਰੰਗ ਦੇ ਬਸੰਤੀ'। ਇਹ ਸਾਰੀ ਫਿਲਮ ਇਨ੍ਹੀ ਜ਼ਿਆਦਾ ਪਿਛਾਖੜੀ ਹੈ ਕਿ ਇਸਨੂੰ ਭਗਤ ਸਿੰਘ ਦੇ ਨਾਮ 'ਤੇ ਕਲੰਕ ਹੀ ਕਿਹਾ ਜਾ ਸਕਦਾ ਹੈ। ਇਸਤੋਂ ਪਹਿਲਾਂ ਭਗਤ ਸਿੰਘ ਦੀ ਵਿਚਾਰਧਾਰਾ ਨਾਲ਼ ਏਨ੍ਹਾ ਵੱਡਾ ਦਗ਼ਾ ਕਦੇ ਨਹੀਂ ਸੀ ਕਮਾਇਆ ਗਿਆ। 'ਰੰਗ ਦੇ ਬਸੰਤੀ' ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਇਤਿਹਾਸ ਨੂੰ ਵਰਤਮਾਨ ਨਾਲ਼ ਜੋੜਿਆ ਗਿਆ ਹੈ। ਭਾਵੇਂ ਫਿਲਮ ਦੇ ਸਾਰੇ ਇਤਿਹਾਸਕ ਪਾਤਰ ਐਚ. ਐਸ. ਆਰ. ਏ. ਨਾਲ਼ ਸਬੰਧਤ ਹਨ ਪਰ ਨਿਰਦੇਸ਼ਕ ਨੇ ਬੜੀ ਚਲਾਕੀ ਨਾਲ਼ ਉਨ੍ਹਾਂ ਨੂੰ ਸਿਰਫ 'ਨਿੱਜੀ ਦੁਸ਼ਮਣੀ ਦਾ ਬਦਲਾ' ਅਤੇ 'ਨਿੱਜੀ ਦੇਸ਼ ਪ੍ਰੇਮ' ਤੱਕ ਹੀ ਸੀਮਿਤ ਕਰ ਦਿੱਤਾ ਹੈ। ਭਲਾ ਫਿਲਮ ਦੇ ਨਾਇਕਾਂ ਨੂੰ ਆਪਣੇ ਇੱਕ ਹਵਾਈ ਫੌਜ ਵਿੱਚ ਅਫਸਰ ਲੱਗੇ ਸਾਥੀ ਦੀ ਮੌਤ ਤੋਂ ਬਾਅਦ ਹੀ ਦੇਸ਼ ਸੇਵਾ ਦਾ 'ਭੂਤ' ਕਿਉਂ ਸਵਾਰ ਹੁੰਦਾ ਹੈ? ਉਸ ਤੋਂ ਪਹਿਲਾਂ???

ਫਿਲਮ ਵਿੱਚ ਭਗਤ ਸਿੰਘ ਅਤੇ ਸਾਥੀਆਂ ਦੀਆਂ 1929 ਤੱਕ ਦੀਆਂ ਸਰਗਰਮੀਆਂ ਨੂੰ ਤਾਂ ਦਿਖਾਇਆ ਗਿਆ ਹੈ ਪਰ ਸਾਂਡਰਸ ਦੀ ਮੌਤ ਤੋਂ ਲੈਕੇ 1931 ਤੱਕ ਦੇ ਉਨ੍ਹਾਂ ਦੇ ਵਿਚਾਰਧਾਰਕ ਵਿਕਾਸ ਨੂੰ ਬੜੀ ਚਲਾਕੀ ਨਾਲ਼ ਪਰਦੇ 'ਤੋਂ ਹਟਾ ਦਿੱਤਾ ਹੈ। 1929 ਤੱਕ ਦੀਆਂ ਸਰਗਰਮੀਆਂ ਵਿੱਚੋਂ ਵੀ ਉਹ ਉਨ੍ਹਾਂ ਦੀਆਂ ਦਹਿਸ਼ਤਗਰਦ ਕਾਰਵਾਈਆਂ ਦਿਖਾਉਂਦਾ ਹੈ। ਪਰ ਉਹ ਜ਼ਿਕਰ ਨਹੀਂ ਕਰਦਾ ਕਿ ਉਨ੍ਹਾਂ 'ਨੌਜਵਾਨ ਭਾਰਤ ਸਭਾ' ਨਾਮ ਦੀ ਇੱਕ ਜਨਤਕ ਜਥੇਬੰਦੀ ਬਣਾਕੇ ਲੋਕਾਂ ਵਿੱਚ ਪ੍ਰਚਾਰ ਦੇ ਕੰਮਾਂ ਨੂੰ ਕਿਵੇਂ ਨੇਪਰੇ ਚਾੜਿਆ ਸੀ! ਉਹ ਜ਼ਿਕਰ ਨਹੀਂ ਕਰਦਾ ਭਗਤ ਸਿੰਘ ਅਤੇ ਸਾਥੀਆਂ ਵਿਚਕਾਰ ਚਲਦੀਆਂ ਵਿਚਾਰਧਾਰਕ ਬਹਿਸਾਂ ਦਾ! ਉਹ ਜ਼ਿਕਰ ਨਹੀਂ ਕਰਦਾ ਭਗਤ ਸਿੰਘ ਦੇ ਗਹਿਰ ਗੰਭੀਰ ਚਿੰਤਕ ਦੇ ਰੂਪ ਵਿੱਚ ਵਿਚਰਨ ਦਾ! ਉਹ ਇਸ ਗਲ 'ਤੇ ਵੀ ਪਰਦਾ ਪਾਉਂਦਾ ਹੈ ਕਿ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਭਾਰਤੀ ਇਨਕਲਾਬ ਦਾ ਇੱਕ ਪੂਰਾ ਖਰੜਾ (ਜੋ 2 ਫਰਵਰੀ 1931 ਨੂੰ ਲਿਖਿਆ ਗਿਆ ਅਤੇ ਬਾਅਦ ਵਿੱਚ 'ਇਨਕਲਾਬੀ ਪ੍ਰੋਗਰਾਮ ਦਾ ਖਰੜਾ' ਨਾਮ ਨਾਲ਼ ਪ੍ਰਸਿੱਧ ਹੋਇਆ) ਤਿਆਰ ਕੀਤਾ ਸੀ! ਸਮੁੱਚੀ ਫਿਲਮ ਵਿੱਚ ਭਗਤ ਸਿੰਘ ਤੇ ਸਾਥੀਆਂ ਦੀ ਕਿਸੇ ਵੀ ਲਿਖਤ ਦੀ ਚਰਚਾ ਨਹੀਂ ਆਉਂਦੀ। ਨਿਰਦੇਸ਼ਕ ਦੁਆਰਾ ਚੁਣੀਆਂ ਗਈਆਂ ਤਿੰਨੇ ਘਟਨਾਵਾਂ ਕਕੋਰੀ ਕਾਂਡ (ਅਸਲ ਵਿੱਚ ਕਕੋਰੀ ਕਾਂਡ ਵਿੱਚ ਭਗਤ ਸਿੰਘ ਸ਼ਾਮਲ ਨਹੀਂ ਸਨ), ਸਾਂਡਰਸ ਕਤਲ

ਅਤੇ ਬੰਦੂਕਾਂ ਬੀਜਣ ਵਾਲਾ ਦ੍ਰਿਸ਼ ਹਿੰਸਾ ਦੇ ਪ੍ਰਤੀਕ ਹੀ ਹਨ। ਇਸ ਤਰ੍ਹਾਂ ਫਿਲਮ ਵਿੱਚ ਇਨ੍ਹਾਂ ਇਨਕਲਾਬੀਆਂ ਨੂੰ ਹਿੰਸਾ ਦੇ ਸ਼ੁਦਾਈ ਬਣਾਕੇ ਉਸੇ ਤਰ੍ਹਾਂ ਚਿਤਰਿਆ ਗਿਆ ਹੈ ਜਿਵੇਂ ਕਿ ਦੇਸ਼ ਦੇ ਹਾਕਮ ਪਿਛਲੇ ਕਈ ਦਹਾਕਿਆਂ ਤੋਂ ਉਨਾਂ ਨੂੰ ਪੇਸ਼ ਕਰਦੇ ਆ ਰਹੇ ਹਨ।

ਪਰ ਕੀ ਭਗਤ ਸਿੰਘ ਅਸਲੀਅਤ ਵਿੱਚ ਵੀ ਅਜਿਹੇ ਹੀ ਸਨ। ਸੋਚਣ ਵਾਲ਼ੀ ਗੱਲ ਇਹ ਹੈ ਕਿ ਜੇ ਭਗਤ ਸਿੰਘ ਹਿੰਸਾ ਵੱਜੋਂ ਹੀ 'ਨਾਇਕ' ਹਨ ਤਾਂ ਉਨ੍ਹਾਂ ਨਾਲ਼ੋਂ ਵੱਧ ਹਿੰਸਾ ਤਾਂ ਉਨ੍ਹਾਂ ਦੇ ਪੁਰਖੇ ਇਨਕਲਾਬੀਆਂ ਨੇ ਦਿਖਾਈ ਸੀ। ਭਗਤ ਸਿੰਘ ਨੇ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਜੋ ਥਾਂ ਬਣਾਈ ਉਸਦੀ ਇੱਕ ਮਹੱਤਵਪੂਰਨ ਵਜ੍ਹਾ ਇਹ ਹੈ ਕਿ ਭਗਤ ਸਿੰਘ ਤੋਂ ਪਹਿਲਾਂ ਆਏ ਇਨਕਲਾਬੀਆਂ ਕੋਲ ਭਵਿੱਖ ਦੇ ਇਨਕਲਾਬ ਦੀ ਕੋਈ ਨਿਰਧਾਰਤ ਯੁੱਧਨੀਤੀ ਨਹੀਂ ਸੀ। ਉਹ ਇਹ ਤਾਂ ਜਾਣਦੇ ਸਨ ਕਿ ਭਾਰਤ ਨੂੰ ਅੰਗ੍ਰੇਜ਼ਾਂ ਤੋਂ ਅਜ਼ਾਦ ਕਰਵਾਉਣਾ ਹੈ ਪਰ ਅਜ਼ਾਦ ਭਾਰਤ ਦਾ ਕੋਈ ਸਪਸ਼ਟ ਨਕਸ਼ਾ ਉਨ੍ਹਾਂ ਕੋਲ ਨਹੀਂ ਸੀ। ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਰਹਿੰਦੇ ਲੋਕ ਕਿਵੇਂ ਖੁਸ਼ਹਾਲ ਹੋਣਗੇ ਇਸ ਬਾਰੇ ਉਹ ਕੋਈ ਬਹੁਤੇ ਸਪਸ਼ਟ ਨਹੀਂ ਸਨ। ਇਹ ਭਗਤ ਸਿੰਘ ਹੀ ਸਨ ਜਿਨ੍ਹਾਂ ਨੇ ਆਜ਼ਾਦ ਭਾਰਤ ਦਾ ਸਪਸ਼ਟ ਚਿੱਤਰ ਪਹਿਲੀ ਵਾਰ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਕੇਵਲ ਅੰਗ੍ਰੇਜ਼ ਸਰਮਾਏਦਾਰਾਂ ਨੂੰ ਭਜਾਉਣਾ ਹੀ ਉਹਨਾਂ ਦਾ ਮਕਸਦ ਨਹੀਂ ਸੱਗੋਂ ਨਾਲ਼ ਹੀ ਭਾਰਤੀ ਸਰਮਾਏਦਾਰਾਂ ਅਤੇ ਹੋਰਨਾਂ ਹਾਕਮਾਂ ਦੀ ਵੀ ਉਹਨਾਂ ਫੱਟੀ ਪੋਚ ਦੇਣੀ ਹੈ। ਅਜ਼ਾਦੀ ਦਾ ਮਤਲਬ ਆਮ ਲੋਕਾਂ ਲਈ ਤਾਂ ਹੀ ਸਾਰਥਕ ਬਣੇਗਾ ਜੇਕਰ ਇੱਕ ਲੁੱਟ ਰਹਿਤ ਢਾਂਚਾ ਉਸਾਰਿਆ ਜਾਵੇਗਾ। ਇੱਕ ਅਜਿਹਾ ਢਾਂਚਾ ਜਿਸ ਵਿੱਚ **"ਇਨਸਾਨ ਹੱਥੋਂ ਇਨਸਾਨ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇ"**। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ 1929-31 ਤੱਕ ਹੋਏ ਵਿਚਾਰਧਾਰਕ ਵਿਕਾਸ ਕਾਰਣ ਉਨ੍ਹਾਂ ਨੂੰ ਵਿਅਕਤੀਗਤ ਹਿੰਸਾ ਦੀ ਹੱਦ ਦਾ ਗਿਆਨ ਹੋ ਗਿਆ ਸੀ ਅਤੇ ਉਹ ਮਾਰਕਸਵਾਦੀ ਵਿਚਾਰਧਾਰਾ ਵੱਲ ਖਿੱਚੇ ਗਏ ਸਨ। ਉਹ ਇਸ ਨਤੀਜੇ 'ਤੇ ਪਹੁੰਚ ਚੁੱਕੇ ਸਨ ਕਿ ਇਨਕਲਾਬ ਹਿੰਸਕ ਸਾਧਨਾਂ ਦੁਆਰਾ ਹੀ ਨੇਪਰੇ ਚਾੜ੍ਹੇ ਜਾ ਸਕਦੇ ਹਨ। ਪਰ ਹਿੰਸਾ ਸਹੀ ਅਰਥਾਂ ਵਿੱਚ ਵਿਸ਼ਾਲ ਕਿਰਤੀ ਲੋਕਾਂ ਦੁਆਰਾ ਲੜੇ ਜਾਣ ਵਾਲ਼ੇ ਯੁੱਧ ਦੇ ਰੂਪ ਵਿੱਚ ਹੋਣੀ ਚਾਹੀਦੀ ਹੈ। ਇਸੇ ਵਜ੍ਹਾ ਕਰਕੇ ਉਨ੍ਹਾਂ ਵਿਦਿਆਰਥੀਆਂ ਨੌਜਵਾਨਾਂ ਦੇ ਨਾਮ ਆਪਣੇ ਸੰਦੇਸ਼ ਵਿੱਚ ਕਿਹਾ ਸੀ, **"ਅਸੀਂ ਨੌਜਵਾਨਾਂ ਨੂੰ ਬੰਬ ਅਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ।.....ਫ਼ੈਕਟਰੀਆਂ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿੱਚ ਨੌਜਵਾਨਾਂ ਨੇ ਇਨਕਾਲਬ ਦਾ ਸੁਨੇਹਾ, ਦੇਸ਼ ਦੇ ਹਰ ਕੋਨੇ ਵਿੱਚ ਪਹੁੰਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ, ਜਿਹੜਾ ਕਿ ਉਹ ਆਜ਼ਾਦੀ ਲਿਆਵੇਗਾ, ਜਿਸ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇਗੀ।"**

'ਰੰਗ ਦੇ ਬਸੰਤੀ' ਦਾ ਹੀਰੋ ਦਲਜੀਤ (ਡੀ.ਜੇ.) ਉਰਫ਼ ਚੰਦਰ ਸ਼ੇਖਰ ਆਜ਼ਾਦ ਸਮੁੱਚੀ ਫਿਲਮ ਵਿੱਚ ਥਿੰਕ ਟੈਂਕ ਦਾ ਕੰਮ ਕਰਦਾ ਹੈ ਅਤੇ ਸਿਧਾਰਥ ਉਰਫ਼ ਭਗਤ ਸਿੰਘ ਉਸਦਾ ਸਹਾਇਕ ਪਾਤਰ ਹੈ। ਪਰ ਬੜੀ ਚਲਾਕੀ ਨਾਲ਼ ਨਿਰਦੇਸ਼ਕ ਫਿਲਮ ਦੇ ਅੰਤ ਵਿੱਚ ਰੇਡੀਓ 'ਤੇ ਸਵਾਲਾਂ ਦਾ ਜਵਾਬ ਦੇਣ ਲਈ ਭਗਤ ਸਿੰਘ ਨੂੰ ਅੱਗੇ ਕਰ ਦਿੰਦਾ ਹੈ ਅਤੇ ਲੋਕਾਂ ਅੱਗੇ ਭਾਰਤ ਦੇਸ਼ ਮਹਾਨ ਨੂੰ ਸੁਧਾਰਨ ਦਾ 'ਨਾਯਾਬ ਫਾਰਮੂਲਾ' ਪੇਸ਼ ਕਰਦਾ ਹੈ— "ਕੋਈ ਭੀ ਦੇਸ਼ ਪ੍ਰਫੈਕਟ ਨਹੀਂ ਹੋਤਾ, ਉਸੇ ਪ੍ਰਫੈਕਟ ਬਨਾਨਾ ਪੜਤਾ ਹੈ। (ਹਮ ਲੋਗ) ਪੁਲਿਸ ਮੇਂ ਭਰਤੀ ਹੋਂਗੇ, ਮਿਲਟਰੀ ਜਵਾਇਨ ਕਰੇਂਗੇ, ਆਈ. ਏ. ਐਸ. ਬਨੇਂਗੇ। ਪਾਲਟਿਕਸ ਕਾ ਹਿੱਸਾ ਬਨਕਰ ਇਸ ਦੇਸ਼ ਕੀ ਸਰਕਾਰ ਚਲਾਏਂਗੇ।" ਇੰਝ ਇਹ ਫਿਲਮ ਭਾਰਤੀ ਢਾਂਚੇ 'ਤੇ ਪਰਦਾ ਸੁੱਟਦੀ ਹੋਈ ਇਹ ਭਰਮ ਫੈਲਾਂਉਂਦੀ ਹੈ ਕਿ ਆਮ ਲੋਕਾਂ ਦੀ ਮੁਕਤੀ ਤਾਂ ਨਹੀਂ ਹੁੰਦੀ ਕਿਉਂਕਿ ਢਾਂਚੇ ਦੇ ਕੁੱਝ ਮੁੱਖ ਅੰਗਾਂ ਪੁਲਿਸ, ਫੌਜ, ਪ੍ਰਸ਼ਾਸਨ ਅਤੇ ਰਾਜਨੀਤੀ ਵਿੱਚ ਚੰਗੇ ਬੰਦੇ ਨਹੀਂ ਹਨ। ਉਂਝ ਢਾਂਚਾ ਸਾਡਾ ਠੀਕ ਠਾਕ ਹੈ ਬਸ ਇਸਦੇ ਕੁੱਝ ਪੁਰਜ਼ੇ ਠੀਕ ਕਰਣ ਵਾਲੇ ਹਨ। ਯਾਨੀ ਢਾਂਚਾ ਰਫੂ ਕਰਨ ਵਾਲ਼ਾ ਹੋਇਆ ਪਿਆ! ਢਾਂਚੇ ਨੂੰ ਟਾਕੀ ਲਾਵੋ ਤੇ ਨੰਗੇਜ਼ ਢੱਕੋ!! ਹੈ ਨਾ ਕਮਾਲ!!! ਢਾਂਚੇ ਨੂੰ ਠੀਕ ਕਰਨ ਲਈ ਦੱਸਿਆ ਹੱਲ ਵੀ ਨਿਰਾਲਾ ਹੈ ਯਾਨੀ ਕਿ ਇਸੇ ਢਾਂਚੇ ਦੀ ਟਾਕੀ ਬਣ ਜਾਵੋ। ਇਨਕਲਾਬੀ ਰਾਜਨੀਤੀ ਨੂੰ ਛੱਡਕੇ ਤੁਸੀਂ ਸੰਸਦੀ ਗਾਰ ਭਰੀ ਰਾਜਨੀਤੀ ਦੇ ਹਿੱਸੇ ਬਣ ਜਾਵੋ ਅਤੇ ਸੰਸਦੀ ਸੂਰਵਾੜੇ ਵਿੱਚ ਲੋਟ ਲਗਾਓ!

ਇਨ੍ਹਾਂ ਫਿਲਮਾਂ ਵਰਗਾ ਹਾਲ ਹੀ ਭਗਤ ਸਿੰਘ ਦੇ ਪੋਸਟਰਾਂ ਅਤੇ ਸਟਿਕਰਾਂ ਨਾਲ਼ ਕੀਤਾ ਗਿਆ ਹੈ। ਕਿਸੇ ਟਰੈਕਟਰ-ਟਰਾਲੀ, ਸਕੂਟਰ-ਮੋਟਰਸਾਈਕਲ, ਬੱਸ ਜਾਂ ਟਰੱਕ ਪਿੱਛੇ ਭਗਤ ਸਿੰਘ ਦੀ ਤੁਰਲੇ ਵਾਲ਼ੀ ਪੱਗ ਦੀ ਇੱਕ ਫੋਟੋ ਹੁੰਦੀ ਹੈ ਤੇ ਥੱਲੇ ਕਿਸੇ ਘਟੀਆ ਗੀਤ ਦਾ ਫਿਕਰਾ ਹੁੰਦਾ ਹੈ। ਭਗਤ ਸਿੰਘ ਦੀ ਦਹਿਸ਼ਤ ਪਸੰਦ ਇਨਕਲਾਬੀ ਦੀ ਦਿੱਖ ਨੂੰ ਸਿੱਕਿਆਂ ਵਿੱਚ ਢਾਲਣ ਦਾ ਕੰਮ ਰਵਿੰਦਰ ਗਰੇਵਾਲ ਨੇ ਆਪਣੀ ਕੈਸਟ 'ਫਾਂਸੀ' ਜ਼ਰੀਏ ਵੀ ਬਾਖੂਬੀ ਕੀਤਾ ਹੈ।

ਹਕੀਕਤ ਵਿੱਚ, ਇਸ ਸਾਰੇ ਵਰਤਾਰੇ ਪਿੱਛੇ ਹਾਕਮ ਜਮਾਤਾਂ ਦਾ ਹੀ ਇੱਕ ਕੋਝਾ ਵਿਚਾਰ ਕੰਮ ਕਰ ਰਿਹਾ ਹੈ। ਉਹ ਹੈ ਲੋਕਾਂ ਦੇ ਨਾਇਕ ਦਾ ਅਪਹਰਣ ਕਰਨ ਦਾ ਵਿਚਾਰ। ਸਾਡੇ ਦੇਸ਼ ਦੇ ਹਾਕਮ ਅੱਜ ਨਾਇਕ ਹੀਣਤਾ ਦਾ ਸ਼ਿਕਾਰ ਹਨ। ਉਨ੍ਹਾਂ ਕੋਲ ਕੋਈ 'ਆਪਣਾ' ਨਾਇਕ ਨਹੀਂ ਹੈ, ਜੇ ਕੋਈ ਹੈ ਤਾਂ ਲੋਕ ਉਨਾਂ ਨੂੰ 'ਆਪਣਾ' ਨਾਇਕ ਨਹੀਂ ਮੰਨਦੇ। ਉਨ੍ਹਾਂ ਲੱਖ ਜਤਨ ਕੀਤੇ ਗਾਂਧੀ-ਨਹਿਰੂ ਨੂੰ ਲੋਕ ਨਾਇਕ ਬਣਾਉਣ ਦੇ ਪਰ ਭਾਰਤੀ ਕਿਰਤੀ ਲੋਕਾਂ ਦੇ ਦਿਲਾਂ ਵਿੱਚ ਅੱਜ ਵੀ ਭਗਤ ਸਿੰਘ ਦੇ ਨਾਮ ਦੀ ਲਾਟ ਹੀ ਬਲ਼ਦੀ ਹੈ। ਇਸ ਲਈ ਸਮੇਂ ਦੇ ਹਾਕਮਾਂ ਲਈ ਜ਼ਰੂਰੀ ਹੈ ਕਿ ਉਹ ਲੋਕਾਂ ਦੇ ਇਸ ਨਾਇਕ ਦੇ ਚਿਹਰੇ 'ਤੇ ਆਪਣੇ ਗ਼ਲੀਜ਼ ਸੰਸਦੀ ਮੁਖੌਟੇ ਪਹਿਨਾਉਣ। ਇਸੇ ਲਈ ਸਰਕਾਰ ਨੇ ਸੰਸਦ ਵਿੱਚ ਭਗਤ ਸਿੰਘ ਦਾ 18 ਫੁੱਟਾ ਬੁੱਤ ਲਗਾਉਣ ਦਾ ਫੈਸਲਾ ਲਿਆ ਹੈ।

ਭਗਤ ਸਿੰਘ ਦੀ ਸ਼ਹਾਦਤ ਤੋਂ 75 ਸਾਲ ਬਾਅਦ ਅਤੇ ਉਨ੍ਹਾਂ ਦੀ 100ਵੀਂ ਜਨਮ ਵਰ੍ਹੇਗੰਡ ਮੌਕੇ ਵੀ ਹਾਕਮਾਂ ਦੀਆਂ ਇਹ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਭਾਰਤ ਦੇ ਕਿਰਤੀ ਲੋਕਾਂ ਦੇ

(ਬਾਕੀ ਸਫ਼ਾ 27 'ਤੇ)

"ਭਗਤ ਸਿੰਘ ਪੰਜਾਬ ਦਾ ਪਹਿਲਾ ਵਿਚਾਰਕ ਸੀ ਜਿਸ ਨੇ ਸਮਾਜ ਦੀ ਬਣਤਰ ਬਾਰੇ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ ਸੀ। ਪਹਿਲਾ ਬੁੱਧੀਮਾਨ ਸੀ ਜਿਸ ਨੇ ਦੁੱਖਾਂ ਅਤੇ ਸਮਾਜਕ ਸਮੱਸਿਆਵਾਂ ਦੀ ਧੁਰ ਡੂੰਘਿਆਈ ਤੱਕ ਪਈਆਂ ਉਲਝਣਾਂ ਦੀ ਪਹਿਚਾਣ ਕੀਤੀ ਸੀ। ਉਹ ਪਹਿਲਾ ਦੇਸ਼ ਭਗਤ ਸੀ, ਜਿਸ ਦੇ ਮਨ ਵਿੱਚ ਸਮਾਜ ਸੁਧਾਰ ਦਾ ਇੱਕ ਨਿਸ਼ਚਿਤ ਦ੍ਰਿਸ਼ਟੀਕੋਣ ਸੀ। ਉਹ ਪਹਿਲਾ ਪੰਜਾਬੀ ਮਹਾਂਪੁਰਸ਼ ਸੀ ਜਿਸ ਨੇ ਭਾਵਨਾਵਾਂ ਅਤੇ ਸੋਝੀ ਦੇ ਸੁਮੇਲ ਲਈ ਧੁੰਦਲੀਆਂ ਮਾਨਤਾਵਾਂ ਦਾ ਸਾਹਾਰਾ ਨਹੀਂ ਸੀ ਲਿਆ। ਉਹ ਪਹਿਲਾ ਪੰਜਾਬੀ ਸੀ, ਜੋ ਦੇਸ਼-ਭਗਤੀ ਦੇ ਪ੍ਰਦਸ਼ਨਕਾਰੀ ਵਿਚਾਰਾਂ ਤੋਂ ਮੁਕਤ ਹੋ ਸਕਿਆ ਸੀ। ਉਹ ਪਹਿਲਾ ਪੰਜਾਬੀ ਸੀ ਜਿਸ ਨੇ ਗਾਂਧੀਵਾਦ ਦੇ ਥੋਥੇ ਅਤੇ ਖੋਖਲੇ ਮਾਨਵਤਾਵਾਦ ਅਤੇ ਆਦਰਸ਼ਵਾਦ ਨੂੰ ਵੰਗਾਰਿਆ ਸੀ।

ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ, ਅਸੈਂਬਲੀ ਵਿੱਚ ਬੰਬ ਸੁੱਟਣ, ਫਾਂਸੀ ਦੇ ਫੰਦੇ 'ਤੇ ਲਟਕ ਜਾਣ ਤੋਂ ਕਿਤੇ ਜ਼ਿਆਦਾ ਹੈ। ਭਗਤ ਸਿੰਘ ਨੇ ਪਹਿਲੀ ਵਾਰ ਪੰਜਾਬ ਨੂੰ ਪਹਿਲਵਾਨੀ ਅਤੇ ਜਹਾਲਤ ਤੋਂ ਬੁੱਧੀਵਾਦ ਵੱਲ ਮੋੜਿਆ ਸੀ।

ਭਗਤ ਸਿੰਘ ਦੀਆਂ ਤਸਵੀਰਾਂ 'ਤੇ ਹਾਰ ਪਾਉਣ ਜਾਂ ਉਸ ਦੀ ਸ਼ਹਾਦਤ ਉੱਪਰ ਕਵਿਤਾਵਾਂ ਲਿਖਣ ਦਾ ਫਾਇਦਾ ਨਹੀਂ ਹੋਵੇਗਾ। ਜ਼ਰੂਰਤ ਹੈ ਉਸ ਦੀ ਵਿਚਾਰਧਾਰਾ ਨੂੰ ਸਮਝਣ ਅਤੇ ਅੱਗੇ ਵਧਾਉਣ ਦੀ। ਜਿਸ ਦਿਨ ਉਸ ਨੂੰ ਫਾਂਸੀ ਲੱਗੀ ਸੀ, ਉਸ ਦੀ ਕੋਠੜੀ 'ਚੋਂ ਲੈਨਿਨ ਦੀ ਕਿਤਾਬ ਮਿਲੀ ਸੀ, ਜਿਸ ਦਾ ਇੱਕ ਪੰਨਾ ਮੋੜਿਆ ਹੋਇਆ ਸੀ।

ਪੰਜਾਬ ਦੀ ਜਵਾਨੀ ਨੂੰ ਉਸ ਦੇ ਆਖਰੀ ਦਿਨ ਮੋੜੇ ਹੋਏ ਪੰਨੇ ਤੋਂ ਅਗਾਂਹ ਤੁਰਨਾ ਚਾਹੀਦਾ ਹੈ।"

—ਪਾਸ਼

ਆਸ ਰੱਖਦੇ ਹਨ

ਵੱਟੋ ਵੱਟ ਹੋ ਜਾਂਦੀ ਹੈ-ਆਲਮ ਦੀ ਸਿਆਹ ਚਾਦਰ
ਜਦ ਵਿਹੜੇ ਵਿੱਚ ਕੁੱਕੜ ਦੀ ਬਾਂਗ ਛਣਕ ਉਠਦੀ ਹੈ
ਗੀਤ ਆਲ੍ਹਣਿਆਂ 'ਚੋਂ ਨਿਕਲ ਕੇ ਬਾਹਰ ਆਉਂਦੇ ਹਨ
ਤੇ ਹਵਾ ਵਿੱਚ ਖੁਰਚ ਦਿੰਦੇ ਹਨ
ਸ਼ਹੀਦਾਂ ਦੇ ਅਮਿੱਟ ਚਿਹਰੇ,
ਮਿੱਟੀ ਦਾ ਸਭ ਤੋਂ ਸੁਹਾਣਾ ਸਫ਼ਰ।

ਚਾਨਣ ਦੀ ਪਹਿਲੀ ਸ਼ੁਆ ਸੰਗ
ਫੈਲਦੀਆਂ ਹਨ ਇਸ ਕਦਰ ਤਸਵੀਰਾਂ
ਕਿ ਕਿਸੇ ਦੇਸ਼ ਭਗਤ ਯਾਦਗਾਰ ਹਾਲ ਦੀ
ਮਜਬੂਰ ਵਲਗਣ 'ਤੇ
ਬੇਪਰਵਾਹ ਹੱਸਦਾ ਹੈ ਤਸਵੀਰਾਂ ਦਾ ਆਕਾਰ।

ਤੁਸੀਂ ਜਦ ਵੀ ਕਿਸੇ ਨੂੰ ਨਮਸਕਾਰ ਕਰਦੇ ਹੋ
ਜਾਂ ਹੱਥ ਮਿਲਾਉਂਦੇ ਹੋ
ਉਨ੍ਹਾਂ ਦੇ ਬੁਲ੍ਹਾਂ ਤੋਂ ਤਿੜਕੀ ਹੋਈ ਮੁਸਕਰਾਹਟ
ਤੁਹਾਡੀ ਪ੍ਰਕਰਮਾ ਕਰਦੀ ਹੈ
ਤੁਸੀਂ ਜਦ ਕਿਤਾਬਾਂ ਪੜ੍ਹਦੇ ਹੋ
ਤਾਂ ਅੱਖਰਾਂ 'ਤੇ ਫੈਲ ਜਾਂਦੇ ਹਨ
ਉਨ੍ਹਾਂ ਦੇ ਅਮਲ ਅਤੇ ਸਿੱਖਿਆਵਾਂ,

ਜਦ ਸਮਾਜ ਦੇ ਕੁਰਖ਼ਤ ਸੀਨੇ 'ਤੇ
ਹੁੰਦਾ ਹੈ ਛਵੀਆਂ ਦਾ ਨਾਚ
ਜਦ ਤੱਤੇ ਲਹੂ ਬੱਕਰੇ ਬੁਲਾਉਂਦੇ ਹਨ
ਜਾਂ ਜਦ ਢਿੱਡ ਦੀ ਗੁੜਗੁੜਾਹਟ ਨਾਅਰਾ ਬਣਦੀ ਹੈ
ਤਾਂ ਕਦੀ ਰੋਂਦੇ ਕਦੀ ਮੁਸਕਰਾਂਉਂਦੇ ਹਨ
-ਸਲੀਬ ਦੇ ਗੀਤ

ਤੁਹਾਡੇ ਕੋਲ਼ ਚੌਅ ਹੈ ਜਾਂ ਖਰਾਦ ਦੀ ਹੱਥੀ
ਤੁਹਾਡੇ ਪੈਰਾਂ 'ਚ ਸਵੇਰ ਹੈ ਜਾਂ ਸ਼ਾਮ
ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ
ਤੁਹਾਥੋਂ ਕੋਈ ਆਸ ਰੱਖਦੇ ਹਨ

—ਪਾਸ਼

ਡੇਰਾ ਸੱਚਾ ਸੌਦਾ-ਸਿੱਖ ਵਿਵਾਦ

ਪੰਜਾਬ ਇੱਕ ਵਾਰ ਫਿਰ ਫਿਰਕੂ ਅੱਗ ਦੀ ਲਪੇਟ ਵਿੱਚ

ਹਾਕਮਾਂ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਵਾਰ ਫੇਰ ਫਿਰਕੂ ਅੱਗ ਵਿੱਚ ਝੋਕ ਦਿੱਤਾ ਹੈ। ਡੇਰਾ ਸੱਚਾ ਸੌਦਾ ਸਰਸਾ ਦੇ ਮੁਖੀ ਦੁਆਰਾ ਸਿੱਖਾਂ ਦੇ ਦਸਵੇਂ ਗੁਰੂ ਦੀ ਨਕਲ ਕਰਨ ਦੀ ਨਿੰਦਣਯੋਗ ਕਾਰਵਾਈ ਤੋਂ ਭੜਕੀ ਫਿਰਕੂ ਅੱਗ ਹਾਲੇ ਵੀ ਬੁਝਣ ਦਾ ਨਾਂ ਨਹੀਂ ਲੈ ਰਹੀ ਹੈ। ਪੰਜਾਬ ਦੀਆਂ ਦੋਵੇਂ ਮੁੱਖ ਸਰਮਾਏਦਾਰਾਂ ਦੀਆਂ ਸੇਵਕ ਸਿਆਸੀ ਪਾਰਟੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਇਲਾਵਾ ਅਕਾਲੀਆਂ ਦੇ ਅਲੱਗ-ਅਲੱਗ ਧੜੇ, ਸਭ ਇਸ ਮੱਚਦੀ ਹੋਈ ਅੱਗ ਵਿੱਚ ਘਿਓ ਪਾਉਣ ਦਾ ਕੰਮ ਕਰ ਰਹੇ ਹਨ। ਪੰਜਾਬ ਵਿੱਚ ਲਗਭਗ ਮਹੱਤਵਹੀਣ ਹੋ ਚੁੱਕੇ, ਮਰ ਰਹੇ ਕੁਝ ਸਿੱਖ ਕੱਟੜਪੰਥੀ, ਰਹੇ-ਸਹੇ ਖਾਲਿਸਤਾਨੀ ਫਾਸੀਵਾਦੀ ਸਭ ਆਪਣੇ ਘੁਰਨਿਆਂ 'ਚੋਂ ਬਾਹਰ ਨਿੱਕਲ ਆਏ ਹਨ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਦੀ ਹਰਕਤ ਨਾਲ ਭੜਕੇ ਸਿੱਖ ਜਜ਼ਬਾਤਾਂ ਨੂੰ ਹੋਰ ਭੜਕਾ ਕੇ ਆਪਣਾ ਉਲੂ ਸਿੱਧਾ ਕਰਨ ਦੇ ਕੰਮ ਵਿੱਚ ਰੁੱਝ ਗਏ ਹਨ।

ਪੰਜਾਬ ਵਿੱਚ ਅੱਜ ਜੋ ਹੋ ਰਿਹਾ ਹੈ ਅਸਲ ਵਿੱਚ ਇਸਦੀ ਜ਼ਮੀਨ ਤਾਂ ਪੰਜਾਬ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵਿੱਚ ਹੀ ਤਿਆਰ ਹੋ ਗਈ ਸੀ। ਇਹਨਾਂ ਚੋਣਾਂ ਵਿੱਚ ਡੇਰਾ ਸੱਚਾ ਸੌਦਾ ਨੇ ਖੁੱਲੇਆਮ ਕਾਂਗਰਸ ਦਾ ਸਾਥ ਦਿੱਤਾ ਸੀ। ਜਿਸਦੇ ਕਾਰਨ ਪੰਜਾਬ ਦੇ ਮਾਲਵਾ ਇਲਾਕੇ ਵਿੱਚ ਅਕਾਲੀ ਦਲ(ਬਾਦਲ) ਨੂੰ ਕਾਫੀ ਨੁਕਸਾਨ ਉਠਾਉਣਾ ਪਿਆ। ਡੇਰਾ ਸੱਚਾ ਸੌਦਾ ਦਾ ਜ਼ਿਆਦਾਤਰ ਅਧਾਰ ਪੰਜਾਬ ਦੇ ਮਾਲਵਾ ਇਲਾਕੇ ਵਿੱਚ ਹੀ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਡੇਰਾ ਸੱਚਾ ਸੌਦਾ ਇਸ ਇਲਾਕੇ ਵਿੱਚ ਇੱਕ ਵੱਡੀ ਸਮਾਜਿਕ ਤਾਕਤ ਬਣਕੇ ਉਭਰਿਆ ਹੈ। ਪ੍ਰਕਾਸ਼ ਸਿੰਘ ਬਾਦਲ ਅਤੇ ਉਸਦਾ ਪੁੱਤਰ ਸੁਖਬੀਰ ਸਿੰਘ ਬਾਦਲ ਵੀ ਵਿਧਾਨ ਸਭਾ ਚੋਣਾਂ ਸਮੇਂ ਸਿਰਸੇ ਵਾਲੇ ਬਾਬੇ ਦਾ ਅਸ਼ੀਰਵਾਦ ਲੈਣ ਗਏ ਸਨ, ਪਰ ਇਹਨਾਂ ਨੂੰ ਬਾਬੇ ਦਾ ਅਸ਼ੀਰਵਾਦ ਨਹੀਂ ਮਿਲਿਆ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਰਸੇ ਵਾਲੇ ਬਾਬੇ ਦੀ ਕਿਰਪਾ ਨਾਲ ਮਾਲਵੇ ਵਿੱਚ ਕਾਂਗਰਸ, ਅਕਾਲੀਆਂ ਦੀਆਂ ਕਈ ਸੀਟਾਂ ਖੋਹਣ ਵਿੱਚ ਕਾਮਯਾਬ ਰਹੀ ਸੀ। ਅਕਾਲੀਆਂ ਦਾ ਮੰਨਣਾ ਹੈ ਕਿ ਸਿਰਸਾ ਡੇਰੇ ਵੱਲੋਂ ਕਾਂਗਰਸ ਦਾ ਸਾਥ ਦੇਣ ਕਾਰਨ ਉਹਨਾਂ ਨੂੰ ਲਗਭਗ 20 ਸੀਟਾਂ ਦਾ ਨੁਕਸਾਨ ਉਠਾਉਣਾ ਪਿਆ।

ਇਹਨਾਂ ਚੋਣਾਂ ਵਿੱਚ ਸਿਰਸਾ ਡੇਰੇ ਦੇ ਪ੍ਰਭਾਵ ਨੂੰ ਦੇਖਦੇ ਹੋਏ ਸਿੱਖ ਸੰਸਥਾਵਾਂ, ਅਕਾਲ ਤਖਤ ਦੇ ਜੱਥੇਦਾਰਾਂ ਅਤੇ ਸਿੱਖ ਬੁੱਧੀਜੀਵੀਆਂ ਨੇ ਚਿੰਤਾ ਪ੍ਰਗਟ ਕਰਨੀ ਸ਼ੁਰੂ ਕਰ ਦਿੱਤੀ ਸੀ। ਸਿੱਖ ਧਰਮ ਦਾ ਪਰਚਾਰ ਵਧਾਉਣ 'ਤੇ ਜ਼ੋਰ ਦਿੱਤਾ ਜਾਣ ਲੱਗਿਆ ਸੀ। ਸਿੱਖ ਬੁੱਧੀਜੀਵੀ ਸਿੱਖ ਆਗੂਆਂ ਨੂੰ ਕੋਸਣ ਲੱਗੇ ਸਨ, ਜਿੰਨਾਂ ਦੀ ਲਾਪਰਵਾਹੀ ਕਾਰਨ ਲੋਕ ਸਿੱਖ ਧਰਮ ਨੂੰ ਛੱਡ ਕੇ ਹੋਰ ਫਿਰਕਿਆਂ ਵਿੱਚ ਸ਼ਾਮਿਲ ਹੋ ਰਹੇ ਹਨ। 1970 ਦੇ ਦਹਾਕੇ ਦੇ ਅਖੀਰਲੇ ਸਾਲਾਂ ਵਿੱਚ 'ਖਾਲਿਸਤਾਨੀ ਅੰਦੋਲਨ' ਦੇ ਨਾਂ 'ਤੇ ਪੰਜਾਬ ਵਿੱਚ ਫਿਰਕੂ ਫਾਸ਼ੀਵਾਦ ਦੀ ਲਹਿਰ ਚੱਲੀ ਸੀ ਜੋ ਲਗਭਗ ਡੇਢ ਦਹਾਕੇ ਤੱਕ ਜਾਰੀ ਰਹੀ ਸੀ। ਉਸਦੀ ਨੀਂਹ ਵੀ ਅਜਿਹੀਆਂ ਹੀ ਘਟਨਾਵਾਂ ਨਾਲ ਪਈ ਸੀ। ਉਦੋਂ ਇਸ ਕਿਸਮ ਦਾ ਵਿਵਾਦ ਸਿੱਖਾਂ ਅਤੇ ਨਿਰੰਕਾਰੀਆਂ ਵਿੱਚ ਸ਼ੁਰੂ ਹੋਇਆ ਸੀ। 13 ਅਪ੍ਰੈਲ 1978 ਨੂੰ ਵਿਸਾਖੀ ਦੇ ਦਿਨ ਅਮ੍ਰਿਤਸਰ ਭਿੰਡਰਾਂਵਾਲੇ ਦੇ ਅਖੰਡ ਕੀਰਤਨੀ ਜਥੇ ਅਤੇ ਦਮਦਮੀ ਟਕਸਾਲ ਦੇ 13 ਬੰਦੇ ਨਿਰੰਕਾਰੀਆਂ ਦੇ ਹੱਥੋਂ ਮਾਰੇ ਗਏ ਸਨ ਜਦੋਂ ਉਹ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਖਿਲਾਫ਼ ਮੁਜ਼ਾਹਰਾ ਕਰ ਰਹੇ ਸਨ। 10 ਜੂਨ 1978 ਨੂੰ ਸਿੱਖਾਂ ਦੀ ਸਰਵਉਚ ਸੰਸਥਾ ਅਕਾਲ ਤਖਤ ਨੇ ਨਿਰੰਕਾਰੀਆਂ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਸੀ। ਇਹਨਾਂ ਘਟਨਾਵਾਂ ਨਾਲ਼ ਪੰਜਾਬ ਵਿੱਚ ਜੋ ਫਿਰਕੂ ਅੱਗ ਮੱਚੀ ਉਸ ਵਿੱਚ ਪੰਜਾਬ ਦੇ ਲੋਕ ਡੇਢ ਦਹਾਕਾ ਭੁਜਦੇ ਰਹੇ। ਹਜ਼ਾਰਾਂ ਬੇਗੁਨਾਹਾਂ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਇਆ। ਹਜ਼ਾਰਾਂ ਬੇਗੁਨਾਹ ਨੌਜਵਾਨਾਂ ਨੂੰ ਸਰਕਾਰੀ ਦਹਿਸ਼ਤਗਰਦਾਂ (ਪੁਲਿਸ) ਨੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤਾ।

1978 ਵਿੱਚ ਜਦੋਂ ਪੰਜਾਬ ਦੇ ਹਾਲਾਤ ਵਿਗੜਨੇ ਸ਼ੁਰੂ ਹੋਏ ਸਨ ਤਾਂ ਉਸ ਸਮੇਂ ਵੀ ਪੰਜਾਬ ਵਿੱਚ ਅਕਾਲੀਆਂ ਦੀ ਸਰਕਾਰ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਹੀ ਮੁੱਖ ਮੰਤਰੀ ਸੀ। ਇਹ ਗੱਲ ਵੀ ਹੁਣ ਕਿਸੇ ਤੋਂ ਛੁਪੀ ਨਹੀਂ ਰਹੀ ਕਿ ਭਿੰਡਰਾਂਵਾਲੇ ਨੂੰ ਸਿੱਖਾਂ ਦੇ ਆਗੂ ਦੇ ਰੂਪ ਵਿੱਚ ਉਭਾਰਨ ਵਿੱਚ ਕਾਂਗਰਸ ਦਾ ਹੀ ਹੱਥ ਸੀ। ਬਾਅਦ ਵਿੱਚ ਵੀ ਨਾਮੀ-ਗਰਾਮੀ ਖਾਲਿਸਤਾਨੀ ਅੱਤਵਾਦੀ ਕਾਂਗਰਸੀ ਆਗੂਆਂ ਦੇ ਘਰਾਂ ਵਿੱਚ ਹੀ ਪਨਾਹ ਲੈਂਦੇ ਰਹੇ।

ਅੱਜ ਪੰਜਾਬ ਵਿੱਚ ਜੋ ਹੋ ਰਿਹਾ ਹੈ ਇਸਦੀ ਤੁਲਨਾ 1978 ਦੀਆਂ ਘਟਨਾਵਾਂ ਨਾਲ ਕਰਕੇ ਵੇਖੀਏ ਤਾਂ ਕੋਈ ਵਖਰੇਵਾਂ ਨਜ਼ਰ ਨਹੀਂ ਆਉਂਦਾ। ਅੱਜ ਇੱਕ ਵਾਰ ਫੇਰ ਪੰਜਾਬ ਵਿੱਚ ਅਕਾਲੀ ਸਰਕਾਰ ਬਣੀ ਹੈ ਤੇ ਕਾਂਗਰਸ ਫਿਰਕੂ ਜਨੂੰਨ ਨੂੰ ਉਤਸਾਹਿਤ ਕਰ ਰਹੀ ਹੈ। 13 ਮਈ ਨੂੰ ਸਿਰਸਾ ਡੇਰਾ ਦੇ ਮੁਖੀ ਨੇ ਜੋ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਨ ਦੀ ਨਿੰਦਣਯੋਗ ਕਾਰਵਾਈ ਕੀਤੀ ਉਸਦੇ ਪਿੱਛੇ ਕਾਂਗਰਸ ਦਾ ਹੱਥ ਕਿਸੇ ਤੋਂ ਛੁਪਿਆ ਨਹੀਂ। 13 ਮਈ ਦੇ ਬਾਅਦ ਕਾਂਗਰਸੀ ਆਗੂ ਰਜਿੰਦਰ ਕੌਰ ਭੱਠਲ ਅਤੇ ਹੋਰ ਆਗੂਆਂ ਨੇ ਜੋ ਸਿਰਸਾ ਡੇਰਾ ਦੇ ਹੱਕ ਵਿੱਚ ਅਤੇ ਉਸਦਾ ਗੁਣਗਾਣ ਕਰਦੇ ਹੋਏ ਜੋ ਬਿਆਨ ਦਿੱਤੇ ਹਨ ਉਸ ਤੋਂ ਸਾਰੀ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਕਾਂਗਰਸ ਇੱਕ ਵਾਰ ਫੇਰ ਪੰਜਾਬ ਵਿੱਚ 80 ਦੇ ਦਹਾਕੇ ਨੂੰ ਵਾਪਸ ਲਿਆਉਣਾ ਚਾਹੁੰਦੀ ਹੈ।

ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਿੱਖ ਜਨੂੰਨੀਆਂ ਦੀ ਸੁਰ ਵਿੱਚ ਸੁਰ ਮਿਲਾ ਰਹੇ ਹਨ ਅਤੇ ਉਹਨਾਂ ਨੂੰ

ਪੰਜਾਬ ਵਿੱਚ ਮਨਮਾਨੀ ਕਰਨ ਦੀ ਖੁੱਲ੍ਹ ਦੇ ਰਹੇ ਹਨ।

ਅਕਾਲ ਤਖਤ ਨੇ ਸਿੱਖ ਬਿਰਾਦਰੀ ਨੂੰ ਸੱਚਾ ਸੌਦਾ ਸਰਸਾ ਦੇ ਭਗਤਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਦਮਦਮੀ ਟਕਸਾਲ ਜਿਹੀਆਂ ਜਨੂੰਨੀ ਸਿੱਖ ਜਥੇਬੰਦੀਆਂ ਸੱਚਾ ਸੌਦਾ ਦੇ ਡੇਰਿਆਂ ਨੂੰ ਬਲਪੂਰਵਕ ਬੰਦ ਕਰਵਾਉਣ ਦੀਆਂ ਧਮਕੀਆਂ ਦੇ ਰਹੀਆਂ ਹਨ ਅਤੇ ਸਰਕਾਰ ਚੁੱਪਚਾਪ ਤਮਾਸ਼ਾ ਦੇਖ ਰਹੀ ਹੈ ਜਾਂ ਸਿੱਖ ਜਨੂੰਨੀਆਂ ਦੀ ਹੀ ਬੋਲੀ ਬੋਲ ਰਹੀ ਹੈ।

ਪੰਜਾਬ ਵਿੱਚ ਇਸ ਸਮੇਂ ਸਥਿਤੀ ਬੇਹੱਦ ਵਿਸਫੋਟਕ ਬਣੀ ਹੋਈ ਹੈ। ਪੂਰੇ ਪੰਜਾਬ ਵਿੱਚ ਲੱਖਾਂ-ਲੱਖ ਨੌਜਵਾਨ ਬੇਰੁਜ਼ਗਾਰ ਘੁੰਮ ਰਹੇ ਹਨ। ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਨੌਜਵਾਨਾਂ ਵਿੱਚ ਨਸ਼ੇ ਦਾ ਚਲਨ ਜ਼ੋਰਾਂ 'ਤੇ ਹੈ। ਇਸ ਸਰਮਾਏਦਾਰੀ ਢਾਂਚੇ ਵਿੱਚ ਹਤਾਸ਼-ਨਿਰਾਸ਼ ਬੇਰੁਜ਼ਗਾਰ ਨੌਜਵਾਨ ਜਾਂ ਤਾਂ ਨਸ਼ੇ ਦੀ ਸ਼ਰਨ ਲੈ ਰਹੇ ਹਨ ਜਾਂ ਆਤਮ ਹੱਤਿਆਵਾਂ ਕਰ ਰਹੇ ਹਨ।

ਨਵੀਆਂ ਆਰਥਿਕ ਨੀਤੀਆਂ ਦੇ ਕਾਰਨ ਪਿਛਲੇ ਡੇਢ ਦਹਾਕੇ ਤੋਂ ਪੰਜਾਬ ਵਿੱਚ ਬੇਜ਼ਮੀਨਿਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਪੇਂਡੂ ਇਲਾਕਿਆਂ ਵਿੱਚ ਤੇਜ਼ ਰਫ਼ਤਾਰ ਧਰੁਵੀਕਰਨ ਹੋਇਆ ਹੈ। ਖੇਤੀ ਤੋਂ ਸੁਰਖਰੂ ਹੋਈ ਅਬਾਦੀ ਰੁਜ਼ਗਾਰ ਦੇ ਲਈ ਉਦਯੋਗਾਂ ਦੇ ਵੱਲ ਨਹੀਂ ਜਾ ਰਹੀ ਕਿਉਂਕਿ ਉਥੇ ਜੀਵਨ ਦੀਆਂ ਹਾਲਤਾਂ ਬੇਹੱਦ ਖਰਾਬ ਹਨ, ਤਨਖਾਹਾਂ ਬੇਹੱਦ ਘੱਟ ਹਨ। ਫੈਕਟਰੀਆਂ ਦੇ ਮਾਲਕ ਵੀ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਮਜ਼ਦੂਰਾਂ ਨੂੰ ਹੀ ਕੰਮ 'ਤੇ ਰਖਦੇ ਹਨ ਕਿਉਂਕਿ ਉਹ ਬਹੁਤ ਘੱਟ ਕੀਮਤਾਂ 'ਤੇ ਆਪਣੀ ਕਿਰਤ ਸ਼ਕਤੀ ਵੇਚਣ ਨੂੰ ਤਿਆਰ ਹੋ ਜਾਂਦੇ ਹਨ। ਇਨਕਲਾਬੀ ਤਾਕਤਾਂ ਦੇ ਲਈ ਜਿੱਥੇ ਲੋਕਾਂ ਦੀ ਸਾਰੀ ਦੁਰਗਤੀ ਦੀ ਜੜ੍ਹ ਇਸ ਲੋਟੂ ਸਰਮਾਏਦਾਰਾ ਢਾਂਚੇ ਦੇ ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਦੇ ਲਈ ਅਜਿਹੀਆਂ ਹਾਲਤਾਂ ਬਹੁਤ ਅਨੁਕੂਲ ਹਨ, ਉਥੇ ਹੀ ਇਹ ਹਾਲਤਾਂ ਪਿਛਾਖੜੀ ਤਾਕਤਾਂ ਦੇ ਵਧਣ-ਫੁੱਲਣ ਲਈ ਵੀ ਬਹੁਤ ਅਨੁਕੂਲ ਹਨ। ਇਸਲਈ ਪੰਜਾਬ ਵਿੱਚ ਹਾਕਮ ਜਮਾਤ ਨੇ ਇਹ ਚਾਲ ਚੱਲੀ ਹੈ ਕਿ ਲੋਕਾਂ ਦਾ ਧਿਆਨ ਸਮੱਸਿਆਵਾਂ ਦੇ ਅਸਲੀ ਕਾਰਨਾਂ ਤੋਂ ਹਟਾ ਕੇ ਉਹਨਾਂ ਨੂੰ ਆਪਸ ਵਿੱਚ ਹੀ ਲੜਾਇਆ ਜਾਵੇ, ਭਾਈ ਦੇ ਹੱਥੋਂ ਭਾਈ ਦਾ ਖ਼ੂਨ ਵਹਾਇਆ ਜਾਵੇ। ਅਜਿਹੀਆਂ ਹਾਲਤਾਂ ਵਿੱਚ ਇਨਕਲਾਬੀ ਤਾਕਤਾਂ ਨੂੰ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰਨੀਆਂ ਪੈਣਗੀਆਂ, ਨਹੀਂ ਤਾਂ ਇੱਕ ਵਾਰ ਫਿਰ ਪੰਜਾਬ ਦਹਾਕਿਆਂ ਬੱਧੀ ਫਿਰਕੂ ਅੱਗ ਵਿੱਚ ਸੜਦਾ ਰਹੇਗਾ।

ਭਗਤ ਸਿੰਘ ਨੇ ਕਿਹਾ ਸੀ, "ਜਦੋਂ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ ਤਾਂ ਉਹ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਹਿਚਕਿਚਾਉਂਦੇ ਹਨ। ਇਸ ਖੜੋਤ ਅਤੇ ਬੇਹਰਕਤੀ ਨੂੰ ਤੋੜਨ ਲਈ ਇਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਜ਼ਰੂਰਤ ਹੁੰਦੀ ਹੈ। ਨਹੀਂ ਤਾਂ ਪਤਣ ਅਤੇ ਬਰਬਾਦੀ ਦਾ ਵਾਤਾਵਰਣ ਛਾ ਜਾਂਦਾ ਹੈ। ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਪਿਛਾਖੜੀ ਤਾਕਤਾਂ ਲੋਕਾਂ ਨੂੰ ਗ਼ਲਤ ਰਾਹ 'ਤੇ ਲਿਜਾਣ ਵਿੱਚ ਸਫਲ ਹੋ ਜਾਂਦੀਆਂ ਹਨ। ਇਸ ਨਾਲ਼ ਇਨਸਾਨੀ ਤਰੱਕੀ ਰੁੱਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬੀ ਸਪਿਰਟ ਤਾਜਾ ਕੀਤੀ ਜਾਵੇ, ਤਾਂ ਕਿ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਹੋ ਸਕੇ।"

(ਸਫ਼ਾ 20 ਦਾ ਬਾਕੀ)

ਸ਼ੀਆ ਮੁਸਲਮਾਨਾਂ ਨੇ ਨਜਫ਼ ਸ਼ਹਿਰ ਵਿੱਚ ਇਰਾਕ 'ਤੇ ਵਿਦੇਸ਼ੀ ਕਬਜ਼ੇ ਵਿਰੁੱਧ ਲੜਾਕੂ ਮੁਜ਼ਾਹਰਾ ਕੀਤਾ ਅਤੇ ਛੇਤੀ ਤੋਂ ਛੇਤੀ ਇਰਾਕ ਉੱਤੋਂ ਵਿਦੇਸ਼ੀ ਕਬਜੇ ਦੇ ਖਾਤਮੇ ਦੀ ਮੰਗ ਕੀਤੀ। ਸ਼ੀਆ ਲੋਕਾਂ ਵਿੱਚ ਚੰਗਾ ਪ੍ਰਭਾਵ ਰੱਖਣ ਵਾਲ਼ੇ, 'ਮੇਹਦੀ ਆਰਮੀ' ਦੇ ਮੁਖੀ ਮੁਕਤਦਾ-ਅਲ-ਸਦਰ ਨੇ ਇਰਾਕ ਉਤੇ ਅਮਰੀਕੀ ਕਬਜ਼ੇ ਨੂੰ ਖਤਮ ਕਰਨ ਦੀ ਆਖਰੀ ਤਰੀਕ ਤੈਅ ਕਰਨ ਦੀ ਮੰਗ ਕੀਤੀ ਹੈ।

ਦੂਜੇ ਪਾਸੇ ਅਮਰੀਕੀ ਸਾਮਰਾਜਵਾਦੀ ਵੀ ਇਰਾਕ ਉਤੇ ਆਪਣਾ ਕਬਜ਼ਾ ਬਰਕਰਾਰ ਰੱਖਣ ਅਤੇ ਇਰਾਕੀ ਲੋਕਾਂ ਦੇ ਪ੍ਰਤੀਰੋਧ ਨੂੰ ਕੁਚਲਣ ਲਈ, ਇਰਾਕੀ ਲੋਕਾਂ ਉਤੇ ਅਤਿਆਚਾਰ ਹੋਰ ਤੇਜ਼ ਕਰਨ ਦੀਆਂ ਨਵੀਆਂ-ਨਵੀਆਂ ਸਕੀਮਾਂ ਬਣਾ ਰਹੇ ਹਨ। ਇਹਨਾਂ ਵਿੱਚੋਂ ਸਭ ਤੋਂ ਤਾਜ਼ਾ ਯੋਜਨਾ ਹੈ, ਬਗਦਾਦ ਸ਼ਹਿਰ ਦੀ ਘੇਰਾਬੰਦੀ ਨੂੰ ਹੋਰ ਵਧਾਉਣਾ, ਅਮਰੀਕਾ ਦੀ ਯੋਜਨਾ ਹੈ ਕਿ ਬਗਦਾਦ ਸ਼ਹਿਰ ਦੇ ਵੱਡੇ ਹਿੱਸੇ ਨੂੰ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ ਨੂੰ ਸੀਲ ਕਰ ਦਿੱਤਾ ਜਾਵੇ ਅਤੇ ਇਹਨਾਂ ਇਲਾਕਿਆਂ ਵਿੱਚ ਰਹਿਣ ਵਾਲੇ ਇਰਾਕੀਆਂ ਨੂੰ ਪਹਿਚਾਣ-ਪੱਤਰ ਜਾਰੀ ਕੀਤੇ ਜਾਣ। ਘੇਰਾ ਬੰਦ ਸਮੁਦਾਏ ਬਣਾਉਣ ਦੀ ਇਸ ਮੁਹਿੰਮ ਵਿੱਚ ਸ਼ਹਿਰ ਦੇ 89 ਵਿੱਚੋਂ 30 ਅਧਿਕਾਰਿਕ ਜ਼ਿਲ੍ਹੇ ਸ਼ਾਮਿਲ ਕੀਤੇ ਜਾਣਗੇ, ਇਸ ਮੁਹਿੰਮ ਨੂੰ ਅਮਰੀਕਾ ਦੀ ਇਰਾਕ ਵਿੱਚਲੇ ਵਿਦਰੋਹੀਆਂ ਨੂੰ ਕੁਚਲਣ ਦੀ ਸਭ ਤੋਂ ਮਹੱਤਵਅਕਾਂਕਸ਼ੀ ਯੋਜਨਾ ਕਿਹਾ ਜਾ ਰਿਹਾ ਹੈ।

ਘੇਰਾ ਬੰਦ ਸਮੁਦਾਏ ਬਣਾਉਣ ਦੀ ਇਸ ਯੋਜਨਾ ਦਾ ਜਨਮ ਵਿਅਤਨਾਮ ਜੰਗ ਵਿੱਚ ਹੋਇਆ ਸੀ। ਇਸ ਯੋਜਨਾ ਨੂੰ ਅਮਰੀਕਾ ਵੱਲੋਂ ਵਿਅਤਨਾਮ 'ਚ, ਫਰਾਂਸ ਦੁਆਰਾ ਅਲਜੀਰੀਆ 'ਚ ਅਤੇ ਇਜ਼ਰਾਈਲ ਵੱਲੋਂ ਫਿਲਿਸਤੀਨ ਵਿੱਚ ਅਜਮਾਇਆ ਜਾ ਚੁਕਿਆ ਹੈ, ਸਾਰੀਆਂ ਥਾਵਾਂ 'ਤੇ ਇਹਨਾਂ ਜਾਲਮਾਂ ਨੂੰ ਮੂੰਹ ਦੀ ਖਾਣੀ ਪਈ ਹੈ। ਬਗਦਾਦ ਲਈ ਅਮਰੀਕਾ ਦੀ ਘੇਰੇ ਬੰਦ ਸਮੁਦਾਏ ਬਣਾਉਣ ਦੀ ਯੋਜਨਾ ਅਮਰੀਕਾ ਦੀ ਵਧਦੀ ਬਦਹਵਾਸੀ ਅਤੇ ਨਿਰਾਸ਼ਾ ਨੂੰ ਦਰਸਾਉਂਦੀ ਹੈ। ਵਿਦੇਸ਼ੀ ਕਬਜੇ ਵਿਰੁੱਧ ਇਰਾਕੀ ਲੋਕਾਂ ਦੇ ਬਹਦਾਰੀ ਭਰੇ ਪ੍ਰਤੀਰੋਧ ਨੂੰ ਕੁਚਲਣ ਲਈ ਅਮਰੀਕੀ ਸਾਮਰਾਜੀਆਂ ਦੁਆਰਾ ਹੁਣ ਤੱਕ ਅਪਣਾਏ ਗਏ ਸਾਰੇ ਹੱਥਕੰਡੇ ਨਾਕਾਮ ਹੋਏ ਹਨ। ਆਉਣ ਵਾਲ਼ੇ ਦਿਨ ਇਹਨਾਂ ਅਮਰੀਕੀ ਸਾਮਰਾਜਵਾਦੀਆਂ ਅਤੇ ਉਸਦੇ ਜੋੜੀਦਾਰਾਂ ਲਈ ਹੋਰ ਵੀ ਬੁਰੇ ਸਿੱਧ ਹੋਣ ਜਾ ਰਹੇ ਹਨ।

ਇਰਾਕ ਉਤੇ ਅਮਰੀਕੀ ਕਬਜ਼ੇ ਅਤੇ ਪ੍ਰਤੀਰੋਧ ਦੇ ਚਾਰ ਸਾਲ

—ਸੁਖਦੇਵ

ਇਸ ਸਾਲ ਮਾਰਚ ਵਿੱਚ ਇਰਾਕ ਉਤੇ ਅਮਰੀਕੀ ਸਾਮਰਾਜਵਾਦ ਦੇ ਕਬਜ਼ੇ ਦੇ ਚਾਰ ਸਾਲ ਪੂਰੇ ਹੋ ਗਏ ਹਨ। ਇਹਨਾਂ ਸਾਲਾਂ ਦੇ ਦੌਰਾਨ ਜਿੱਥੇ ਇਰਾਕੀ ਲੋਕਾਂ ਨੇ ਅਮਰੀਕੀ ਸਾਮਰਾਜਵਾਦੀਆਂ ਅਤੇ ਉਹਨਾਂ ਦੇ ਪਿਠੂਆਂ ਹੱਥੋਂ ਭਿਅੰਕਰ ਜ਼ੁਲਮ ਸਹੇ ਹਨ, ਉਥੇ ਉਹਨਾਂ ਅਮਰੀਕੀ ਕਬਜ਼ੇ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ, ਹਾਰ ਨਹੀਂ ਮੰਨੀ, ਅਮਰੀਕੀ ਕਬਜ਼ੇ ਖਿਲਾਫ਼ ਇਰਾਕੀ ਲੋਕਾਂ ਦਾ ਪ੍ਰਤੀਰੋਧ ਦਿਨੋ-ਦਿਨ ਵਧੇਰੇ ਤਿੱਖਾ ਹੁੰਦਾ ਗਿਆ ਹੈ। ਸਾਮਰਾਜਵਾਦੀ ਕਬਜ਼ੇ ਖਿਲਾਫ਼ ਇਰਾਕੀ ਲੋਕਾਂ ਦੇ ਬਹਾਦਰੀ ਭਰੇ ਸੰਘਰਸ਼ ਨੇ ਅਮਰੀਕੀ ਹਾਕਮਾਂ ਦੀ ਨੀਂਦ ਉਡਾ ਰੱਖੀ ਹੈ। ਅਮਰੀਕੀ ਹਾਕਮਾਂ ਨੇ ਇਰਾਕ ਉਤੇ ਕਬਜੇ ਨੂੰ ਜਿੰਨਾ ਅਸਾਨ ਸਮਝਿਆ ਸੀ, ਅਸਲੀਅਤ ਵਿੱਚ ਉਸਤੋਂ ਠੀਕ ਉਲਟਾ ਹੀ ਹੋਇਆ। ਇਰਾਕ ਵਿਚ ਸੱਦਾਮ ਹੁਸੈਨ ਨੂੰ ਸੱਤਾ ਤੋਂ ਬੇਦਖ਼ਲ ਕਰਕੇ, ਉਥੇ ਆਪਣੀ ਕਠਪੁਤਲੀ ਸਰਕਾਰ ਬਿਠਾ ਕੇ ਅਰਾਮ ਨਾਲ਼ ਉਥੋਂ ਦੀ ਤੇਲ ਸੰਪਦਾ ਦੀ ਲੁੱਟ ਦੇ ਅਮਰੀਕੀ ਮਨਸੂਬੇ, ਬਹਾਦਰ ਇਰਾਕੀ ਲੋਕਾਂ ਨੇ ਮਿੱਟੀ ਵਿੱਚ ਮਿਲਾ ਦਿੱਤੇ ਹਨ।

ਅਮਰੀਕੀ ਹਾਕਮਾਂ ਨੇ ਇਰਾਕ ਉਤੇ ਹਮਲਾ ਕਰਨ ਦੇ ਦੋ ਬਹਾਨੇ ਬਣਾਏ ਸਨ। ਇੱਕ ਸੀ ਇਰਾਕ ਕੋਲ਼ ਘਾਤਕ ਰਸਾਇਣਿਕ ਹਥਿਆਰ ਹੋਣ ਦਾ ਬਹਾਨਾ ਅਤੇ ਦੂਜਾ ਬਹਾਨਾ ਸੀ ਸੱਦਾਮ ਹੁਸੈਨ ਦੇ ਅਲਕਾਇਦਾ ਨਾਲ਼ ਸਬੰਧ। ਇਰਾਕ ਕੋਲ਼ ਰਸਾਇਣਿਕ ਹਥਿਆਰ ਹੋਣ ਦੇ ਅਮਰੀਕੀ ਝੂਠ ਦੀ ਹਵਾ ਤਾਂ ਬਹੁਤ ਪਹਿਲਾਂ ਹੀ ਨਿਕਲ ਚੁੱਕੀ ਹੈ ਜਦ ਇਰਾਕ ਉਤੇ ਕਬਜ਼ੇ ਤੋਂ ਬਾਅਦ ਅਮਰੀਕੀ ਅਤੇ ਬ੍ਰਿਟਿਸ਼ ਹਾਕਮ ਇਹੋ ਜਿਹੇ ਕੋਈ ਹਥਿਆਰ ਨਹੀਂ ਲੱਭ ਸਕੇ। ਪੂਰੀ ਦੁਨੀਆਂ ਨੇ ਸਾਮਰਾਜੀਆਂ ਦੇ ਇਸ ਝੂਠ ਉਤੇ ਥੁਕਿਆ। ਅਮਰੀਕੀ ਸਾਮਰਾਜਵਾਦੀਆਂ ਦੇ ਦੂਸਰੇ ਝੂਠ ਦੀ ਪੋਲ ਖੁਦ ਉਸ ਦੀ ਹੀ ਖੁਫ਼ੀਆ ਏਜੰਸੀ ਨੇ ਖੋਲ ਦਿੱਤੀ। ਸੀ. ਆਈ. ਏ. ਨੇ ਮੰਨਿਆ ਕਿ ਸੱਦਾਮ ਦੇ ਅਲਕਾਇਦਾ ਨਾਲ਼ ਕੋਈ ਸਬੰਧ ਨਹੀਂ ਸਨ। ਹੁਣ ਪੂਰੀ ਦੁਨੀਆਂ ਦੇ ਸਾਹਮਣੇ ਇਹ ਗੱਲ ਸਾਫ਼ ਹੋ ਗਈ ਹੈ ਕਿ ਇਰਾਕ ਉਤੇ ਹਮਲੇ ਦੇ ਪਿੱਛੇ ਅਮਰੀਕੀ ਅਤੇ ਬ੍ਰਿਟਿਸ਼ ਸਾਮਰਾਜਵਾਦੀਆਂ ਦਾ ਇੱਕੋ ਇੱਕ ਮਕਸਦ ਇਰਾਕ ਦੇ ਤੇਲ ਭੰਡਾਰਾਂ ’ਤੇ ਕਬਜ਼ਾ ਕਰਨਾ ਸੀ। ਮੱਧ ਏਸ਼ੀਆ ਦੇ ਤੇਲ ਦੀ ਵਿਸ਼ਾਲ ਸੰਪਦਾ ਉਤੇ ਕਬਜ਼ੇ ਲਈ ਇਰਾਕ ਉਤੇ ਕਬਜ਼ਾ ਕਰਨ ਦਾ ਇੱਕ ਯੁੱਧਨੀਤਕ ਮਹੱਤਵ ਵੀ ਹੈ।

ਇਰਾਕ ਉਤੇ ਕਬਜ਼ੇ ਨੇ ਇਰਾਕੀ ਲੋਕਾਂ ਉਤੇ ਮੁਸੀਬਤਾਂ ਦੇ ਪਹਾੜ ਲੱਦ ਦਿੱਤੇ ਹਨ। ਹਰ ਰੋਜ਼ ਵਿਦੇਸ਼ੀ ਕਬਜ਼ਾਧਾਰੀਆਂ ਦੇ ਹੱਥੋਂ ਸੈਂਕੜੇ ਇਰਾਕੀ ਮਾਰੇ ਜਾ ਰਹੇ ਹਨ, ਸੈਂਕੜੇ ਗੁੰਮ ਹੋ ਰਹੇ ਹਨ। ਮੋਸੁਲ ਤੋਂ ਲੈ ਕੇ ਕਿਰਕੁਕ ਤੱਕ ਅਤੇ ਕਿਰਕੁਕ ਤੋਂ ਲੈ ਕੇ ਬਸਰਾ ਤੱਕ ਪੂਰੇ ਇਰਾਕ ਵਿੱਚ ਲਾਸ਼ਾਂ ਦੇ ਢੇਰ ਮਿਲ਼ਦੇ ਹਨ। ਇਹਨਾਂ ਲਾਸ਼ਾਂ ਦੇ ਹੱਥ ਬੰਨ੍ਹੇ ਹੋਏ ਹਨ, ਅੱਖਾਂ ’ਤੇ ਪੱਟੀ, ਸ਼ਰੀਰ ਗੋਲ਼ੀਆਂ ਨਾਲ਼ ਭੁੰਨੇ ਹੋਏ ਹਨ ਅਤੇ ਪੂਰੇ ਸ਼ਰੀਰ ਉਤੇ ਤਸੀਹਿਆਂ ਦੇ ਨਿਸ਼ਾਨ ਹੁੰਦੇ ਹਨ।

ਵਿਦੇਸ਼ੀ ਹਮਲਾਵਰਾਂ ਦੇ ਹੱਥੋਂ ਹੁਣ ਤੱਕ ਕਿੰਨੇ ਇਰਾਕੀ ਮਾਰੇ ਜਾ ਚੁੱਕੇ ਹਨ ਇਸਦਾ ਠੀਕ ਠੀਕ ਅੰਦਾਜ਼ਾ ਲਗਾਉਣਾ ਤਾਂ ਮੁਸ਼ਕਿਲ ਹੈ, ਪਰ ਸਾਮਰਾਜਵਾਦੀਆਂ ਦੇ ਧੂਤੂ ਬੀ. ਬੀ. ਸੀ. ਦੀ ਹੀ ਇੱਕ ਵੈਬਸਾਈਟ ਅਨੁਸਾਰ, “ਅਮਰੀਕੀ ਫ਼ੌਜ ਇਰਾਕ ਵਿੱਚ ਮਾਰੇ ਜਾ ਰਹੇ ਨਾਗਰਿਕਾਂ ਦਾ ਪੂਰਾ ਰਿਕਾਰਡ ਨਹੀਂ ਰੱਖਦੀ। ਨਾ ਹੀ ਇਰਾਕੀ ਸਰਕਾਰ ਕੋਲ਼ ਇਸਦੀ ਕੋਈ ਠੀਕ-ਠੀਕ ਜਾਣਕਾਰੀ ਹੈ, ਫੇਰ ਵੀ ਸਿਹਤ ਮੰਤਰਾਲਾ ਦੁਆਰਾ ਨਵੰਬਰ 2006 ਵਿੱਚ ਲਗਾਏ ਗਏ ਇੱਕ ਅਨੁਮਾਨ ਅਨੁਸਾਰ ਇਹ ਸੰਖਿਆਂ ਇੱਕ ਤੋਂ ਡੇਢ ਲੱਖ ਵਿਚਕਾਰ ਹੈ, ਪਰ ਲਾਨਸੈਟ ਦੁਆਰਾ ਇਰਾਕੀ ਘਰਾਂ ਉਤੇ ਕੀਤੇ ਗਏ ਇੱਕ ਸਰਵੇਖ਼ਣ ਅਨੁਸਾਰ ਜੁਲਾਈ 2006 ਤੱਕ ‘ਯੁੱਧ ਦੇ ਨਤੀਜੇ ਵੱਜੋਂ ਲਗਭਗ 6,55,000 ਇਰਾਕੀ ਮਾਰੇ ਗਏ ਹਨ।” ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ ਨੂੰ ਵੀ ਕਬਜ਼ੇ ਦੀ ਵੱਡੀ ਕੀਮਤ ਦੇਣੀ ਪੈ ਰਹੀ ਹੈ। ਇੱਕ ਪਾਸੇ ਜਿੱਥੇ ਸਾਮਰਾਜਵਾਦੀਆਂ ਨੂੰ ਇਰਾਕੀ ਲੋਕਾਂ ਦੇ ਵਿਰੋਧ ਨੂੰ ਕੁਚਲਣ ਲਈ ਅਰਬਾਂ ਡਾਲਰ ਸਲਾਨਾ ਖਰਚ ਚੁੱਕਣਾ ਪੈ ਰਿਹਾ ਹੈ, ਉਥੇ ਆਏ ਦਿਨ ਇਰਾਕੀ ਗੁਰੀਲਿਆਂ ਹੱਥੋਂ ਵਿਦੇਸ਼ੀ ਹਮਲਾਵਰ ਫ਼ੌਜ ਦੇ ਫ਼ੌਜੀ ਵੀ ਵੱਡੀ ਗਿਣਤੀ ਵਿੱਚ ਮਾਰੇ ਜਾ ਰਹੇ ਹਨ। ਇੱਕ ਅੰਦਾਜ਼ੇ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਹਮਲਾਵਰ ਗਠਬੰਧਨ ਫ਼ੌਜ ਦੇ 34,00 ਫ਼ੌਜੀ ਮਾਰੇ ਜਾ ਚੁੱਕੇ ਹਨ। ਮਾਰਚ 2003 ਵਿੱਚ ਜਦੋਂ ਅਮਰੀਕਾ ਅਤੇ ਉਸਦੇ ਜੋਟੀਦਾਰਾਂ ਨੇ ਇਰਾਕ ਉਤੇ ਹਮਲਾ ਕੀਤਾ ਤਾਂ ਸ਼ੀਆ ਮੁਸਲਮਾਨਾਂ ਦੇ ਇੱਕ ਹਿੱਸੇ ਨੇ ਇਸਦਾ ਸਵਾਗਤ ਕੀਤਾ ਸੀ। ਉਹ ਅਮਰੀਕੀ ਸਾਮਰਾਜਵਾਦ ਅਤੇ ਉਸਦੇ ਜੋਟੀਦਾਰਾਂ ਨੂੰ ਇੱਕ ਮੁਕਤੀਦਾਤਾ ਦੇ ਰੂਪ ਵਿੱਚ ਦੇਖ ਰਹੇ ਸਨ ਜੋ ਉਹਨਾਂ ਨੂੰ ਸੱਦਾਮ ਹੁਸੈਨ ਦੀ ਅਤਿਆਚਾਰੀ ਸੱਤਾ ਤੋਂ ਆਜ਼ਾਦੀ ਦਿਵਾਉਣਗੇ, ਪਰ ਸਮਾਂ ਲੰਘਣ ਦੇ ਨਾਲ਼ ਇਰਾਕੀ ਲੋਕਾਂ ਦੇ ਹਰ ਇੱਕ ਹਿੱਸੇ ਨੂੰ ਇਹ ਗੱਲ ਸਪੱਸ਼ਟ ਹੋ ਗਈ ਕਿ ਵਿਦੇਸ਼ੀ ਹਮਲਾਵਰ ਇਰਾਕ ਨੂੰ ਸੱਦਾਮ ਹੁਸੈਨ ਦੀ “ਤਾਨਾਸ਼ਾਹੀ” ਤੋਂ ਅਜ਼ਾਦ ਕਰਾਉਣ ਨਹੀਂ ਸਗੋਂ ਇਰਾਕ ਦੇ ਤੇਲ ਭੰਡਾਰਾਂ ਉਤੇ ਕਬਜੇ ਲਈ ਆਏ ਹਨ ਅਤੇ ਨੇੜ ਭਵਿੱਖ ਵਿੱਚ ਇਰਾਕ ਤੋਂ ਚਲੇ ਜਾਣ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਹੈ।

ਇਹ ਗੱਲ ਸਾਫ਼ ਹੁੰਦੇ ਹੀ ਇਰਾਕ ਦੀ ਸ਼ੀਆ ਅਬਾਦੀ ਵੀ ਇਰਾਕ ਉਤੇ ਵਿਦੇਸ਼ੀ ਕਬਜ਼ੇ ਦੇ ਖਿਲਾਫ਼ ਖਾੜਕੂ ਵਿਰੋਧ ਲਈ ਆ ਖੜੀ ਹੋਈ ਹੈ। ਸੁੰਨੀ ਅਬਾਦੀ ਤਾਂ ਪਹਿਲੇ ਦਿਨ ਤੋਂ ਹੀ ਅਮਰੀਕੀ ਕਬਜ਼ੇ ਖਿਲਾਫ਼ ਲੜਦੀ ਆ ਰਹੀ ਹੈ। ਇਰਾਕੀ ਲੋਕਾਂ ਦੇ ਸ਼ੀਆ-ਸੁੰਨੀ ਪਾੜੇ ਨੂੰ ਹੋਰ ਵਧਾ ਕੇ, ਸ਼ੀਆ ਅਬਾਦੀ ਨੂੰ ਆਪਣੇ ਪੱਖ ਵਿੱਚ ਜਿੱਤ ਲੈਣ ਦੇ ਅਮਰੀਕੀ ਮਨਸੂਬੇ ਵੀ ਮਿੱਟੀ ਵਿੱਚ ਮਿਲਦੇ ਜਾ ਰਹੇ ਹਨ। 9 ਅਪ੍ਰੈਲ 2007 ਨੂੰ ਹਜ਼ਾਰਾਂ ਇਰਾਕੀ

(**ਬਾਕੀ ਸਫ਼ਾ 19 ’ਤੇ**)

ਕੀ ਵੱਧ ਅਬਾਦੀ ਹੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ ?

—ਲਖਵਿੰਦਰ

ਸਾਨੂੰ ਹਮੇਸ਼ਾਂ ਹੀ ਇਹ ਦੱਸਿਆ ਗਿਆ ਹੈ ਕਿ ਦੇਸ਼ ਦੀ ਵੱਧ ਅਬਾਦੀ ਹੀ ਗਰੀਬੀ ਅਤੇ ਬੇਰੁਜ਼ਗਾਰੀ ਦਾ ਮੁੱਖ ਕਾਰਣ ਹੈ। ਸਾਨੂੰ ਕਿਹਾ ਜਾਂਦਾ ਹੈ ਕਿ ਜੇ ਵਧਦੀ ਅਬਾਦੀ 'ਤੇ ਕਾਬੂ ਪਾ ਲਿਆ ਜਾਵੇ ਤਾਂ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਸਕੂਲਾਂ-ਕਾਲਜਾਂ ਦੀਆਂ ਕਿਤਾਬਾਂ ਵਿੱਚ ਇਹੋ ਰੱਟਾ ਲਵਾਇਆ ਜਾਂਦਾ ਹੈ। ਸਾਡੇ ਤੋਂ ਵੋਟਾਂ ਲੈ ਕੇ ਗਏ ਹਾਕਮਾਂ ਤੋਂ ਜਦੋਂ ਰੁਜ਼ਗਾਰ ਦੀ ਮੰਗ ਕਰਦੇ ਹਾਂ ਤਾਂ ਉਹ ਵੀ ਇਹੋ ਘੜਿਆ-ਘੜਾਇਆ ਜਵਾਬ ਦੇ ਕੇ ਪਿੱਛਾ ਛੁਡਾਉਣ ਦੀ ਕਰਦੇ ਹਨ। ਹਰ ਪਾਸੇ ਤੋਂ ਹੀ ਇਸ ਭਰਮ ਦੀ ਇੱਕ ਹਨੇਰੀ ਜਿਹੀ ਲਿਆ ਦਿੱਤੀ ਗਈ ਹੈ। ਇਸ ਕੁਤਰਕ ਦਾ ਏਨਾ ਕੂੜ-ਪਰਚਾਰ ਕੀਤਾ ਗਿਆ ਹੈ ਕਿ ਦੇਸ਼ ਦੇ ਆਮ ਲੋਕ ਇਸ ਗੱਲ ਨੂੰ 'ਰੱਬੀ ਸੱਚ' ਮੰਨ ਕੇ ਆਪਣੇ ਦਿਮਾਗਾਂ ਨੂੰ ਜੰਦਰੇ ਜੜ੍ਹੀ ਬੈਠੇ ਹਨ। ਇੱਕ ਧਰਮ ਨੂੰ ਮੰਨਣ ਵਾਲੇ ਲੋਕ ਦੂਜੇ ਧਰਮ ਦੇ ਪੈਰੋਕਾਰਾਂ ਨੂੰ ਵੱਧ ਬੱਚੇ ਪੈਦਾ ਕਰਨ ਕਰਕੇ ਕੋਸਦੇ ਰਹਿੰਦੇ ਹਨ। "ਉਚੀਆਂ ਜਾਤਾਂ" ਵਾਲੇ "ਨੀਵੀਆਂ ਜਾਤਾਂ" ਵਾਲੇ ਲੋਕਾਂ ਨੂੰ ਇਸਦੇ ਲਈ ਬੁਰਾ-ਭਲਾ ਆਖਦੇ ਹਨ। ਕਿਸੇ ਇੱਕ ਖੇਤਰ/ਇਲਾਕੇ ਦੇ ਨਿਵਾਸੀ ਦੂਜੇ ਇਲਾਕਿਆਂ ਤੋਂ ਆਏ ਪ੍ਰਵਾਸੀ ਕਿਰਤੀਆਂ ਨੂੰ ਹੀ ਅਬਾਦੀ ਵਧਾ ਦੇਣ ਦਾ ਦੋਸ਼ ਲਾਉਂਦੇ ਹੋਏ ਉਹਨਾਂ ਵਿਰੁੱਧ ਦੰਗੇ ਫ਼ਸਾਦ ਲਈ ਤਿਆਰ ਹੋ ਜਾਂਦੇ ਹਨ।

ਜਦੋਂ ਅਸੀਂ ਥੋੜ੍ਹੀ ਜਿਹੀ ਹੀ ਗੰਭੀਰਤਾ ਅਤੇ ਗਹਿਰਾਈ ਨਾਲ਼ ਤੱਥਾਂ ਦੀ ਪੜਤਾਲ ਕਰਦੇ ਹਾਂ ਤਾਂ ਅਸੀਂ ਸਾਫ਼ ਦੇਖ ਸਕਦੇ ਹਾਂ ਕਿ ਸਾਨੂੰ ਕਿਸ ਤਰ੍ਹਾਂ ਵਧ ਅਬਾਦੀ ਨੂੰ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਕਹਿਣਾ ਪੂਰੀ ਤਰ੍ਹਾਂ ਬੇਬੁਨਿਆਦ ਗੱਲ ਹੈ। ਅਬਾਦੀ ਨੂੰ ਗਰੀਬੀ-ਬੇਰੁਜ਼ਗਾਰੀ ਦਾ ਕਾਰਨ ਦੱਸਣਾ ਕੋਰਾ ਝੂਠ ਹੈ। ਕੁਝ ਲੋਕ ਇਸ ਤਰ੍ਹਆਂ ਦਾ ਪ੍ਰਚਾਰ ਆਪਣੀ ਗੈਰ ਜਾਣਕਾਰੀ ਕਰਕੇ ਕਰਦੇ ਹਨ। ਪਰ ਕੁਝ ਲੋਕ ਅਜਿਹੇ ਵੀ ਹਨ ਜਿਹਨ੍ਹਾਂ ਦਾ ਸਵਰਗ ਇਸੇ ਢਾਂਚੇ ਵਿੱਚ ਹੈ। ਦੂਜਿਆਂ ਦੀ ਮਿਹਨਤ 'ਤੇ ਆਪਣੀਆਂ ਤਜੌਰੀਆਂ ਭਰਨ ਵਾਲੇ ਸਰਮਾਏਦਾਰ ਇਸ ਢਾਂਚੇ ਨੂੰ ਜਿਉਂਦਾ ਰੱਖਣ ਲਈ ਇਸ ਤਰ੍ਹਾਂ ਦੇ ਭਰਮ ਲੋਕਾਂ ਵਿੱਚ ਫੈਲਾਉਂਦੇ ਹੀ ਰਹਿੰਦੇ ਹਨ।

ਅਬਾਦੀ ਨੂੰ ਸਭ ਸਮੱਸਿਆਵਾਂ ਦੀ ਜੜ੍ਹ ਦੱਸਣ ਵਾਲਾ ਝੂਠਾ ਸਿਧਾਂਤ ਅਸਲ ਵਿੱਚ ਇੱਕ ਪੂੰਜੀਵਾਦੀ ਸਿਧਾਂਤਕਾਰ ਮਾਲਥਸ ਵੱਲੋਂ ਘੜਿਆ ਗਿਆ ਹੈ। ਉਸਨੇ ਦਾਅਵਾ ਕੀਤਾ ਕਿ ਆਬਾਦੀ ਰੇਖਾ ਗਣਿਤਕ ਕ੍ਰਮ (1,2,4,8,16.....) ਅਨੁਸਾਰ ਵਧਦੀ ਹੈ ਜਦੋਂ ਕਿ ਗੁਜ਼ਾਰੇ ਦੇ ਸਾਧਨ ਅੰਕ ਗਣਿਤਕ ਕ੍ਰਮ (1,2,3,4,5.....) ਅਨੁਸਾਰ ਵਧਦੇ ਹਨ। ਮਾਲਥਸ ਨੇ ਕਿਹਾ ਕਿ ਅਬਾਦੀ ਕਿਉਂ ਕਿ ਜ਼ਿਆਦਾ ਤੇਜ਼ੀ ਨਾਲ਼ ਵਧਦੀ ਹੈ ਤੇ ਗੁਜ਼ਾਰੇ ਦੇ ਸਾਧਨ ਨਾ-ਮਾਤਰ ਗਤੀ ਨਾਲ਼। ਇਸ ਲਈ ਵੱਧ ਅਬਾਦੀ ਹੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ। ਮਾਲਥਸ ਨੇ ਆਪਣੇ ਦੁਆਰਾ ਘੜੇ ਇਸ ਬੇਬੁਨਿਆਦ ਅਬਾਦੀ ਸਿਧਾਂਤ ਨੂੰ ਸੱਚ ਸਾਬਿਤ ਕਰਨ ਲਈ ਕੁਤਰਕ ਕੀਤੇ। ਵਧਦੀ ਅਬਾਦੀ ਲਈ ਉਸਨੇ ਅਮਰੀਕਾ ਦੇ ਆਂਕੜੇ ਪੇਸ਼ ਕੀਤੇ ਅਤੇ ਗੁਜ਼ਾਰੇ ਦੇ ਸਾਧਨਾਂ ਦੇ ਵਾਧੇ ਨੂੰ ਦਿਖਾਉਣ ਲਈ ਫਰਾਂਸ ਦੇ! ਉਸਨੇ ਪੂਰੀ ਤਰ੍ਹਾਂ ਮਨੁੱਖਤਾ ਵਿਰੋਧੀ ਹੋ ਕੇ ਇਹ ਬਕਵਾਸ ਕੀਤੀ ਕਿ ਜੰਗਾਂ, ਮਹਾਂਮਾਰੀਆਂ ਅਤੇ ਕੁਦਰਤੀ ਆਫ਼ਤਾਂ ਆਦਿ ਮਨੁੱਖ ਜਾਤੀ ਲਈ ਵਰਦਾਨ ਦੀ ਤਰ੍ਹਾਂ ਹਨ ਕਿਉਂ ਕਿ ਇਹਨਾਂ ਨਾਲ਼ ਅਬਾਦੀ ਘੱਟਦੀ ਹੈ! ਮਾਲਥਸ ਦਾ ਅਬਾਦੀ ਸਿਧਾਂਤ ਭਾਂਵੇਂ ਕਿ ਵਿਗਿਆਨਕ ਤੌਰ 'ਤੇ ਪੂਰੀ ਤਰ੍ਹਾਂ ਗ਼ਲਤ ਸਾਬਤ ਕੀਤਾ ਜਾ ਚੁੱਕਾ ਹੈ ਪਰ ਫੇਰ ਵੀ ਲੋਕਾਂ ਨੂੰ ਮੂਰਖ ਬਣਾਉਣ ਲਈ ਪੂੰਜੀਪਤੀਆਂ ਦੁਆਰਾ ਲਗਾਤਾਰ ਇਸੇ ਦਾ ਪ੍ਰਚਾਰ ਕੀਤਾ ਜਾਂਦਾ ਹੈ। ਮਾਲਥਸ ਨੇ ਜਿਹੜੇ ਦੇਸ਼ਾਂ ਦੀਆਂ ਉਦਾਹਰਣਾਂ ਦਿੱਤੀਆਂ ਉਹਨਾਂ ਵਿੱਚ ਉਸ ਸਮੇਂ ਵੀ ਅਤੇ ਅੱਜ ਵੀ ਗੁਜ਼ਾਰੇ ਦੇ ਸਾਧਨਾਂ ਦਾ ਅਬਾਦੀ ਨਾਲੋਂ ਕਿਤੇ ਤੇਜ਼ੀ ਨਾਲ ਅਤੇ ਕਿਤੇ ਵੱਧ ਵਿਕਾਸ ਹੋਇਆ। ਸਾਡੇ ਦੇਸ਼ ਦੀ ਹੀ ਅਰਥਵਿਵਸਥਾ 'ਤੇ ਜੇ ਨਜ਼ਰ ਮਾਰ ਲਈ ਜਾਵੇ ਤਾਂ ਸਾਰੀ ਗੱਲ ਸਪੱਸ਼ਟ ਹੋ ਜਾਂਦੀ ਹੈ। 1947 ਤੋਂ ਹੁਣ ਤੱਕ ਸਾਡੇ ਦੇਸ਼ ਦੀ ਅਬਾਦੀ ਲੱਗਭਗ ਸਵਾ ਤਿੰਨ ਗੁਣਾ ਵਧੀ ਹੈ ਪਰ ਪ੍ਰਤੀ ਵਿਅਕਤੀ ਔਸਤ ਆਮਦਨ ਇਸ ਤੋਂ ਕਿਤੇ ਜ਼ਿਆਦਾ ਵਧੀ ਹੈ। ਪਰ ਇਹ ਧਨ-ਦੌਲਤ ਜੋ ਵਧੀ ਉਸਦਾ ਵੱਡਾ ਹਿੱਸਾ ਤਾਂ ਟਾਟੇ-ਬਿਰਲੇ-ਰਿਲਾਇੰਸ ਵਰਗੇ ਮੁੱਠੀ ਭਰ ਅਮੀਰਾਂ ਕੋਲ ਇਕੱਠਾ ਹੋ ਗਿਆ। ਟਾਟਾ ਘਰਾਨਾ ਜਿਸਦੀ 1947 ਸਮੇਂ 100 ਕਰੋੜ ਰੁਪਏ ਦੇ ਲਗਭਗ ਦੀ ਸੰਪਤੀ ਸੀ ਅੱਜ 150 ਹਜ਼ਾਰ ਕਰੋੜ ਤੋਂ ਵੀ ਵੱਧ ਸੰਪੱਤੀ ਦਾ ਮਾਲਕ ਹੈ।

ਅਬਾਦੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ ਜਾਂ ਨਹੀਂ ਇਸ ਸਬੰਧ ਵਿੱਚ ਦੂਜੇ ਦੇਸ਼ਾਂ ਦੀਆਂ ਹਾਲਤਾਂ ਤੇ ਥੋੜੀ ਜਿਹੀ ਨਜ਼ਰ ਮਾਰ ਲੈਣੀ ਚਾਹੀਦੀ ਹੈ। ਅਮਰੀਕਾ, ਆਸਟ੍ਰੇਲੀਆ ਅਤੇ ਯੂਰਪੀ ਵਿਕਸਿਤ ਪੂੰਜੀਵਾਦੀ ਦੇਸ਼ ਅਜਿਹੇ ਹਨ ਜਿਥੇ ਅਬਾਦੀ ਜਾਂ ਤਾਂ ਸਥਿਰ ਹੈ ਜਾਂ ਲਗਾਤਾਰ ਘੱਟ ਰਹੀ ਹੈ। ਜਪਾਨ, ਫਰਾਂਸ ਅਤੇ ਆਸਟ੍ਰੇਲੀਆ ਦੀਆਂ ਸਰਕਾਰਾਂ ਨੇ ਤਾਂ ਇੱਕ ਤੋਂ ਵੱਧ ਬੱਚੇ ਪੈਦਾ ਕਰਨ ਲਈ ਇਨਾਮ ਵੀ ਰੱਖੇ ਹਨ। ਪਰ ਇਹਨਾਂ ਦੇਸ਼ਾਂ ਵਿੱਚ ਵੀ ਬੇਰੁਜ਼ਗਾਰੀ ਅਤੇ ਗਰੀਬੀ ਲਗਾਤਾਰ ਵੱਧ ਰਹੇ ਹਨ ਅਤੇ

ਵਿਸਫ਼ੋਟਕ ਰੂਪ ਧਾਰਨ ਕਰ ਰਹੇ ਹਨ। ਅਮਰੀਕਾ ਦੇ ਲਗਭਗ ਤਿੰਨ ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਉਪਰਲੇ 3 ਲੱਖ ਅਮੀਰ ਅਮਰੀਕੀਆਂ ਕੋਲ ਹੇਠਲੇ 15 ਕਰੋੜ ਅਮਰੀਕੀਆਂ ਜਿਨਾਂ ਧਨ ਹੈ। ਅਮਰੀਕਾ ਵਿੱਚ ਅਮੀਰੀ-ਗਰੀਬੀ ਦਾ ਪਾੜਾ ਇਸ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਉਪਰਲੇ 10% ਅਮਰੀਕੀਆਂ ਕੋਲ ਅਮਰੀਕੀ ਸਮਾਜ ਦੇ ਕੁਲ ਧਨ ਦਾ 48.5% ਇਕੱਠਾ ਹੋ ਚੁੱਕਾ ਹੈ। ਉਥੇ ਬੇਰੁਜ਼ਗਾਰੀ 4.5% ਦੇ ਹਿਸਾਬ ਨਾਲ਼ ਵੱਧ ਰਹੀ ਹੈ। ਇਸ ਲਈ ਜਦੋਂ ਅਸੀਂ ਦੇਖਦੇ ਹਾਂ ਕਿ ਅਮਰੀਕਾ ਅਤੇ ਹੋਰ ਪੂੰਜੀਵਾਦੀ ਵਿਕਸਿਤ ਦੇਸ਼ਾਂ ਵਿੱਚ ਜਿਥੇ ਅਬਾਦੀ ਦੇ ਵਾਧੇ ਵਰਗੀ ਕੋਈ "ਸਮੱਸਿਆ" ਨਹੀਂ ਪਰ ਉਥੇ ਵੀ ਗਰੀਬੀ ਅਤੇ ਬੇਰੁਜ਼ਗਾਰੀ ਲਗਾਤਾਰ ਵਧਦੇ ਜਾ ਰਹੇ ਹਨ ਤਾਂ ਅਬਾਦੀ ਨੂੰ ਸਭ ਸਮੱਸਿਆਵਾਂ ਦੀ ਜੜ੍ਹ ਦੱਸਣ ਵਾਲੇ ਪੂੰਜੀਵਾਦੀ ਸਿਧਾਂਤਾਂ ਦੀ ਫੂਕ ਨਿਕਲ ਜਾਂਦੀ ਹੈ।

ਭਾਰਤ ਦੀ ਅਬਾਦੀ ਔਸਤ ਵਾਧਾ ਦਰ 1980-1990 ਦੌਰਾਨ 2.4 ਪ੍ਰਤੀਸ਼ਤ ਸੀ ਅਤੇ ਨਾਲ਼ ਹੀ ਰੁਜ਼ਗਾਰ ਦੀ ਔਸਤ ਵਾਧਾ ਦਰ ਵੀ 2.4 ਪ੍ਰਤੀਸ਼ਤ ਹੀ ਸੀ। ਪਰ 1990 ਤੋਂ 2000 ਦੇ ਦਹਾਕੇ ਦੌਰਾਨ ਅਬਾਦੀ ਔਸਤ ਵਾਧਾ ਦਰ ਘੱਟ ਕੇ 1.8% ਰਹਿ ਗਈ। ਅਬਾਦੀ ਨੂੰ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਦੱਸਣ ਵਾਲਿਆਂ ਨੂੰ ਇਸ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਜੇ ਅਬਾਦੀ ਦੀ ਵਧਣ ਦੀ ਰਫ਼ਤਾਰ ਘਟੀ ਹੈ ਤਾਂ ਰੁਜ਼ਗਾਰ ਦੀ ਰਫ਼ਤਾਰ ਵੱਧਣ ਦੀ ਬਜਾਏ ਘੱਟ ਕਿਉਂ ਗਈ ਕਿਉਂ ਕਿ 1990-2000 ਦੇ ਦਹਾਕੇ ਦੌਰਾਨ ਰੁਜ਼ਗਾਰ ਦੀ ਔਸਤ ਵਾਧਾ ਦਰ ਘੱਟ ਕੇ ਸਿਰਫ਼ 1% ਹੀ ਰਹਿ ਗਈ। ਇਹ ਇਸ ਲਈ ਹੋਇਆ ਕਿਉਂ ਕਿ 1990 ਤੋਂ ਬਾਅਦ ਉਦਾਰੀਕਰਨ-ਨਿਜੀਕਰਨ-ਵਿਸ਼ਵੀਕਰਨ ਦੇ ਅਨੁਸਾਰੀ ਜੋ ਨੀਤੀਆਂ ਭਾਰਤੀ ਹਾਕਮਾਂ ਦੁਆਰਾ ਲਾਗੂ ਕੀਤੀਆਂ ਗਈਆਂ ਉਹਨਾਂ ਕਾਰਨ ਭਾਰਤ ਵਿੱਚ ਪੂੰਜੀਵਾਦੀ ਵਿਕਾਸ ਬਹੁਤ ਤੇਜੀ ਨਾਲ਼ ਹੋਇਆ।

ਭਾਰਤ ਵਿੱਚ ਲੱਗਭਗ 10 ਕਰੋੜ ਬੱਚਿਆਂ ਤੋਂ ਪੜ੍ਹਨ-ਲਿਖਣ ਦੀ ਉਮਰ ਵਿੱਚ ਲੱਕ ਤੋੜਵੀਂ ਮਿਹਨਤ ਕਰਵਾਈ ਜਾਂਦੀ ਹੈ। ਜਿਸ ਦੇਸ਼ ਵਿੱਚ ਏਨੀ ਵੱਡੀ ਗਿਣਤੀ ਵਿੱਚ ਬਾਲ-ਮਜ਼ਦੂਰ ਹੋਣ ਉਥੇ ਕੰਮ ਨਾ ਹੋਣ ਦੀ ਗੱਲ ਕਰਨਾ ਇੱਕ ਭੈੜਾ ਮਜਾਕ ਨਹੀਂ ਤਾਂ ਹੋਰ ਕੀ ਹੈ? ਭਾਂਵੇਂ ਕਿ ਮੌਜੂਦਾ ਪੂੰਜੀਵਾਦੀ ਢਾਂਚੇ ਦੇ ਅੰਦਰ ਇਸ ਦਾ ਕੋਈ ਹੱਲ ਸੰਭਵ ਨਹੀਂ ਹੈ ਪਰ ਫੇਰ ਵੀ ਜੇ ਪੂੰਜੀਵਾਦੀ ਕੁਤਰਕੀਆਂ ਦੁਆਰਾ ਫੈਲਾਏ ਜਾਂਦੇ ਭਰਮਾਂ ਦਾ ਪਰਦਾਫ਼ਾਸ਼ ਕਰਨਾ ਹੋਵੇ ਤਾਂ ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਜੇ ਬਾਲ-ਮਜ਼ਦੂਰਾਂ ਨੂੰ ਮਜ਼ਦੂਰੀ ਤੋਂ ਹਟਾ ਕੇ ਪੜ੍ਹਨ ਲਈ ਸਕੂਲ ਭੇਜਿਆ ਜਾਵੇ ਤਾਂ ਪਹਿਲੇ ਨੰਬਰ 'ਤੇ ਹੋਵੇਗਾ ਇਹ ਕਿ 10 ਕਰੋੜ ਬਾਲਗ ਬੇਰੁਜ਼ਗਾਰਾਂ ਨੂੰ ਕੰਮ ਲਈ ਥਾਂ ਖਾਲੀ ਹੋ ਜਾਵੇਗੀ। ਫੇਰ ਬੱਚਿਆਂ ਨੂੰ ਸਿੱਖਿਆ ਦੇਣ ਲਈ ਬਿਲਡਿੰਗਾਂ, ਬੈਂਚ, ਕਿਤਾਬਾਂ ਆਦਿ ਤਿਆਰ ਕਰਨ ਲਈ ਵੀ ਕਿਰਤੀਆਂ ਦੀ ਲੋੜ ਹੋਵੇਗੀ। ਇਹ ਬੱਚੇ ਜਿਹਨਾਂ ਕੋਲ ਮੁਸ਼ਕਿਲ ਨਾਲ਼ ਇੱਕ ਜੋੜੀ ਫਟਿਆ ਪੁਰਾਣਾ ਪੈਂਟ-ਕਮੀਜ਼ ਹੁੰਦਾ ਹੈ ਉਹਨਾਂ ਨੂੰ ਸਕੂਲ ਦੀ ਵਰਦੀ ਅਤੇ ਹੋਰ ਕੱਪੜੇ ਮੁਹੱਈਆ ਕਰਵਾਉਣ ਲਈ ਵੀ ਕਾਮਿਆਂ ਦੀ ਲੋੜ ਪਵੇਗੀ। ਪਰ ਮੁਨਾਫ਼ੇ ਦੇ ਭੁੱਖੇ ਪੂੰਜੀਪਤੀ ਅਜਿਹਾ ਕਰਨਗੇ ਹੀ ਕਿਉਂ?

ਵੈਸੇ ਵੀ ਇਨਸਾਨ ਜਦੋਂ ਪੈਦਾ ਹੁੰਦਾ ਹੈ ਤਾਂ ਸਿਰਫ਼ ਕੰਮ ਕਰਨ ਵਾਲੇ ਹੱਥ ਲੈ ਕੇ ਹੀ ਪੈਦਾ ਨਹੀਂ ਹੁੰਦਾ। ਜਿਉਂਦੇ ਰਹਿਣ ਲਈ ਕਿੰਨੀਆਂ ਹੀ ਲੋੜਾਂ ਵੀ ਨਾਲ ਲੈ ਕੇ ਪੈਦਾ ਹੁੰਦਾ ਹੈ। ਇਹਨਾਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਕੰਮ ਕਰਨ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਅਬਾਦੀ ਵਧਣ ਨਾਲ਼ ਸਿਰਫ਼ ਕੰਮ ਚਾਹੁਣ ਵਾਲੇ ਹੀ ਨਹੀਂ ਵਧਦੇ ਸਗੋਂ ਕਰਨ ਵਾਲ਼ਾ ਕੰਮ ਵੀ ਵਧਦਾ ਹੈ।

ਸਾਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜਿਸ ਪੂੰਜੀਵਾਦੀ ਢਾਂਚੇ ਵਿੱਚ ਰਹਿ ਰਹੇ ਹਾਂ ਉਹ ਹੀ ਗਰੀਬੀ-ਬੇਰੁਜ਼ਗਾਰੀ ਦੀ ਜੜ੍ਹ ਹੈ। ਪੂੰਜੀਵਾਦੀ ਢਾਂਚੇ ਵਿੱਚ ਪੈਦਾਵਾਰ ਦੇ ਸਾਧਨ (ਫੈਕਟਰੀਆਂ-ਜ਼ਮੀਨਾਂ ਆਦਿ) ਮੁੱਖ ਤੌਰ 'ਤੇ ਮੁੱਠੀ ਭਰ ਪੂੰਜੀਪਤੀ ਘਰਾਣਿਆਂ ਕੋਲ ਇਕੱਠੇ ਹੋ ਜਾਂਦੇ ਹਨ। ਪੂੰਜੀਪਤੀ ਹਮੇਸ਼ਾਂ ਚਾਹੁੰਦੇ ਹਨ ਕਿ ਉਹ ਘੱਟ ਤੋਂ ਘੱਟ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਲੈਣ ਅਤੇ ਉਹਨਾਂ ਨੂੰ ਘੱਟ ਤੋਂ ਘੱਟ ਤਨਖਾਹ ਦੇਣ। ਉਹ ਮਨੁੱਖ ਜਾਤੀ ਦੁਆਰਾ ਹਾਸਿਲ ਕੀਤੀ ਵਿਗਿਆਨਕ ਤਰੱਕੀ ਦਾ ਇਸਤੇਮਾਲ ਆਪਣੇ ਨਿੱਜੀ ਹਿੱਤਾਂ ਵਾਸਤੇ ਕਰਦੇ ਹਨ, ਆਪਣਾ ਮੁਨਾਫ਼ਾ ਵਧਾਉਣ ਲਈ ਕਰਦੇ ਹਨ। ਇਸੇ ਲਈ ਜਦੋਂ ਨਵੀਆਂ ਉਨਤ ਮਸ਼ੀਨਾਂ ਫੈਕਟਰੀਆਂ ਵਿੱਚ ਆਉਂਦੀਆਂ ਹਨ ਤਾਂ ਮਜ਼ਦੂਰਾਂ ਦੀ ਇੱਕ ਬਹੁਤ ਵੱਡੀ ਗਿਣਤੀ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ। ਪੂੰਜੀਵਾਦੀ ਢਾਂਚੇ ਵਿੱਚ ਵੱਡੀ ਪੂੰਜੀ ਹਮੇਸ਼ਾਂ ਹੀ ਛੋਟੀ ਪੂੰਜੀ ਨੂੰ ਨਿਗਲਦੀ ਰਹਿੰਦੀ ਹੈ। ਛੋਟੇ ਗਰੀਬ ਕਿਸਾਨ, ਛੋਟੇ ਵਪਾਰੀ, ਛੋਟੇ ਕਾਰਖਾਨੇਦਾਰ ਆਦਿ ਲਗਾਤਾਰ ਵੱਡੇ ਪੂੰਜੀਪਤੀਆਂ ਦੇ ਮੁਕਾਬਲੇ ਵਿੱਚ ਹਾਰਦੇ ਰਹਿੰਦੇ ਹਨ। ਉਹਨਾਂ ਕੋਲ ਜੋ ਥੋੜ੍ਹੇ-ਬਹੁਤ ਪੈਦਾਵਾਰ ਦੇ ਸਾਧਨ ਬਚੇ ਵੀ ਹੁੰਦੇ ਹਨ ਉਹ ਵੀ ਲਗਾਤਾਰ ਖੁਸਦੇ ਰਹਿੰਦੇ ਹਨ। ਇਹ ਸਭ ਉਜੜ ਕੇ ਮਜ਼ਦੂਰ ਭਾਵ ਨਵੇਂ ਉਜਰਤੀ ਗੁਲਾਮ ਬਣਨ ਲਈ ਲਾਈਨ ਵਿੱਚ ਲੱਗ ਜਾਂਦੇ ਹਨ। ਪੂੰਜੀਵਾਦੀ ਢਾਂਚਾ ਜੋ ਸਿਰਫ਼ ਮੁਨਾਫ਼ੇ ਲਈ ਪੈਦਾਵਾਰ ਕਰਦਾ ਹੈ, ਮੁਨਾਫ਼ੇ ਲਈ ਹੀ ਰੁਜ਼ਗਾਰ ਪੈਦਾ ਕਰਦਾ ਹੈ ਨਾ ਕਿ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ, ਕਦੇ ਵੀ ਸਾਰੇ ਕੰਮ ਕਰਨ ਯੋਗ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾ ਸਕਦਾ। ਸਗੋਂ ਬੇਰੁਜ਼ਗਾਰੀ ਵੀ ਪੂੰਜੀਪਤੀਆਂ ਵਾਸਤੇ ਇੱਕ ਵਰਦਾਨ ਹੀ ਸਾਬਿਤ ਹੁੰਦੀ ਹੈ। ਬੇਰੁਜ਼ਗਾਰ ਆਪਣਾ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਦੀ ਖ਼ਾਤਰ ਮਜ਼ਬੂਰੀ ਵਿੱਚ ਘੱਟ ਤਨਖਾਹ 'ਤੇ ਕੰਮ

ਕਰਨ ਨੂੰ ਵੀ ਤਿਆਰ ਹੋ ਜਾਂਦੇ ਹਨ। ਇਸ ਵਜ੍ਹਾ ਕਰਕੇ ਬੇਰੁਜ਼ਗਾਰਾਂ ਦੀਆਂ ਹਾਲਤਾਂ ਤਾਂ ਭੈੜੀਆਂ ਹੁੰਦੀਆਂ ਹੀ ਹਨ, ਨਾਲ ਹੀ ਜਿਹੜੇ ਰੁਜ਼ਗਾਰ 'ਤੇ ਲੱਗੇ ਵੀ ਹੁੰਦੇ ਹਨ ਉਹ ਵੀ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤੇ ਜਾਂਦੇ ਹਨ। ਰੁਜ਼ਗਾਰ ਉਤੇ ਅਸੁਰੱਖਿਆ ਦੀ ਤਲਵਾਰ ਹਮੇਸ਼ਾਂ ਲਟਕਦੀ ਰਹਿੰਦੀ ਹੈ। ਬੇਰੁਜ਼ਗਾਰਾਂ—ਅਰਧ-ਬੇਰੁਜ਼ਗਾਰਾਂ ਦੀ ਫ਼ੌਜ ਰੋਜ਼ਾਨਾ ਕੁਰਬਲ-ਕੁਰਬਲ ਕਰਦੀ, ਸਨਅਤੀ ਇਲਾਕਿਆਂ ਵਿੱਚ ਫੈਕਟਰੀ ਗੇਟਾਂ 'ਤੇ ਰੁਜ਼ਗਾਰ ਦੀ ਆਸ ਵਿੱਚ ਮੂੰਹ ਲਟਕਾਏ ਖੜੀ ਦੇਖੀ ਜਾ ਸਕਦੀ ਹੈ। ਪੂੰਜੀਵਾਦੀ ਢਾਂਚੇ ਵਿੱਚ ਮਜ਼ਦੂਰਾਂ ਨੂੰ ਸਿਰਫ਼ ਉਨਾਂ ਹੀ ਮਿਲਦਾ ਹੈ ਕਿ ਉਹ ਦੂਜੇ ਦਿਨ ਕੰਮ 'ਤੇ ਆ ਸਕਣ। ਪੂੰਜੀਪਤੀ ਬਾਲਗਾਂ ਦੇ ਮੁਕਾਬਲੇ ਬੱਚਿਆਂ ਤੋਂ ਕੰਮ ਕਰਾਉਣਾ ਜ਼ਿਆਦਾ ਪਸੰਦ ਕਰਦੇ ਹਨ ਕਿਉਂ ਕਿ ਜਿਸ ਕੰਮ ਲਈ ਬਾਲਗ ਮਜ਼ਦੂਰ 2000 ਰੁਪਏ ਲੈਂਦਾ ਹੈ ਉਸੇ ਲਈ ਬੱਚੇ ਨੂੰ 400-500 ਰੁਪਏ ਦੇ ਕੇ ਕੰਮ ਸਾਰ ਦਿੱਤਾ ਜਾਂਦਾ ਹੈ। ਉਹ ਯੂਨੀਅਨ ਵੀ ਨਹੀਂ ਬਣਾ ਸਕਦੇ। ਇਹਨਾਂ ਹੀ ਕਾਰਨਾਂ ਕਰਕੇ ਬਹੁਤ ਸਾਰੇ ਧੰਦਿਆਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ।

ਪੂੰਜੀਵਾਦੀ ਢਾਂਚੇ ਵਿੱਚ ਅਮੀਰੀ-ਗਰੀਬੀ ਦੇ ਪਾੜੇ ਲਗਾਤਾਰ ਵਧਦੇ ਜਾਂਦੇ ਹਨ ਕਿਉਂ ਕਿ ਪੂੰਜੀਪਤੀਆਂ ਦੀ ਧਨ ਦੀ ਭੁੱਖ ਕਦੇ ਸ਼ਾਂਤ ਨਹੀਂ ਹੁੰਦੀ। ਉਹ ਮਜ਼ਦੂਰਾਂ ਦੀਆਂ ਤਨਖਾਹਾਂ ਲਗਾਤਾਰ ਘੱਟ ਕਰਦੇ ਜਾਂਦੇ ਹਨ। ਉਹ ਤਾਂ ਇਹ ਵੀ ਚਾਹਣਗੇ ਕਿ ਜਦੋਂ ਮਜ਼ਦੂਰ ਕੰਮ ਕਰਨ ਯੋਗ ਨਾ ਰਹੇ ਤਾਂ ਉਸਦੀਆਂ ਹੱਡੀਆਂ ਦਾ ਪਾਊਡਰ ਬਣਾ ਕੇ ਵੇਚ ਦਿੱਤਾ ਜਾਵੇ ਤਾਂ ਕਿ ਉਹਨਾਂ ਦੀ ਧਨ-ਦੌਲਤ ਹੋਰ ਵਧ ਜਾਵੇ। ਇਹਨਾਂ ਆਦਮ-ਖੋਰ ਪੂੰਜੀਪਤੀ ਲੁਟੇਰਿਆਂ ਦੀ ਭੁੱਖ ਦੇ ਹੀ ਨਤੀਜੇ ਦੇ ਤੌਰ 'ਤੇ ਹੀ ਨਿਠਾਰੀ ਕਾਂਡ ਵਰਗੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਸੱਟੇ-ਬਜ਼ਾਰ ਦੁਆਰਾ ਅੱਜ ਧਨਾਢ ਕਿਸੇ ਕਿਸਮ ਦੀ ਪੈਦਾਵਾਰ ਵਿੱਚ ਨਿਵੇਸ਼ ਕੀਤੇ ਤੋਂ ਬਿਨਾਂ ਹੀ ਅਰਬਾਂ-ਖਰਬਾਂ ਰੁਪਏ ਕਮਾ ਰਹੇ ਹਨ ਅਤੇ ਦੂਜੇ ਪਾਸੇ ਗਰੀਬਾਂ ਦੀ ਹਾਲਤ ਦਿਨ-ਬ-ਦਿਨ ਭਿਅੰਕਰ ਹੁੰਦੀ ਜਾਂਦੀ ਹੈ।

ਉਹ ਜਿਨ੍ਹਾਂ ਦਾ ਸਵਰਗ ਇਸੇ ਵਿਵਸਥਾ ਦੇ ਅੰਦਰ ਹੈ ਉਹ ਇਸਦੀ ਕਰੂਰਤਾ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਨ। ਉਹ ਅਬਾਦੀ ਸਿਧਾਂਤ ਦੀ ਤਰ੍ਹਾਂ ਹੋਰ ਵੀ ਕਈ ਕੁਤਰਕ ਕਰਦੇ ਹਨ। ਉਹ ਲੋਕਾਂ ਨੂੰ ਬੁੱਧੂ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਕਹਿੰਦੇ ਹਨ ਕਿ ਤੁਸੀਂ ਪਿਛਲੇ ਜਨਮਾਂ ਵਿੱਚ ਬੁਰੇ ਕੰਮ ਕੀਤੇ, ਇਸੇ ਦੀ ਸਜ਼ਾ ਦੇ ਵਜੋਂ ਤੁਹਾਨੂੰ ਇਹ ਗਰੀਬੀ ਹਾਸਿਲ ਹੋਈ! ਉਹ 14-14 ਘੰਟੇ ਹੱਡ ਭੰਨਵੀਂ ਮਹਿਨਤ ਕਰਨ ਵਾਲੇ ਕਿਰਤੀਆਂ ਨੂੰ ਕਹਿੰਦੇ ਹਨ ਕਿ ਤੁਸੀਂ ਕੰਮ ਨਹੀਂ ਕਰਦੇ ਇਸੇ ਲਈ ਭੈੜੀ ਜ਼ਿੰਦਗੀ ਜਿਉਂਦੇ ਹੋ! ਤੁਸੀਂ ਪੜ੍ਹੇ ਨਹੀਂ! ਤੁਹਾਡੀਆਂ ਨੌਕਰੀਆਂ ਦੂਜੇ ਧਰਮਾਂ , ਦੂਜੇ ਇਲਾਕਿਆਂ, ਦੂਜੀਆਂ ਜਾਤਾਂ ਵਾਲਿਆਂ ਨੇ ਖੋਹ ਲਈਆਂ! ਪਰ ਅਸਲ ਵਿੱਚ ਇਹ ਸਚਾਈ ਕਿ ਪੂੰਜੀਵਾਦੀ ਢਾਂਚਾ ਸਭ ਨੂੰ ਸਿੱਖਿਆ ਅਤੇ ਰੁਜ਼ਗਾਰ ਮੁਹੱਈਆ ਕਰਵਾ ਹੀ ਨਹੀਂ ਸਕਦਾ, ਕਿ ਇਸ ਢਾਂਚੇ ਵਿੱਚ ਜ਼ਿਆਦਾਤਰ ਲੋਕ ਜਾਨਵਰਾਂ ਵਰਗੀਆਂ ਹਾਲਤਾਂ ਤੋਂ ਬਾਹਰ ਨਹੀਂ ਕੱਢੇ ਜਾ ਸਕਦੇ, ਉਤੇ ਕੁਤਰਕਾਂ ਦੀ ਬਦਬੂਦਾਰ ਚਾਦਰ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਪੂੰਜੀਵਾਦੀ ਲੁਟੇਰੇ ਲੋਕਾਂ ਨੂੰ ਸਚਾਈ ਕਦੇ ਵੀ ਨਹੀਂ ਦੱਸਣਗੇ। ਉਹ ਤਾਂ ਰੋਜ਼ ਸਵੇਰੇ ਉਠਣ ਸਾਰ ਹੀ ਮੁਰਗੇ ਵਾਂਗ ਵੱਧ ਅਬਾਦੀ ਦੇ ਸਿਧਾਂਤ ਦੀ ਬਾਂਗ ਦਿੰਦੇ ਰਹਿਣਗੇ। ਪਰ ਜਦੋਂ ਲੋਕਾਂ ਨੂੰ ਇਹਨਾਂ ਭਰਮਾਂ ਤੋਂ ਮੁਕਤ ਕਰ ਲਿਆ ਗਿਆ ਤਾਂ ਇਸ ਮੁਰਗੇ ਦੀ ਗਰਦਨ ਮਰੋੜਨ ਵਿੱਚ ਥੋੜੀ ਵੀ ਦੇਰ ਨਹੀਂ ਲੱਗੇਗੀ। ਇਸ ਲੋਕ-ਦੋਖੀ ਪੂੰਜੀਵਾਦੀ ਢਾਂਚੇ ਨੂੰ ਤਬਾਹ ਕਰਕੇ ਅਜਿਹਾ ਸਮਾਜ ਬਣਾਇਆ ਜਾਣਾ ਚਾਹੀਦਾ ਹੈ ਜਿਥੇ ਪੈਦਾਵਾਰ ਦੇ ਸਾਧਨ ਕਿਰਤੀਆਂ ਦੀ ਮਲਕੀਅਤ ਹੋਣ ਨਾ ਕਿ ਮੁੱਠੀ ਭਰ ਵਿਹਲੜਾਂ ਦੀ। ਇੱਕ ਅਜਿਹਾ ਸਮਾਜ ਜਿੱਥੇ ਕੰਮ ਕਰਨ ਵਾਲਿਆਂ ਨੂੰ ਹੀ ਖਾਣ ਦਾ ਹੱਕ ਹੋਵੇ। ਅਜਿਹੇ ਸਮਾਜ ਅੰਦਰ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਪੈਦਾਵਾਰ ਕੀਤੀ ਜਾਵੇਗੀ ਨਾ ਕਿ ਕਿਸੇ ਪੂੰਜੀਪਤੀ ਦੇ ਮੁਨਾਫ਼ੇ ਨੂੰ ਧਿਆਨ 'ਚ ਰੱਖ ਕੇ ਕਿਉਂ ਕਿ ਅਜਿਹੇ ਸਮਾਜ ਵਿੱਚ ਪੂੰਜੀਪਤੀ ਹੋਣਗੇ ਹੀ ਨਹੀਂ। ਸਿਰਫ ਸਮਾਜਵਾਦੀ ਢਾਂਚੇ ਵਾਲੇ ਸਮਾਜ ਵਿੱਚ ਹੀ ਗਰੀਬੀ ਅਤੇ ਬੇਰੁਜ਼ਗਾਰੀ ਦਾ ਪੱਕਾ ਇਲਾਜ ਕੀਤਾ ਜਾ ਸਕਦਾ ਹੈ।

(ਸਫ਼ਾ 31 ਦਾ ਬਾਕੀ)

ਇਨਕਲਾਬੀ ਹਾਂ ਅਤੇ ਜਦੋਂ ਤੱਕ ਇੱਸ ਧਰਤੀ ਉਤੇ ਕੁਝ ਲੋਕ ਬੈਠੇ-ਬੈਠੇ ਆਦੇਸ਼ ਦਿੰਦੇ ਰਹਿਣਗੇ ਅਤੇ ਦੂਜਿਆਂ ਨੂੰ ਆਗਿਆ ਮੰਨਣ ਦਾ ਕੰਮ ਕਰਨਾ ਪਵੇਗਾ, ਅਸੀਂ ਇਨਕਲਾਬੀ ਹੀ ਰਹਾਂਗੇ। ਜਿਸ ਸਮਾਜ ਦੇ ਸਵਾਰਥਾਂ ਦੀ ਰੱਖਿਆ ਕਰਨ ਲਈ ਤੁਹਾਨੂੰ ਆਦੇਸ਼ ਦਿੱਤਾ ਗਿਆ ਹੈ ਅਸੀਂ ਉਸਦੇ ਵਿਰੁੱਧ ਹਾਂ ; ਅਸੀਂ ਤੁਹਾਡੇ ਅਤੇ ਤੁਹਾਡੇ ਸਮਾਜ ਦੇ ਕੱਟੜ ਦੁਸ਼ਮਣ ਹਾਂ ਅਤੇ ਜਦੋਂ ਤੱਕ ਸਾਡੀ ਜਿੱਤ ਨਹੀਂ ਹੁੰਦੀ, ਸਾਡੇ ਵਿੱਚ ਕੋਈ ਮੇਲ਼-ਜੋਲ਼ ਅਸੰਭਵ ਹੈ ਅਤੇ ਇਹ ਨਿਸ਼ਚਿਤ ਹੈ ਕਿ ਜਿੱਤ ਸਾਡੀ ਮਜ਼ਦੂਰਾਂ ਦੀ ਹੀ ਹੋਵੇਗੀ। ਤੁਹਾਡੇ ਮਾਲਕ ਉਨੇ ਤਾਕਤਵਰ ਨਹੀਂ ਜਿੰਨੇ ਤੁਸੀਂ ਸੋਚਦੇ ਹੋ।" ਭਾਵੇਂ ਨਾਵਲ ਦਾ ਅੰਤ ਪਾਵੇਲ ਅਤੇ ਉਸਦੇ ਸਾਥੀਆਂ ਦੀ ਗ੍ਰਿਫ਼ਤਾਰੀ ਨਾਲ਼ ਹੁੰਦਾ ਹੈ, ਇਸਦੇ ਬਾਵਜੂਦ ਵੀ ਪਾਠਕ ਲਈ ਮਜ਼ਦੂਰ ਜਮਾਤ ਦੀ ਜਿੱਤ ਨਿਸ਼ਚਿਤ ਦਿਖਾਈ ਦਿੰਦੀ ਹੈ, ਮਾਂ ਦੇ ਸ਼ਬਦਾਂ ਵਿੱਚ, "ਲਹੂ ਦਾ ਸਾਰਾ ਸਾਗਰ ਵੀ ਸੱਚ ਨੂੰ ਡੁਬੋ ਨਹੀਂ ਸਕਦਾ।"

* * * * * * * * *

ਸੂਰਜ ਚੜ੍ਹੇਗਾ ਨਿਸ਼ਚਿਤ ਅਤੇ ਜਲਦੀ ਹੀ

[ਇਤਿਹਾਸ ਦਸਦਾ ਹੈ ਕਿ ਹਰ ਜੀਉਂਦੀ ਕੌਮ ਦੇ ਬਹਾਦਰ ਪੁੱਤਾਂ-ਧੀਆਂ ਨੇ ਆਪਣੀ ਅਜ਼ਾਦੀ ਅਤੇ ਸਮਾਜਿਕ ਨਿਆਂ ਦੇ ਇੱਕ ਆਦਰਸ਼ ਦੇ ਲਈ ਲਗਾਤਾਰ ਸੰਘਰਸ਼ ਕੀਤਾ ਹੈ ਅਤੇ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ। ਅਤੀਤ ਵਿੱਚ ਅਜਿਹੇ ਕਈ ਮਹਾਨ ਸੰਘਰਸ਼ ਹੋਏ ਹਨ। ਜਿੰਨ੍ਹਾਂ ਤੋਂ ਪੈਦਾ ਹੋਈ ਰੌਸ਼ਨੀ ਨੇ ਦੇਸ਼ਾਂ ਦੀਆਂ ਹੱਦਾਂ ਲੰਘਦੇ ਹੋਏ ਦੁਨੀਆਂ ਦੇ ਹਰ ਕੋਨੇ ਦੇ ਨੌਜਵਾਨ ਦਿਲਾਂ ਨੂੰ ਲਲਕਾਰਿਆ ਹੈ। 1917 ਦੇ ਰੂਸੀ ਇਨਕਲਾਬ ਨੂੰ ਹੀ ਲਈਏ ਜਿਸਨੇ ਸਿਰਫ ਰੂਸ ਹੀ ਨਹੀਂ, ਸਗੋਂ ਪੂਰੀ ਮਨੁੱਖਤਾ ਨੂੰ ਨਵੇਂ ਯੁੱਗ ਵਿੱਚ ਦਾਖਲ ਕਰ ਦਿੱਤਾ। ਖੁਦ ਸਾਡੇ ਦੇਸ਼ ਦੀ ਅਜ਼ਾਦੀ ਦੀ ਲਹਿਰ 'ਤੇ ਇਸਦਾ ਡੂੰਘਾ ਅਸਰ ਪਿਆ ਅਤੇ ਨਵੇਂ ਵੇਗ ਨਾਲ਼ ਮਜ਼ਦੂਰਾਂ-ਕਿਸਾਨਾਂ ਦੇ ਨਾਲ਼ ਵਿਦਿਆਰਥੀਆਂ-ਨੌਜਵਾਨਾਂ ਨੇ ਆਪਣੇ ਆਪ ਨੂੰ ਸੰਘਰਸ਼ ਵਿੱਚ ਝੋਕ ਦਿੱਤਾ। ਏਥੇ ਅਸੀਂ ਉਸੇ ਰੂਸੀ ਇਨਕਲਾਬ ਦੀ ਇੱਕ ਸਿਪਾਹੀ ਦਾ ਇੱਕ ਖਤ ਛਾਪ ਰਹੇ ਹਾਂ, ਉਸਦੀ ਇੱਕ ਸੰਖੇਪ ਜਾਣ-ਪਹਿਚਾਣ ਦੇ ਨਾਲ਼ —ਸੰਪਾਦਕ]

ਸੂਰਜ ਚੜ੍ਹੇਗਾ ਨਿਸ਼ਚਿਤ, ਅਤੇ ਜਲਦੀ ਹੀ
ਖਿੜ ਜਾਣਗੀਆਂ ਕਲੀਆਂ
ਸੂਰਜ ਦੀ ਰੌਸ਼ਨੀ ਫੈਲੇਗੀ ਧਰਤੀ 'ਤੇ
ਸਰਦੀਆਂ ਦੇ ਆਖਰੀ ਨਿਸ਼ਾਨ ਵੀ
ਮਿਟਾ ਦਿੱਤੇ ਜਾਣਗੇ
ਜਿਵੇਂ ਹੂੰਝ ਦਿੱਤਾ ਗਿਆ ਹੋਵੇ,
ਖੁਦ ਜ਼ਿੰਦਗੀ ਦੁਆਰਾ।

ਮੇਰੀ ਸਭ ਤੋਂ ਪਿਆਰੀ ਅਨੈਦ*

ਮੈਂ ਆਮ ਕਰਕੇ ਉਦਾਸੀ ਦੇ ਪਲਾਂ ਵਿੱਚ ਤੈਨੂੰ ਖ਼ਤ ਲਿਖਣ ਬੈਠ ਜਾਂਦੀ ਹਾਂ ਅਤੇ ਇਸ ਸਮੇਂ ਵੀ ਇਹੀ ਸੱਚ ਹੈ। ਭਾਵੇਂ ਮੇਰੇ ਕੋਲ਼ ਇਸਤੋਂ ਛੁਟਕਾਰੇ ਦਾ ਵਧੀਆ ਸਾਧਨ ਹੈ ; ਇੱਕ ਇਲਾਜ ਹੈ ਜੋ ਮੈਨੂੰ ਸ਼ਾਂਤ ਕਰਦਾ ਹੈ ਅਤੇ ਓਹ ਹੈ ਮੇਰਾ ਕੰਮ। ਮੈਂ ਢੇਰ ਸਾਰਾ ਕੰਮ ਕਰ ਰਹੀ ਹਾਂ। ਮੇਰਾ ਮਤਲਬ ਹੈ ਪ੍ਰਚਾਰ ਦੇ ਖੇਤਰ ਵਿੱਚ। ਕੱਚੇ ਮਾਲ ਨੂੰ ਘੜਨ ਦਾ ਮੇਰਾ ਹੁਨਰ ਜਦੋਂ ਇੱਕ ਸੁਚੇਤ ਮਜ਼ਦੂਰ ਨੂੰ ਤਿਆਰ ਕਰਨ ਵਿੱਚ ਰੰਗ ਲਿਆਉਂਦਾ ਹੈ, ਤਦ ਮੈਂ ਉਸਦੀ ਜਮਾਤੀ-ਚੇਤਨਾ ਨੂੰ ਜਗਾ ਦਿੰਦੀ ਹਾਂ...... ਤਦ ਮੈਂ ਸੰਤੁਸ਼ਟ ਮਹਿਸੂਸ ਕਰਦੀ ਹਾਂ, ਓਦੋਂ ਮੇਰੀ ਤਾਕਤ ਦੁੱਗਣੀ ਹੋ ਜਾਂਦੀ ਹੈ ; ਉਦੋਂ ਮੇਰੇ 'ਚ ਜਾਨ ਹੁੰਦੀ ਹੈ। ਮੈਂ ਉਦਾਸੀ ਮਹਿਸੂਸ ਨਹੀਂ ਕਰਦੀ, ਅਤੇ ਜ਼ਿਆਦਾ ਆਤਮ ਬਲ ਨਾਲਡ ਕੰਮ ਵਿੱਚ ਲੱਗ ਜਾਂਦੀ ਹਾਂ। ਇਹ ਗਿਆਨ ਮੇਰੀ ਮਦਦ ਕਰਦਾ ਹੈ ਢੇਰ ਸਾਰੀ ਪੜ੍ਹਾਈ ਕਰਨ ਵਿੱਚ, ਸੁੱਚਜੇ ਢੰਗ ਨਾਲ਼ ਜਿਉਣ ਵਿੱਚ (ਨਹੀਂ ਤਾਂ ਕੋਈ ਕੰਮ ਹੀ ਨਹੀਂ ਹੋ ਸਕਦਾ) ਆਪਣੇ ਸਾਥੀ ਵਿਦਿਆਰਥੀਆਂ ਦੀ ਬੇਫਿਕਰ ਮਹਿਫਲ ਦਾ ਸੁੱਖ ਛੱਡ ਕੇ ਪੜ੍ਹਾਈ ਕਰਨ ਵਿੱਚ ਜ਼ਿਆਦਾ ਪੜ੍ਹਾਈ ਕਰਨ ਵਿੱਚ। ਕਿੰਨੀ ਖੁਸ਼ ਹਾਂ ਮੈਂ ਕਿ ਮੇਰਾ ਕੰਮ ਤਦ ਵੀ ਉਪਯੋਗੀ ਸੀ ਜਦੋਂ ਅਸੀਂ ਅਜੇ ਭੂਮੀਗਤ ਹੀ ਸਾਂ ਅਤੇ ਅੱਜ ਤਾਂ ਮੈਂ ਕੁੱਝ ਹੱਦ ਤੱਕ ਤਜ਼ਰਬੇਕਾਰ ਹੋ ਚੁੱਕੀ ਹਾਂ ਅਤੇ ਇਹ ਵੀ ਕਿ ਮੈਂ ਕੰਮ ਕਰ ਸਕਦੀ ਹਾਂ। ਇਹਨੀ ਦਿਨੀ ਉਨ੍ਹਾਂ ਸਾਰਿਆਂ ਦੇ ਵਿਰੁੱਧ ਜੋ ਸਾਡੇ ਬਾਲਸ਼ਵਿਕਾਂ ਦੇ ਨਾਲ਼ ਨਹੀਂ ਹਨ, ਇੱਕ ਭਿਆਨਕ ਸੰਘਰਸ਼ ਮੌਜੂਦ ਹੈ। ਹੁਣ ਮੈਂ ਤੁਰਤ-ਫੁਰਤ ਇੱਕ ਸੂਚੀ ਤਿਆਰ ਕਰਕੇ, ਦੋ ਕਾਰਖਾਨਿਆਂ ਦੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਖਰੀਦਣ ਜਾ ਰਹੀ ਹਾਂ। ਫਿਰ ਮੈਂ ਘਰ ਚਲੀ ਜਾਵਾਂਗੀ ਅਤੇ ਉਥੇ ਜਾਕੇ ਸਮਾਜਿਕ-ਜਮਹੂਰੀ (ਰੂਸ ਦੇ ਉਸ ਸਮੇਂ ਦੇ ਇਨਕਲਾਬੀ —ਅਨੁ.) ਔਰਤਾਂ ਦੇ ਇੱਕ ਗਰੁੱਪ ਦੀ 'ਕਲਾਸ' ਆਯੋਜਿਤ ਕਰਾਂਗੀ...... ਅਨੈਦ, ਤੂੰ ਸੋਚ ਵੀ ਨਹੀਂ ਸਕਦੀ ਕਿ ਕਿਹੋ ਜਿਹੀ ਊਰਜਾ ਅਤੇ ਪ੍ਰਤਿਭਾ ਮਜ਼ਦੂਰਾਂ ਵਿੱਚ ਮੌਜੂਦ ਹੈ। ਤੂੰ ਸ਼ਾਇਦ ਸੋਚਦੀ ਹੋਵੇਂਗੀ ਕਿ ਮੈਂ ਵੀ ਉਹਨਾਂ ਕੁੜੀਆਂ ਦੀ ਤਰ੍ਹਾਂ ਹਾਂ ਜੋ 'ਉਚੀ ਸੁਸਾਇਟੀ' ਦੀਆਂ ਔਰਤਾਂ ਦੀ 'ਵਿਦਵਾਨ ਮੰਡਲੀ' ਵਿੱਚ ਸ਼ਾਮਿਲ ਹੁੰਦੀਆਂ ਹਨ ; ਕਿ ਮੈਂ ਵੀ ਅਜ਼ਾਦੀ ਅਤੇ "ਵਿਚਾਰੇ ਮਜ਼ਦੂਰਾਂ" ਦੀ ਗੱਲ ਕਰਦੇ ਹੋਏ ਅੱਖਾਂ ਵਿੱਚ ਹੰਝੂ ਭਰ ਲਿਆਉਂਦੀ ਹਾਂ ਅਤੇ ਇਹ ਕਿ ਮੇਰਾ ਉਹਨਾਂ ਪ੍ਰਤੀ ਇੱਕ ਭਾਵੁਕਤਾਵਾਦੀ ਝੁਕਾਅ ਹੈ। ਨਹੀਂ, ਇਸ ਵਿੱਚ ਬਿਲਕੁਲ ਹੋਰ ਗੱਲ ਹੈ। ਮੈਂ ਉਹਨਾਂ ਮਜ਼ਦੂਰਾਂ ਨੂੰ ਇਸ ਕੰਮ ਤੋਂ ਪਹਿਲਾਂ ਹੀ ਜਾਣ ਗਈ ਸੀ ਅਤੇ ਹੁਣ ਤਾਂ ਚੰਗੀ ਤਰ੍ਹਾਂ ਜਾਨਣ ਲੱਗੀ ਹਾਂ। ਉਹਨਾਂ ਮਜ਼ਦੂਰਾਂ ਕੋਲ਼ ਇੱਕ ਜਮਾਤ ਦੀ ਮਹੱਤਤਾ ਹੈ ; ਭਵਿੱਖ ਜਿਸਦਾ ਹੈ, ਜੋ ਹਾਲੇ ਅੱਗੇ ਕਦਮ ਵਧਾ ਹੀ ਰਹੀ ਹੈ ਅਤੇ ਜਿਸਦੀ ਸ਼ਕਤੀ ਹਾਲੇ ਜਾਗ ਹੀ ਰਹੀ ਹੈ।

......ਮੇਰੇ ਬਾਰੇ ਚਿੰਤਾ ਨਾ ਕਰੀਂ। ਮੈਂ ਖੁਸ਼ ਹਾਂ ਅਤੇ ਚੰਗੀ-ਭਲੀ ਹਾਂ। ਮੇਰਾ ਖਿਆਲ ਹੈ ਕਿ ਮੈਂ ਥੋੜ੍ਹਾ ਬਦਲ ਗਈ ਹਾਂ। ਕੋਈ ਗੱਲ ਨਹੀਂ, ਮੈਨੂੰ ਅਜੇ ਆਪਣੇ ਆਪ ਨੂੰ ਹੋਰ ਜ਼ਿਆਦਾ ਬਦਲਣਾ ਹੋਵੇਗਾ। ਮੈਂ ਹੁਣ ਇੱਕਦਮ ਘਰ ਛੱਡ ਦੇਣਾ ਹੈ ਅਤੇ ਇੱਥੇ ਬਾਹਰ ਤਾਂ ਬਿਲਕੁਲ ਜਮਾ ਦੇਣ ਵਾਲੀ ਠੰਡ ਹੈ। ਖਿੜਕੀ ਦੇ ਸ਼ੀਸ਼ਿਆਂ 'ਤੇ ਗੜਿਆਂ ਦੀ ਖੜਖੜਾਹਟ ਹੋ ਰਹੀ ਹੈ। ਇੱਕ ਸ਼ੋਕ ਭਰੇ ਮਤਵਾਲੇ ਪਰ ਜੀਵੰਤ ਗੀਤ ਦੀ ਤਰ੍ਹਾਂ ਇਹ ਅਵਾਜ਼ ਹੈ। ਧੁੰਦਲਾ ਆਸਮਾਨ ਆਫ਼ਤ ਦਾ ਮਾਰਿਆ ਅਤੇ ਇਕੱਲਾ ਹੈ। ਪਰ ਸੂਰਜ ਜਲਦੀ ਹੀ ਚੜ੍ਹੇਗਾ, ਕਲੀਆਂ ਖਿੜ ਜਾਣਗੀਆਂ, ਸਰਦੀਆਂ ਦੇ ਆਖਰੀ ਨਿਸ਼ਾਨ ਵੀ ਮਿਟਾ ਦਿੱਤੇ ਜਾਣਗੇ, ਜਿਵੇਂ ਹੂੰਝ ਦਿੱਤਾ ਗਿਆ ਹੋਵੇ, ਖੁਦ ਜ਼ਿੰਦਗੀ ਦੁਆਰਾ।

ਢੇਰ ਸਾਰਾ ਪਿਆਰ,
ਲਿਊਸਿਕ

ਨੋਟ : ਅਨੈਦ, ਕਦੇ ਨਾ ਭੁੱਲਣਾ ਕਿ ਮੈਂ ਭਰਭੂਰ ਜ਼ਿੰਦਗੀ ਜੀ ਰਹੀ ਹਾਂ।

*ਲਿਊਸਿਕ ਦੀ ਭੈਣ

ਲਿਊਸਿਕ ਲਿਸੀਨੋਵਾ ਇੱਕ ਰੂਸੀ ਵਿਦਿਆਰਥਣ ਸੀ।

ਪਰ ਉਹ ਕਿਤਾਬੀ ਕੀੜੇ ਦੀ ਤਰ੍ਹਾਂ ਨਹੀਂ, ਸਗੋਂ ਇੱਕ ਅਰਥਪੂਰਣ ਅਤੇ ਭਰਭੂਰ ਜੀਵਨ ਜਿਉਣਾ ਚਾਹੁੰਦੀ ਸੀ। ਉਹ ਸੋਚਦੀ ਸੀ ਕਿ ਮਨੁੱਖਤਾ ਦੀਆਂ ਬੇਸ਼ਕੀਮਤੀ ਪ੍ਰਾਪਤੀਆਂ ; ਗਿਆਨ-ਵਿਗਿਆਨ ਦੀਆਂ ਖੋਜਾਂ ਨੂੰ ਕਿਰਤੀ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਕੰਮ ਆਉਣਾ ਚਾਹੀਦਾ ਹੈ। ਉਹ ਸੋਚਦੀ ਸੀ ਕਿ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਖਤਮ ਹੋਵੇ। ਉਹ ਅਜ਼ਾਦੀ ਅਤੇ ਨਿਆਂ ਦੀ ਗੱਲ ਸੋਚਦੀ ਸੀ। ਉਸਨੇ ਜਾਨਿਆ ਕਿ ਉਸਦੇ ਦੇਸ਼ ਦੇ ਬਹਾਦਰ ਨੌਜਵਾਨ ਵੀ ਉਸਦੀ ਤਰ੍ਹਾਂ ਸੋਚਦੇ ਹਨ ਅਤੇ ਉਸਨੇ ਹਮਸਫ਼ਰਾਂ ਨੂੰ ਲੱਭਿਆ ਅਤੇ ਆਪਣੇ ਆਪਨੂੰ ਇੱਕ ਮਹਾਨ ਅਤੇ ਉਚੇ ਨਿਸ਼ਾਨੇ ਪ੍ਰਤੀ ਸਮਰਪਿਤ ਕਰ ਦਿੱਤਾ।

19 ਸਾਲਾ ਲਿਊਸਿਕ ਨੂੰ ਬਾਲਸ਼ਵਿਕ ਪਾਰਟੀ ਨੇ ਮਜ਼ਦੂਰਾਂ ਵਿੱਚ ਪਾਰਟੀ ਕੰਮ ਕਰਨ ਮਾਸਕੋ ਭੇਜਿਆ। ਇਹ ਇਨਕਲਾਬ ਦਾ ਸਾਲ 1917 ਸੀ। ਲਿਉਸਿਕ ਨੇ 'ਕਿਰਤੀ ਨੌਜਵਾਨਾਂ ਦੇ ਸੰਘ' ਦੇ ਇੱਕ ਜਥੇਬੰਦਕ ਦੇ ਤੌਰ 'ਤੇ ਕੰਮ ਕੀਤਾ। ਇਨਕਲਾਬ ਤੋਂ ਪਹਿਲਾਂ ਦੇ ਤੂਫਾਨੀ ਮਹੀਨਿਆਂ ਵਿੱਚ ਦੁਬਲੀ-ਪਤਲੀ ਲਿਊਸਿਕ ਨੇ ਜਿਸ ਹੌਸਲੇ ਨਾਲ਼ ਪਾਰਟੀ ਕੰਮ ਨੂੰ ਨੇਪਰੇ ਚਾੜ੍ਹਿਆ, ਉਹ ਹੈਰਾਨੀਜਨਕ ਸੀ। ਅਕਤੂਬਰ ਮਹੀਨੇ ਦੇ ਫੈਸਲਾਕੁਨ ਸੰਘਰਸ਼ ਵਿੱਚ ਉਹ ਤੁਫਾਨੀ ਪੇਤਰੇਲ ਪੰਛੀ ਦੀ ਤਰ੍ਹਾਂ ਕੁੱਦ ਪਈ। ਉਸਨੇ ਬੈਰੀਕੇਡਿੰਗ ਵਿੱਚ ਹੱਥ ਵਟਾਇਆ ; ਫੱਟੜਾਂ ਦੀ ਦੇਖਭਾਲ ਕੀਤੀ ਅਤੇ ਅੱਗੇ ਵਧਕੇ ਲਾਲ ਫੌਜ ਦੀਆਂ ਟੁਕੜੀਆਂ ਵਿੱਚ ਸੁਨੇਹਿਆਂ ਦਾ ਲੈਣ-ਦੇਮ ਕੀਤਾ। ਗੋਲੀਆਂ ਦੀਆਂ ਵਾਛੜਾਂ ਵਿੱਚ ਉਹ ਮੌਤ ਨੂੰ ਮਖੌਲ ਕਰਦੀ ਹੋਈ ਹੈਡਕੁਆਰਟਰ ਦੇ ਹੁਕਮਾਂ ਨੂੰ ਲਾਲ ਫੌਜ ਦੀਆਂ ਟੁਕੜੀਆਂ ਤੱਕ ਪਹੁੰਚਾਉਂਦੀ ਰਹੀ। ਪਰ ਇੱਕ ਦਿਨ ਉਹ ਦੁਸ਼ਮਣ ਦੇ ਚਿੱਟੇ ਗਾਰਡਾਂ ਦੀ ਮਸ਼ੀਨਗਨ ਦੇ ਨਿਸ਼ਾਨੇ 'ਤੇ ਆ ਗਈ। ਜਿਸ ਦਿਨ ਉਹ ਮਾਰੀ ਗਈ, ਉਸਦੇ ਠੀਕ ਅਗਲੇ ਦਿਨ ਬਾਲਸ਼ਵਿਕਾਂ ਨੇ ਮਾਸਕੋ 'ਤੇ ਕਬਜ਼ਾ ਕਰ ਲਿਆ ਅਤੇ ਨਿਰੰਕੁਸ਼ ਜ਼ਾਰਸ਼ਾਹੀ ਦੇ ਖਾਤਮੇ ਦਾ ਐਲਾਨ ਕੀਤਾ। ਇਨਕਲਾਬ ਦੀ ਇਸ ਸਿਪਾਹੀ ਲਿਊਸਿਕ ਲਿਸਿਨੋਵਾ ਨੂੰ ਲਾਲ ਚੌਕ ਦੀ ਕ੍ਰੈਮਲਿਨ ਵਾਲ ਵਿੱਚ ਦਫਨਾਇਆ ਗਿਆ।

> ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿੱਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ ਅਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ।...ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ-ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫ਼ਲਸਫ਼ੇ ਲਈ ਜ਼ਮੀਨ ਤਿਆਰ ਕਰਨੀ ਹੋਵੇਗਾ।
>
> **—ਸ਼ਹੀਦ-ਏ-ਆਜ਼ਮ ਭਗਤ ਸਿੰਘ**

(**ਸਫ਼ਾ 32 ਦਾ ਬਾਕੀ**)

ਕਰਦਿਆਂ ਉਹਨਾਂ ਖੋਲ਼ ਕੇ ਦੱਸਿਆ ਕਿ ਕਿਵੇਂ ਮੱਧਯੁਗੀ ਕਾਲ ਅੰਦਰ ਆਪਣੀ ਲੁੱਟ ਦੇ ਤੰਤਰ ਨੂੰ ਸਦੀਵੀ ਬਣਾਉਣ ਲਈ ਉਸ ਵੇਲੇ ਦੇ ਚਲਾਕ ਹਾਕਮਾਂ ਨੇ ਕਰਮਾਂ ਦੇ ਦਰਸ਼ਨ ਦੇ ਅਧਾਰ 'ਤੇ ਮਨੁੱਖ ਦੋਖੀ ਸਮਾਜਿਕ-ਸਭਿਆਚਾਰਕ ਕਦਰਾਂ ਕੀਮਤਾਂ ਦਾ ਇੱਕ ਪੂਰਾ-ਸੂਰਾ ਕਦਰ ਪ੍ਰਬੰਧ ਰਚਿਆ ਅਤੇ ਫਿਰ ਇਨ੍ਹਾਂ ਅਮਾਨਵੀ ਮੁੱਲਾਂ ਨੂੰ ਰੱਬੀ ਫੁਰਮਾਨ ਦੱਸਕੇ ਲੁੱਟੇ ਜਾ ਰਹੇ ਲੋਕਾਂ ਦੀ ਮਨੋਚੇਤਨਾ ਨੂੰ ਨਾ ਸਿਰਫ਼ ਖੁੰਢਾ ਕਰਨ ਦੀ ਸਗੋਂ ਉਨ੍ਹਾਂ ਦੀ ਸਮਾਜਿਕ ਚੇਤਨਾ ਨੂੰ ਹਰ ਪੱਖੋਂ ਅਪੰਗ ਕਰਨ ਦੀ ਨਾਂਹ ਪੱਖੀ ਭੂਮਿਕਾ ਵੀ ਨਿਭਾਈ ਜਿਸ ਦੇ ਸਿੱਟੇ ਵੱਜੋਂ ਮਿਹਨਤਕਸ਼ ਲੋਕਾਈ ਟੁਕੜੇ-ਟੁਕੜੇ ਹੋਕੇ ਹਜ਼ਾਰਾਂ ਜਾਤੀਆਂ ਵਿੱਚ ਵੰਡੀ ਗਈ। ਇਸ ਜਾਤ-ਪਾਤੀ ਵੰਡ ਨੇ ਨਾ ਸਿਰਫ਼ ਕਿਰਤੀ ਲੋਕਾਂ ਦੀ ਵਿਆਪਕ ਏਕਤਾ ਦੇ ਅਧਾਰ ਨੂੰ ਹੀ ਖੋਰਾ ਲਾਇਆ ਸਗੋਂ ਇਨ੍ਹਾਂ ਲੋਕਾਂ ਦੀ ਜਾਤ-ਪਾਤੀ ਹੈਸੀਅਤ ਦੀ ਦਰਜੇਬੰਦੀ ਕਰਨ ਰਾਹੀਂ ਵੱਖ-ਵੱਖ ਜਾਤਾਂ ਅੰਦਰ ਆਪਸੀ ਨਫ਼ਰਤ ਤੇ ਸਮਾਜਿਕ ਵਿਰੋਧਾਂ ਨੂੰ ਵੀ ਪੱਕੇ ਪੈਰੀਂ ਕੀਤਾ।

ਲੈਕਚਰ 'ਤੇ ਹੋਈ ਬਹਿਸ ਵਿੱਚ '**ਪ੍ਰਤੀਬੱਧ**' ਦੇ ਸੰਪਾਦਕ ਸੁਖਵਿੰਦਰ ਨੇ ਕਿਹਾ ਕਿ ਇਸ ਜਾਤ-ਪਾਤੀ ਪ੍ਰਬੰਧ ਨੂੰ ਲੋਕ ਘੋਲ਼ਾਂ ਦੀ ਪ੍ਰਕਿਰਿਆ ਅੰਦਰ ਹੀ ਤੋੜਿਆ ਜਾ ਸਕਦਾ ਹੈ ਨਾ ਕਿ ਇਸਨੂੰ ਜਮਾਤੀ ਏਕਤਾ ਦੀ ਪੂਰਵ ਸ਼ਰਤ ਬਣਾਕੇ। ਉਨ੍ਹਾਂ ਅੱਗੇ ਕਿਹਾ ਕਿ ਅਜੋਕਾ ਪੂੰਜੀਵਾਦੀ ਪ੍ਰਬੰਧ ਆਪਣੀਆਂ ਆਰਥਿਕ ਸਰੰਚਨਾਵਾਂ ਦੇ ਅਨੁਸਾਰੀ ਆਪਣੇ ਉਸਾਰ ਢਾਂਚੇ ਨੂੰ ਘੜਣ ਦੀ ਪ੍ਰਕਿਰਿਆ ਰਾਹੀਂ ਆਪ ਮੁਹਾਰੇ ਹੀ ਇਸ ਪੁਰਾਣੀ ਵਰਣ ਵਿਵਸਥਾ ਨੂੰ ਤੋੜ ਰਿਹਾ ਹੈ। ਪਰ ਨਾਲ਼ ਹੀ ਲੋਕਾਂ ਨੂੰ ਵੰਡਕੇ ਰੱਖਣ ਵਾਲੀਆਂ ਅਜਿਹੀਆਂ ਪਿਛਾਖੜੀ ਕਦਰਾਂ ਕੀਮਤਾਂ ਨੂੰ ਬਚਾਕੇ ਰੱਖਣਾ ਵੀ ਉਸਦੀ ਮਜਬੂਰੀ ਬਣ ਗਈ ਹੈ ਕਿਉਂਕਿ ਅਜੋਕਾ ਪੂੰਜੀਵਾਦ ਰੈਡੀਕਲ ਕਿਸਮ ਦਾ ਪੂੰਜੀਵਾਦ ਨਹੀਂ ਹੈ। ਇਸ ਲਈ ਅੱਜ ਸਮੁੱਚੇ ਭਾਰਤ ਅੰਦਰ ਇਨਕਲਾਬੀ ਪੁਨਰਜਾਗਰਣ ਅਤੇ ਪ੍ਰਬੋਧਨ ਦੀ ਇੱਕ ਤਕੜੀ ਲਹਿਰ ਖੜੀ ਕਰੇ ਬਿਨਾਂ ਭਾਵੀ ਇਨਕਲਾਬ ਦੀ ਵਿਚਾਰਕ ਜ਼ਮੀਨ ਤਿਆਰ ਨਹੀਂ ਕੀਤੀ ਜਾ ਸਕਦੀ ਕਿਉਂਕਿ ਯੂਰਪ ਅੰਦਰ ਪੂੰਜੀਵਾਦੀ ਇਨਕਲਾਬਾਂ ਦੀ ਜ਼ਮੀਨ ਤਿਆਰ ਕਰਨ ਵਿੱਚ ਉਥੋਂ ਦੇ ਚਿੰਤਕਾਂ ਵੱਲੋਂ ਵਿਸ਼ਾਲ ਪੈਮਾਨੇ 'ਤੇ ਖੜੀ ਕੀਤੀ ਪੁਨਰਜਾਗਰਣ ਅਤੇ ਪ੍ਰਬੋਧਨ ਦੀ ਲਹਿਰ ਦਾ ਹੀ ਅਹਿਮ ਯੋਗਦਾਨ ਸੀ। ਬਹਿਸ ਵਿੱਚ ਹੋਰਨਾਂ ਤੋਂ ਇਲਾਵਾ ਅਵਤਾਰ ਰਾਏਖਾਨਾ, ਦਲਬੀਰ ਕਟਾਣੀ, ਪ੍ਰੋ. ਏ. ਕੇ. ਮਲੇਰੀ ਆਦਿ ਨੇ ਵੀ ਆਪਣੀ ਗੱਲ ਕਹੀ। ਅੰਤ ਵਿੱਚ ਪ੍ਰੋ. ਜਗਮੋਹਣ ਸਿੰਘ ਵੱਲੋਂ ਸ਼ਹੀਦ ਸੁਖਦੇਵ ਬਾਰੇ ਇੱਕ ਕਿਤਾਬ **ਸ਼ਹੀਦ ਸੁਖਦੇਵ-ਇਕ ਮਹਾਨ ਇਨਕਲਾਬੀ ਜਥੇਬੰਦਕ** ਅਤੇ **ਸ਼ਹੀਦ ਸੁਖਦੇਵ** ਦੇ ਛੋਟੇ ਭਰਾ ਮਥਰਾ ਦਾਸ ਥਾਪਰ ਵੱਲੋਂ ਲਿਖੀ ਕਿਤਾਬ ਸ਼ਹੀਦ ਸੁਖਦੇਵ ਵੀ ਰਿਲੀਜ਼ ਕੀਤੀ ਗਈ।

ਇਸ ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰਾਜਵਿੰਦਰ ਨੇ ਨਿਭਾਈ ਅਤੇ ਅੰਤ ਵਿੱਚ ਸਭਾ ਦੇ ਸੂਬਾ ਕਨਵੀਨਰ ਅਜੇ ਪਾਲ ਨੇ ਆਏ ਸਰੋਤਿਆਂ ਦਾ ਧੰਨਵਾਦ ਕੀਤਾ।

ਬੀਂਡਾ

—ਸੱਤਿਆਵ੍ਰਤ

ਇਹ ਜੀਵ ਜਿੰਨਾ ਜਿਆਦਾ ਛੋਟਾ ਹੈ ਉਨਾ ਹੀ ਜਿਆਦਾ ਸ਼ੋਰ ਮਚਾਉਂਦਾ ਹੈ। ਲਗਾਤਾਰ ਲੰਬੇ ਸਮੇਂ ਤੱਕ ਚੀਕਣਾ ਇਸਦੀ ਜੀਵਨ ਸ਼ੈਲੀ ਦਾ ਇੱਕ ਜ਼ਰੂਰੀ ਅੰਗ ਹੈ।ਚੀਖਣਾ ਇਸ ਦੀ ਆਦਤ ਹੈ, ਜਿਸਦਾ ਕੋਈ ਉਦੇਸ਼ ਨਹੀਂ ਹੁੰਦਾ। ਜੋ ਸਿਰਫ ਕਿਸੇ ਉਦੇਸ਼ ਲਈ ਹੀ ਚੀਖਦੇ ਹਨ ਅਤੇ ਸਿਰਫ ਚੀਕਣ ਤੱਕ ਹੀ ਸੀਮਤ ਨਹੀਂ ਰਹਿੰਦੇ, ਉਹਨਾਂ ਨੂੰ ਇਹ ਅੱਤਵਾਦੀ, ਅਰਾਜਕਤਾਵਾਦੀ ਅਤੇ ਫਲਸਫੇ, ਵਿਚਾਰ ਅਤੇ ਕਲਾ ਦਾ ਧਰੋਹੀ ਮੰਨਦਾ ਹੈ।

ਜਦੋਂ ਸ਼ਾਮ ਢਲਦੀ ਹੈ। ਸਾਹਸੀ ਕੀੜਿਆਂ ਦੇ ਲਈ ਰੋਮਾਂਚਕ ਮੁਹਿੰਮਾਂ ਨਾਲ ਭਰਪੂਰ ਦਿਨ ਭਰ ਦਾ ਇੱਕ ਮੁਸ਼ਕਿਲ ਸੰਗਰਾਮ ਖਤਮ ਹੁੰਦਾ ਹੈ। ਅਨੇਕਾਂ ਇਨ੍ਹਾ ਵਿੱਚੋਂ ਮਾਰੇ ਜਾਂਦੇ ਹਨ, ਜਿਆਦਾਤਰ ਜਖਮੀ ਹੋ ਕੇ ਆਪਣੀਆਂ ਖੁੱਡਾਂ ਵਿੱਚ ਵਾਪਸ ਚਲੇ ਜਾਂਦੇ ਹਨ ਅਤੇ ਥੱਕੇ ਹਾਰੇ ਯੋਧੇ ਛੇਤੀ ਹੀ ਨੀਂਦ ਦੇ ਟੂਲੇ ਲੈਣ ਲਗਦੇ ਹਨ। ਹਨ੍ਹੇਰੇ ਦੀ ਚਾਦਰ ਇਨ੍ਹਾਂ ਸਭ ਨੂੰ ਢੱਕ ਲੈਂਦੀ ਹੈ ਅਤੇ ਫਿਰ ਕੀੜਿਆਂ ਦੀ ਇੱਕ ਪੂਰੀ ਦੁਨੀਆਂ ਸਰਗਰਮ ਹੋ ਜਾਂਦੀ ਹੈ। ਉਹ ਜ਼ਖ਼ਮੀ ਕੀੜੇ ਅਤੇ ਥੱਕੇ ਟੁੱਟੇ ਕੀੜਿਆਂ ਤੇ ਘਾਤ ਲਾ ਕੇ ਹਮਲੇ ਕਰਦੇ ਹਨ, ਲੜਾਈ ਦੇ ਮੈਦਾਨ ਵਿੱਚ ਲਾਸ਼ਾਂ ਘਸੀਟਦੇ ਹਨ, ਪਾਗਲਪਣ ਭਰੀ ਖੁਸ਼ੀ ਵਿੱਚ ਚੀਖਦੇ ਹਨ ਅਤੇ ਨੱਚਦੇ-ਗਾਉਂਦੇ ਹਨ।

ਜਦੋਂ ਸ਼ਾਮ ਢਲਦੀ ਹੈ, ਤਾਂ ਘਰਾਂ ਦੇ ਹਨ੍ਹੇਰੇ ਕੋਨਿਆਂ ਵਿੱਚ, ਬਾਹਰ ਝਾੜੀਆਂ ਵਿੱਚ ਜਾਂ ਖੇਤਾਂ ਦੀਆਂ ਵੱਟਾ ਵਿੱਚ ਬਣਾਈਆਂ ਗਈਆਂ ਆਪਣੀਆਂ ਖੁੱਡਾਂ ਦੇ ਬਿਲਕੁਲ ਬਾਹਰ ਥੋੜ੍ਹੀ ਜਿਹੀ ਜਗ੍ਹਾ ਬਣਾਕੇ, ਇਹ ਕਹਿਣਾ ਬਿਹਤਰ ਹੋਵੇਗਾ ਕਿ ਆਪਣੇ ਘਰ ਦੀ ਸਰਦਲ 'ਤੇ ਬੈਠ ਕੇ, ਬੀਂਡਾ ਭੱਦੇ, ਕਿਰਕਿਰੇ ਸੁਰ ਵਿੱਚ ਚੀਖਣਾ ਸ਼ੁਰੂ ਕਰ ਦਿੰਦਾ ਹੈ---- ਕਿਰਰਰਰ-----

ਉਂਝ ਉਹ ਆਪਣੇ ਆਪ ਨੂੰ ਸਿਰਫ ਵਧੀਆ ਗਾਇਕ ਜਾਂ ਪ੍ਰਭਾਵੀ ਬੁਲਾਰਾ ਹੀ ਨਹੀਂ ਮੰਨਦਾ, ਸਗੋਂ ਇਹ ਵੀ ਦਾਅਵਾ ਕਰਦਾ ਹੈ ਕਿ ਉਹੀ ਸਾਮਵੇਦ ਦਾ ਰਚਨਾਕਾਰ ਹੈ, ਉਹੀ ਸ਼ਾਸਤਰਾਂ ਦੀ ਪ੍ਰੰਪਰਾ ਦਾ ਵਾਹਕ ਹੈ ਅਤੇ ਪ੍ਰਾਚੀਨ ਰੋਮਨ ਸੰਸਦ ਮੈਂਬਰਾਂ ਨੇ ਵੀ ਭਾਸ਼ਣ ਦੀ ਕਲਾ ਉਸੇ ਤੋਂ ਸਿੱਖੀ ਸੀ। ਆਤਮ ਸਮੋਹਨ ਵਿੱਚ ਉਹ ਨਾਰਦ ਮੁਨੀ ਅਤੇ ਨਾਸਿਰਸਸ ਨੂੰ ਵੀ ਮਾਤ ਦਿੰਦਾ ਹੈ।ਆਪਣੇ ਰੂਪ ਵਿੱਚ, ਆਪਣੀ ਸਿਰਜਨਾਤਮਕਤਾ ਅਤੇ ਆਪਣੀ ਭਾਸ਼ਣ ਕਲਾ ਤੇ ਉਹ ਸਦਾ ਹੀ ਮੋਹਤ ਰਹਿੰਦਾ ਹੈ। ਹਰ ਅਲੋਚਨਾ ਉਸ ਲਈ ਅਸਹਿਣ ਯੋਗ ਹੈ। ਹਰ ਸੁਝਾਅ ਉਸ ਲਈ ਨਾਗੌਲਣ ਯੋਗ ਹੈ।

ਬੀਂਡਾ ਬਹੁਤ ਬੋਲਦਾ ਹੈ ਅਤੇ ਲਗਾਤਾਰ ਬੋਲਦਾ ਹੈ। ਪਰ ਉਹ ਉਦੋਂ ਤੱਕ ਬੋਲਦਾ ਹੈ ਜਦੋਂ ਕਿਸੇ ਪਾਸਿਓਂ ਕੋਈ ਖਤਰੇ ਦੀ ਆਹਟ ਨਹੀਂ ਆਉਂਦੀ, ਪੈਰਾਂ ਦੀ ਕੋਈ ਧਮਕ ਸੁਣਾਈ ਨਹੀਂ ਦਿੰਦੀ। ਉਦੋਂ ਤੱਕ ਉਹ ਆਪਣੇ ਗਲ਼ੇ ਨੂੰ ਆਪਣੇ ਸਰੀਰ ਦੇ ਬਰਾਬਰ ਤੱਕ ਫੁਲਾ ਕੇ ਚੀਖਦਾ ਹੈ, ਜਿਸਨੂੰ ਉਹ "ਪ੍ਰਚੰਡ ਗਰਜ" ਕਹਿਣਾ ਵਧੇਰੇ ਪਸੰਦ ਕਰਦਾ ਹੈ। ਪਰ ਜਿਵੇਂ ਹੀ ਪੈਰਾਂ ਦੀ ਜਾਂ ਕੋਈ ਹੋਰ ਅਵਾਜ ਨੇੜੇ ਆਉਂਦੀ ਹੈ, ਉਪ ਪਲਕ ਝਪਕਦੇ ਹੀ 'ਫ਼ਟਕ' ਦੇ ਕੇ ਆਪਣੀ ਖੁੱਡ ਵਿੱਚ, ਇਕ ਦਮ ਅੰਦਰ ਘੁਸ ਜਾਂਦਾ ਹੈ ਅਤੇ ਫਿਰ ਖੁੱਡ ਦੇ ਮੂੰਹ ਵੱਲ ਆਪਣੀਆਂ ਅੱਖਾਂ ਅਤੇ ਕੰਨਾਂ ਨੂੰ ਸਾਧਦੇ ਹੋਏ ਸੰਭਾਵਿਤ ਖਤਰੇ ਦੇ ਟਲ਼ ਜਾਣ ਦੀ ਉਡੀਕ ਕਰਨ ਲਗਦਾ ਹੈ। ਕਿਹਾ ਜਾਂਦਾ ਹੈ ਕਿ ਜੀਵਨ ਭਰ ਬੀਂਡਾ ਆਪਣੇ ਕੰਨਾਂ ਦੀ ਵਰਤੋਂ ਕੇਵਲ ਖਤਰੇ ਦੀ ਆਹਟ ਮਹਿਸੂਸ ਕਰਨ ਲਈ ਹੀ ਕਰਦਾ ਹੈ, ਅਲੋਚਨਾ, ਸੁਝਾਅ ਜਾਂ ਪ੍ਰਤੀਵਾਦ ਸੁਨਣ ਲਈ ਕਦੇ ਵੀ ਨਹੀਂ। ਇਹ ਵੀ ਕਿਹਾ ਜਾਂਦਾ ਹੈ ਕਿ ਆਪਣੀਆਂ ਅੱਖਾਂ ਦੀ ਵਰਤੋਂ ਉਹ ਸਿਰਫ ਠੀਕ ਮੌਕੇ ਦੀ ਤਾਂਘ ਵਿੱਚ ਰਹਿਣ ਦੇ ਲਈ ਕਰਦਾ ਹੈ। ਇਕ ਕੰਮ ਉਹ ਜਿੰਨੇ ਸੁੰਦਰ ਢੰਗ ਨਾਲ ਕਰਦਾ ਹੈ, ਆਪਣੇ ਸੁੰਦਰਤਾ ਬੋਧ ਨੂੰ ਉੱਨਾ ਹੀ ਬਿਹਤਰ ਮੰਨਦਾ ਹੈ। ਕਲਾ-ਸਾਹਿਤ ਸਭਿਆਚਾਰ ਦੇ ਬਾਜ਼ਾਰ ਦੇ ਉਤਰਾਵਾਂ ਚੜ੍ਹਾਣਾਂ 'ਤੇ ਉਸਦੀ ਨਜ਼ਰ ਹਮੇਸ਼ਾਂ ਟਿਕੀ ਰਹਿ ਸਕਦੀ ਹੈ। ਮੰਡੀ ਦੀ ਮੰਗ 'ਤੇ ਉਹ ਇਕ ਇਨਕਲਾਬੀ ਗੀਤ ਗਾ ਸਕਦਾ ਹੈ ਅਤੇ ਅਗਲੇ ਦਿਨ ਹੀ, ਨਵੀਂ ਮੰਗ 'ਤੇ 'ਕਵਿਤਾ ਦੀ ਵਾਪਸੀ' ਦਾ ਨਾਹਰਾ ਲਾ ਸਕਦਾ ਹੈ ਜਾਂ ਫਿਰ ਆਪਣੀ "ਬੁਲੰਦ" ਅਵਾਜ ਵਿੱਚ ਆਪਣੇ ਘਰ ਦੀ ਸਰਦਲ 'ਤੇ ਖੜ੍ਹੇ ਹੋਕੇ, ਜਿਸਨੂੰ ਉਹ ਲਾਲ ਕਿਲੇ ਦੀ ਦਹਿਲੀਜ਼ ਨਾਲੋਂ ਇਕ ਸੈਂਟੀਮੀਟਰ ਘੱਟ ਨਹੀਂ ਮੰਨਦਾ, 'ਕਵਿਤਾ ਦੇ ਅੰਤ' ਦਾ ਐਲਾਨ ਕਰ ਸਕਦਾ ਹੈ ਅਤੇ ਫਿਰ ਉਹ ਮੁਨਾਦੀ ਕਰ ਸਕਦਾ ਹੈ ਕਿ ਖੱਬੀ ਜਾਂ ਸੱਜੀ ਨਹੀਂ ਕਵਿਤਾ ਸਿਰਫ ਸੁੰਦਰ, ਮਨੁੱਖੀ ਅਤੇ ਵਧੀਆ ਹੋਣੀ ਚਾਹੀਦੀ ਹੈ।

ਬੀਂਡੇ ਦੀ ਕੁਦਰਤੀ ਆਦਤ ਨੂੰ ਦੇਖਦੇ ਹੋਏ ਇੱਧਰ ਸਰਕਾਰ ਨੇ ਇਸਦੇ ਲਈ ਰਾਜਧਾਨੀ ਵਿੱਚ ਅਤੇ ਪੂਰੇ ਦੇਸ਼ ਵਿੱਚ ਅਜਿਹੀਆਂ ਸਪੈਸ਼ਲ ਸੁਰੱਖਿਅਤ ਖੁੱਡਾਂ ਬਣਵਾਈਆਂ ਹਨ ਜਿਥੋਂ ਉਹ ਪੈਰਾਂ ਦੀ ਧਮਕ ਜਾਂ ਕਿਸੇ ਵੀ ਆਹਟ ਤੋਂ ਡਰੇ ਬਿਨਾਂ, ਸੁਰੱਖਿਅਤ ਲਗਾਤਾਰ ਬੋਲਦੇ ਰਹਿ ਸਕਣ। ਧਿਆਨ ਰਹੇ ਕਿ ਬੋਲਣ ਤੋਂ ਬਿਨਾਂ ਬੀਂਡੇ ਦੀ ਦੂਜੀ ਆਦਤ ਅਤੇ ਸ਼ੌਕ ਲਗਾਤਾਰ ਗਹਿਰਾ ਅਧਿਐਨ, ਖੋਜ ਅਤੇ ਚਿੰਤਨ ਹੈ। ਅਧਿਐਨ ਚਿੰਤਨ ਹੋਣਾ ਬੀਂਡੇ ਲਈ ਉਦੇਸ਼ ਹੈ ਸਾਧਨ ਨਹੀਂ। ਖੋਜ ਸੰਸਥਾਵਾਂ ਅਕੈਡਮੀਆਂ ਜਾਂ ਰਾਜਧਾਨੀ ਦੀਆਂ ਕੇਂਦਰੀ ਯੂਨੀਵਰਸਿਟੀਆਂ ਵਿੱਚ ਸਰਕਾਰ ਦੁਆਰਾ ਬਣਾਈਆਂ 'ਸਪੈਸ਼ਲ' ਖੁੱਡਾਂ ਵਿੱਚ ਬੀਂਡੇ ਲਗਾਤਾਰ ਅਧਿਐਨ-ਸਾਧਨਾਂ, ਖੋਜ ਤਪੱਸਿਆ ਅਤੇ ਗੋਸ਼ਠੀਆਂ ਵਿਚ ਜੁੱਟੇ ਰਹਿਦੇ ਹਨ। ਉਹ ਸਰਕਾਰੀ ਨੀਤੀਆਂ ਦੇ ਖਿਲਾਫ

ਟਿੱਪਣੀ ਕਰਦੇ ਹਨ, ਉਹ ਮਨੁੱਖੀ ਅਧਿਕਾਰਾਂ 'ਤੇ ਬੋਲਦੇ ਹਨ, ਉਹ ਕਾਲੇ ਕਨੂੰਨਾਂ ਦੇ ਖਿਲਾਫ ਮੈਮੋਰੰਡਮ 'ਤੇ ਦਸਤਖਤ ਕਰਦੇ ਹਨ ਅਤੇ ਸੱਤ੍ਹਾ ਇਸ ਤਰ੍ਹਾਂ ਮੁਸਕਰਾਉਂਦੀ ਹੈ ਜਿਵੇਂ ਆਪਣੇ ਸ਼ਰਾਰਤੀ ਬੱਚੇ ਦੀ ਸ਼ੈਤਾਨੀ 'ਤੇ ਪਿਤਾ। ਬੀਂਡਿਆਂ ਦੇ ਲਈ ਅਜਿਹਿਆਂ ਸਪੈਸ਼ਲ ਖੁੱਡਾਂ ਬਣਾਉਣ ਲਈ ਇੱਧਰ ਵਿਦੇਸ਼ਾਂ ਤੋਂ ਵੱਡੀ ਮਦਦ ਨਾਲ਼ ਹੀ ਇੱਕ ਨਵੀਂ 'ਵਾਤਾਵਰਨ ਪੱਖੀ' ਨੀਤੀ ਅਤੇ ਟੈਕਨਾਲੋਜੀ ਵੀ ਮਿਲੀ ਹੈ। ਹਜ਼ਾਰਾਂ ਸਵੈ ਸੇਵੀ ਸੰਸਥਾਵਾਂ ਦੁਰੇਡੇ ਪਿੰਡਾਂ-ਦਿਹਾਤਾਂ ਵਿੱਚ, ਜਿਆਦਾ ਤੋਂ ਜਿਆਦਾ ਬੀਂਡੇ ਲਈ ਅਨੁਕੂਲ ਕੁਦਰਤੀ ਵਾਤਾਵਰਨ ਵਿੱਚ ਅਜਿਹੀਆਂ ਖੁੱਡਾਂ ਬਣਵਾ ਰਹੀ ਹੈ, ਜਿੱਥੇ ਆਪਣੇ 'ਸਮਾਜਕ ਕੰਮਾਂ' ਨਾਲ ਬੀਂਡੇ ਸਮਾਜ ਵਿੱਚ ਇੰਨਾ ਕੁੱਝ ਕਰ ਦੇਣ ਦਾ ਦਾਅਵਾ ਕਰ ਰਹੇ ਹਨ ਕਿ ਹੁਣ ਕਸ਼ਟਦਾਇਕ ਇਨਕਲਬਾਂ ਦੀ ਕੋਈ ਜਰੂਰਤ ਹੀ ਨਹੀਂ ਰਹਿ ਜਾਵੇਗੀ। ਇਹਨਾਂ ਸੁਰੱਖਿਅਤ ਖੁੱਡਾਂ ਦੇ ਨਿਵਾਸੀ ਬੀਂਡਿਆਂ ਦੀਆਂ ਸਦੀਆਂ ਪੁਰਾਣੀਆਂ ਆਦਤਾਂ ਅਤੇ ਖ਼ਾਸਾ ਬਦਲ ਚੁੱਕਿਆ ਹੈ ਹੁਣ ਖਤਰੇ ਦੀ ਆਹਟ ਭਾਂਪ ਕੇ ਖੁੱਡਾਂ ਦੇ ਨੇੜੇ ਹੀ ਟਪੂਸੀਆਂ ਨਹੀਂ ਮਾਰਦੇ। ਉਹਨਾਂ ਲਈ ਕੋਈ ਵੀ ਆਹਟ ਖਤਰੇ ਦੀ ਆਹਟ ਨਹੀਂ ਹੁੰਦੀ।

ਬੀਂਡੇ ਦੀ ਭਾਸ਼ਣ ਕਲਾ, ਅਧਿਐਨ ਅਤੇ ਖੋਜ ਦੇ ਸੰਗਠਨ ਦਾ ਧਰਾਤਲ ਅੱਜ ਬਹੁਤ ਜਿਆਦਾ ਉੱਨਤ ਹੈ। ਉਹ ਲਗਾਤਾਰ ਸਿੰਪੋਜਿਯਮ-ਕੋਲੋਕਿਯਮ-ਸੈਮੀਨਾਰ-ਵਰਕਸ਼ਾਪ ਅਤੇ ਕਾਨਫਰੰਸਾਂ ਵਿੱਚ ਜ਼ਰਈ ਸੰਬੰਧਾਂ 'ਤੇ ਬੋਲਦਾ ਹੈ, ਸਭਿਆਚਾਰ 'ਤੇ ਭਾਸ਼ਣ ਦਿੰਦਾ ਹੈ, ਸੰਵਿਧਾਨ ਅਤੇ ਸਮਾਜਵਾਦ ਅਤੇ "ਸਮਾਜਵਾਦੀ ਮੰਡੀ" ਦੀ ਵਿਆਖਿਆ ਕਰਦਾ ਹੈ। ਉਸਦੇ ਖੋਜ-ਭਾਸ਼ਣਾਂ ਦੀਆਂ ਕਿਤਾਬਾਂ ਅਤੇ ਰਿਪੋਰਟਾਂ ਦੇ ਰਿਕਾਰਡਾਂ ਦੇ ਢੇਰ ਲੱਗ ਜਾਂਦੇ ਹਨ। ਫਿਰ ਬੀਂਡਾ ਇਸਨੂੰ ਤਸੱਲੀ ਨਾਲ ਚਟਦਾ ਹੈ। ਇਸ ਤਰਾਂ ਬੀਡਾਂ ਇੱਕ ਸਵੈਨਿਰਭਰ ਜੀਵ ਹੈ। ਆਪਣਾ ਭੋਜਨ ਉਹ ਖੁਦ ਇਕੱਠਾ ਕਰਦਾ ਹੈ। ਪਹਿਲਾਂ ਉਹ ਅਕਾਸ਼ਬਾਣੀ 'ਤੇ ਸਿਰਫ ਆਪਣੀ ਅਵਾਜ਼ ਸੁਣਦਾ ਸੀ। ਹੁਣ ਦੂਰਦਰਸ਼ਣ 'ਤੇ ਆਪਣਾ ਚਿਹਰਾ ਵੀ ਦੇਖਦਾ ਹੈ। ਉਸਦੀ ਨਾਰਸਿਸਸ ਗ੍ਰੰਥੀ ਇਸ ਨਾਲ ਲਗਾਤਾਰ ਵਧਦੀ ਜਾ ਰਹੀ ਹੈ।

ਜੀਵ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਦੁਨੀਆਂ ਦਾ ਇੱਕ ਅਤਿਪ੍ਰਾਚੀਨ ਜੀਵ ਹੈ। ਪਰ ਇਹ ਸ਼ੁਰੂ ਤੋਂ ਇਕਦਮ ਉਹੋ ਜਿਹਾ ਨਹੀਂ ਹੈ ਜਿਵੇਂ ਕਿ ਅੱਜ ਹੈ। ਇਸਦਾ ਜੋ ਵਰਤਮਾਨ ਰੂਪ ਸਾਡੇ ਸਾਹਮਣੇ ਹੈ, ਉਸਦਾ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨਾ ਕੁਰਸੀ ਜਾਂ ਸਿੰਘਾਸਨ ਦਾ ਇਤਿਹਾਸ। ਉਦੋਂ ਤੋਂ ਹੀ ਇਹ ਕੁਰਸੀਆਂ ਦੇ ਹੇਠਾਂ ਅਤੇ ਪਾਵਿਆਂ ਨਾਲ ਚਿੰਬੜਿਆ ਪਾਇਆ ਗਿਆ ਹੈ। ਘਰਾਂ ਦੇ ਹਨ੍ਹੇਰ ਕੋਨਿਆਂ ਦਾ ਜਨਮ ਵੀ ਉਦੋਂ ਹੀ ਹੋਈਆ ਸੀ। ਉਦੋਂ ਤੋਂ ਬੀਂਡੇ ਨੇ ਨਾ ਤਾਂ ਆਪਣਾ 'ਸਮਾਜਕ ਕੰਮ ਬਦਲਿਆ ਹੈ ਅਤੇ ਨਾ ਹੀ ਇਸਦਾ ਚਰਿੱਤਰ ਬਦਲਿਆ ਹੈ। ਬੀਂਡਾ ਜਦੋਂ ਆਪਣੇ ਆਪ ਨੂੰ ਅਮਰ ਸਮਝਦਾ ਹੈ ਤਾਂ ਇਸ ਦੇ ਕਾਫੀ ਕਾਰਨ ਹਨ। ਪਰ ਉਹ ਅਮਰ ਨਹੀਂ ਹੈ। ਅਜਿਹਾ ਮੰਨਣ ਦੇ ਵੀ ਕਾਫੀ ਕਾਰਨ ਹਨ।

ਬੀਂਡੇ ਦੇ ਨਾਲ ਅਣਜਾਣੇ ਵਿੱਚ ਹੀ ਤੁਹਾਡਾ ਇੱਕ ਖਾਸ ਤਰਾ ਦਾ ਰਿਸ਼ਤਾ ਬਣ ਜਾਂਦਾ ਹੈ। ਜਦੋਂ ਇੱਕ ਬੀਂਡਾ ਅਚਾਨਕ ਹੀ ਤੁਹਾਡੇ ਕੋਲ ਬੋਲਣਾ ਸ਼ੁਰੂ ਕਰ ਦਿੰਦਾ ਹੈ ਤਾਂ ਤੁਸੀਂ ਘਬਰਾ ਕੇ ਇੱਧਰ ਉੱਧਰ ਖਿੱਚੇ ਜਾਂਦੇ ਹੋ। ਜਦੋਂ ਤੱਕ ਕੁੱਝ ਬੀਂਡੇ ਬੋਲਦੇ ਰਹਿੰਦੇ ਹਨ, ਉਦੋਂ ਤੱਕ ਤੁਹਾਡਾ ਧਿਆਨ ਉਧਰ ਹੁੰਦਾ ਹੈ। ਫਿਰ ਢੇਰਾਂ ਬੀਂਡੇ ਲਗਾਤਾਰ ਬੋਲਣ ਲਗਦੇ ਹਨ ਅਤੇ ਹੋਲੀ-ਹੋਲੀ ਤੁਸੀਂ ਇਸਦੇ ਆਦੀ ਹੋ ਜਾਂਦੇ ਹੋ। ਇਥੇ ਬੀਂਡਾ ਨਹੀਂ ਸਗੋ ਸੱਤ੍ਹਾ ਤੁਹਾਥੋਂ ਜਿੱਤ ਜਾਂਦੀ ਹੈ। ਬੀਂਡਿਆ ਦਾ ਸ਼ੋਰ ਤੁਹਾਡੀ ਚਿੰਤਨ ਪ੍ਰਕਿਰਿਆ ਦਾ ਬੈਕਗਰਾਉਂਡ ਮਿਊਜ਼ਿਕ ਬਣ ਜਾਂਦਾ ਹੈ। ਇਹ ਖਤਰਨਾਕ ਹੈ। ਤੁਹਾਨੂੰ ਬੀਂਡਿਆਂ ਦੇ ਸ਼ੋਰ ਦੀ ਆਦਤ ਨਹੀਂ ਪਾਉਣੀ ਚਾਹੀਦੀ।

ਬੀਂਡਾ ਲਗਾਤਾਰ ਕਿਤਾਬਾਂ ਦੇ ਸਫਿਆਂ ਵਿੱਚ ਗਵਾਚਿਆ ਰਹਿੰਦਾ ਹੈ ਅਤੇ ਤੁਸੀਂ ਇਹ ਸੋਚਣ ਲਗਦੇ ਹੋ ਕਿ ਕਿਤਾਬਾਂ ਪੜ੍ਹਨਾ ਸਿਰਫ ਬੀਂਡਿਆ ਦਾ ਕੰਮ ਹੈ। ਇਸ ਤਰ੍ਹਾਂ ਬੀਂਡਾ ਤੁਹਾਨੂੰ ਗਿਆਨ ਦੀ ਪੂਰੀ ਸੰਪਦਾ ਤੋਂ ਵਾਂਝੇ ਕਰਨ ਦੀ ਚਾਲ ਚਲਦਾ ਹੈ ਅਤੇ ਤੁਸੀਂ ਇਸਦੇ ਸ਼ਿਕਾਰ ਹੋ ਜਾਂਦੇ ਹੋ। ਇਥੇ ਫਿਰ ਬੀਂਡਾ ਨਹੀਂ, ਸਗੋਂ ਸੱਤ੍ਹਾ ਤੁਹਾਥੋਂ ਜਿੱਤ ਜਾਂਦੀ ਹੈ।

ਜਿੰਦਗੀ ਭਰ ਬੀਂਡਾ ਲਗਾਤਾਰ ਮੋਟੀਆਂ-ਮੋਟੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਹੈ ਅਤੇ ਅਕਸਰ ਇਹਨਾਂ ਦੇ ਪੰਨਿਆਂ ਦੇ ਵਿੱਚ ਦੱਬਿਆ ਹੋਇਆ ਨਿਰਵਾਣ ਪ੍ਰਾਪਤ ਕਰਦਾ ਹੈ। ਕਿਤਾਬਾਂ ਵਿੱਚ ਹੀ ਉਸਦੀ ਕਬਰ ਬਣਦੀ ਹੈ। ਪੁਰਾਣੀਆਂ ਮੋਟੀਆਂ-ਮੋਟੀਆਂ ਕਿਤਾਬਾਂ ਨੂੰ ਪਲਟਣ 'ਤੇ ਬੀਂਡਿਆ ਦੇ ਇਕਦਮ ਚਪਟੇ, ਸੁੱਕੇ ਹੋਏ, ਸਾਲਾਂ ਤੋਂ ਪਏ ਹੋਏ ਮੁਰਦਾ ਸਰੀਰ ਅਕਸਰ ਮਿਲ ਜਾਂਦੇ ਹਨ। ਕੋਈ ਕੰਮ ਕਾਜੀ ਆਦਮੀ ਜ਼ਰੂਰਤ ਦੀ ਕੋਈ ਜਾਣਕਾਰੀ ਭਾਲਦਾ ਇਨ੍ਹਾਂ ਕਿਤਾਬਾਂ ਤੱਕ ਆਉਂਦਾ ਹੈ, ਇਨ੍ਹਾਂ ਦੇ ਸਫ਼ਿਆਂ ਨੂੰ ਪਲਟਦਾ ਹੈ, ਬੀਂਡੇ ਦੀ ਪਿਚਕੀ-ਚਿਪਟੀ ਲਾਸ਼ ਵਿੱਚ ਨਾ ਤਾਂ ਉਹ ਪਹਿਲਾ ਵਰਗੀ ਰੁਚੀ ਦਿਖਾਉਂਦਾ ਹੈ, ਨਾ ਹੀ ਉਸਦੀ ਮੌਤ 'ਤੇ ਇੱਕ ਸਕਿੰਟ ਦਾ ਵੀ ਸ਼ੋਕ ਮਨਾਉਂਦਾ ਹੈ। ਉਹ ਕਿਸੇ ਤਿੱਖੀ ਚੀਜ਼ ਨਾਲ ਪੰਨਿਆਂ 'ਤੇ ਚਿਪਕੇ ਬੀਂਡੇ ਦੇ ਸ਼ਰੀਰ ਨੂੰ ਖੁਰਚਦਾ ਹੈ, ਫੂਕ ਮਾਰਕੇ ਦੂਰ ਉਡਾ ਦਿੰਦਾ ਹੈ ਅਤੇ ਫਿਰ ਪੰਨੇ ਪਲਟਦਾ ਅੱਗੇ ਵਧ ਜਾਂਦਾ ਹੈ।

(ਸਫ਼ਾ 16 ਦਾ ਬਾਕੀ)

ਨੌਜਵਾਨ ਧੀਆਂ-ਪੁੱਤਰਾਂ ਨੂੰ ਅੱਗੇ ਆ ਕੇ ਆਪਣੇ ਮਹਾਨ ਇਨਕਲਾਬੀ ਵਿਰਸੇ ਨੂੰ ਸੰਜੋਣ ਦੀ ਲੋੜ ਹੈ। ਲੋੜ ਹੈ ਅੱਜ ਭਗਤ ਸਿੰਘ ਦੇ ਵਿਚਾਰਾਂ ਨੂੰ ਉਨ੍ਹਾਂ ਦੀਆਂ ਲਿਖਤਾਂ ਨੂੰ ਕਿਤਾਬਾਂ ਦਾ ਰੂਪ ਦੇ ਕੇ ਘਰ-ਘਰ ਤੱਕ ਪਹੁੰਚਾਉਣ ਦੀ ਅਤੇ ਸਮੇਂ ਦੀਆਂ ਸਰਕਾਰਾਂ ਦੀਆਂ ਕੋਝੀਆਂ ਚਾਲਾਂ ਨੂੰ ਨਾਕਾਮ ਕਰਨ ਦੀ। ਕਿਉਂਕਿ ਭਗਤ ਸਿੰਘ ਦੀ ਵਿਚਾਰਧਾਰਾ ਬੰਬ ਪਿਸਤੌਲ ਨਹੀਂ ਬਲਕਿ ਮਨੁੱਖਤਾ ਦੀ ਮੁਕਤੀ ਦਾ ਸਿਧਾਂਤ ਹੈ। ਭਾਰਤੀ ਹਾਕਮ ਚਾਹੇ ਲੱਖ ਕੋਸ਼ਿਸ਼ਾਂ ਕਰ ਲੈਣ ਪਰ ਉਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਦਫਨਾ ਨਹੀਂ ਸਕਦੇ।

ਪੁਸਤਕ ਜਾਣ-ਪਛਾਣ

ਮਾਂ—ਇੱਕ ਅਤਿਅੰਤ ਪ੍ਰਸੰਗਿਕ ਪੁਸਤਕ

—ਸੱਤਿਆਵ੍ਰਤ

[ਮੈਕਸਿਮ ਗੋਰਕੀ (1868-1936) ਸਾਹਿਤ ਵਿੱਚ ਉਹ ਪਹਿਲੇ ਲੇਖਕ ਸਨ ਜਿਨ੍ਹਾਂ ਨੇ ਸਾਫ਼ ਤੌਰ 'ਤੇ ਮਜ਼ਦੂਰ ਜਮਾਤ ਦੀ ਯੁੱਗ-ਪਲਟਾਊ ਤਾਕਤ ਨੂੰ ਪਛਾਣਿਆ, ਉਸਦੇ ਅੰਦਰ ਲੁਕੇ ਹੋਏ ਮਨੁੱਖਤਾ ਦੇ ਰੌਸ਼ਨ ਭਵਿੱਖ ਨੂੰ ਦੇਖਿਆ, ਮਨੁੱਖਤਾ ਅਤੇ ਜ਼ਿੰਦਗੀ ਦੇ ਪ੍ਰਤੀ ਉਸਦੇ ਉਚ ਆਵੇਗ ਨਾਲ਼ ਭਰੇ ਪਿਆਰ ਦੀ ਰੌਸ਼ਨੀ ਵਿੱਚ ਆਪਣੀ ਲੇਖਣੀ ਨੂੰ ਡੁਬੋਇਆ ਅਤੇ ਹੇਨਰਿਕ ਮਾਨ ਦੇ ਸ਼ਬਦਾਂ ਵਿੱਚ, "ਪਹਿਲੀ ਵਾਰ ਸਾਹਿਤ ਵਿੱਚ ਉਸ ਜਮਾਤ ਦੇ ਆਗੂਆਂ ਨੂੰ ਨਾਇਕ ਦੇ ਰੂਪ ਵਿੱਚ ਪੇਸ਼ ਕੀਤਾ ਜਿਸਦੀ ਅਜੇ ਤੱਕ ਕਦੇ ਪ੍ਰਤੀਨਿਧਤਾ ਨਹੀਂ ਹੋਈ ਸੀ।" ਪਹਿਲੀ ਵਾਰ ਕਿਰਤੀਆਂ ਦੀ ਜ਼ਿੰਦਗੀ, ਉਹਨਾਂ ਦੀ ਤਾਕਤ, ਉਹਨਾਂ ਦੇ ਪਿਆਰ, ਉਹਨਾਂ ਦੀ ਬੇਇੰਤਹਾ ਨਫ਼ਰਤ, ਉਹਨਾਂ ਦੀ ਅਪੂਰਵ ਸੰਘਰਸ਼ਸ਼ੀਲਤਾ ਨੂੰ, ਉਹਨਾਂ ਦੇ ਪੂਰੇ ਸਮਾਜ ਨੂੰ, ਉਹਨਾਂ ਦੀਆਂ ਕਦਰਾਂ-ਕੀਮਤਾਂ ਨੂੰ ਅਤੇ ਉਹਨਾਂ ਦੁਆਰਾ ਲਿਆਏ ਜਾਣ ਵਾਲੇ ਸੁਨਹਿਰੀ ਨਵੀਂ ਸਵੇਰ ਨੂੰ ਗੋਰਕੀ ਨੇ ਸਾਹਿਤ ਦੇ ਪੰਨਿਆਂ 'ਤੇ ਉਤਾਰਿਆ।

ਅੱਜ ਜਦ ਸਿਰਫ਼ ਸਾਡੇ ਦੇਸ਼ ਵਿੱਚ ਹੀ ਨਹੀਂ ਪੂਰੀ ਦੁਨੀਆਂ ਦੇ ਪੈਮਾਨੇ 'ਤੇ ਪੂੰਜੀਵਾਦੀ ਕੋਹੜ ਦਾ ਜ਼ਖ਼ਮ ਰਿਸ ਰਿਹਾ ਹੈ, ਜਰਜਰ ਅਤੇ ਅਣਮਨੁੱਖੀ ਪੂੰਜੀਵਾਦ ਦਾ ਅਸਲ ਚਿਹਰਾ ਸਾਰਿਆਂ ਦੇ ਸਾਹਮਣੇ ਉਜਾਗਰ ਹੋ ਚੁੱਕਾ ਹੈ, ਜਦ ਪੂੰਜੀਵਾਦ ਇਤਿਹਾਸ ਨੂੰ ਅੱਗੇ ਵਧਾਉਣ ਵਾਲ਼ੀ ਸਾਰੀ ਭੌਤਿਕ ਅਤੇ ਆਤਮਿਕ ਤਾਕਤ ਗਵਾ ਚੁਕਿਆ ਹੈ ਉਦੋਂ ਇਤਿਹਾਸ ਨੂੰ ਅੱਗੇ ਵੱਲ ਗਤੀ ਦੇਣ ਵਾਲ਼ੀ ਜਮਾਤ ਨੂੰ ਕੇਂਦਰ ਵਿੱਚ ਰੱਖਕੇ ਲਿਖੀ ਗਈ, ਗੋਰਕੀ ਦੀ ਅਮਰ ਰਚਨਾ, 'ਮਾਂ' ਇੱਕ ਮਹੱਤਵਪੂਰਨ ਪੁਸਤਕ ਬਣ ਜਾਂਦੀ ਹੈ।

ਉਸ ਸਮੇਂ ਰੂਸ ਦੇ ਮਜ਼ਦੂਰਾਂ ਦੀ ਜ਼ਿੰਦਗੀ ਅਤੇ ਉਹਨਾਂ ਦੇ ਸੰਘਰਸ਼ਾਂ ਦੀ ਇਹ ਤਸਵੀਰ ਸਾਡੇ ਦੇਸ਼ ਉਤੇ ਵੀ ਓਨੇ ਹੀ ਸਟੀਕ ਰੂਪ ਵਿੱਚ ਲਾਗੂ ਹੁੰਦੀ ਹੈ। ਅਸੀਂ ਇਸ ਅੰਕ ਵਿੱਚ ਉਸੇ ਅਮਰ ਨਾਵਲ ਦੀ ਇੱਕ ਪਛਾਣ ਛਾਪ ਰਹੇ ਹਾਂ ਜੋ ਪੂਰੇ ਸੰਸਾਰ-ਸਾਹਿਤ ਦੇ ਵਿਕਾਸਕ੍ਰਮ ਵਿੱਚ ਇੱਕ ਮੀਲ ਪੱਥਰ ਕਿਹਾ ਜਾਂਦਾ ਹੈ। —ਸੰਪਾਦਕ]

ਮੈਕਸਿਮ ਗੋਰਕੀ ਦੇ ਵਿਸ਼ਵ ਪ੍ਰਸਿੱਧ ਨਾਵਲ 'ਮਾਂ' ਦੇ ਕੇਂਦਰ ਵਿੱਚ ਰੂਸ ਦੇ ਨਿਝਨੀ ਨੋਵਗੋਰੋਦ ਨਾਮਕ ਕਸਬੇ ਦੇ ਉਪਨਗਰ ਸੋਰਮੋਵੋ ਦੇ ਮਜ਼ਦੂਰਾਂ ਦੁਆਰਾ 1902 ਦੇ ਮਈ ਦਿਵਸ ਦੇ ਮੌਕੇ 'ਤੇ ਕੀਤਾ ਗਿਆ ਮੁਜ਼ਾਹਰਾ ਹੈ। ਇਹ ਮੁਜਾਹਰਾ ਅਤੇ ਬਾਅਦ ਵਿਚ ਮੁਜਾਹਰਾ-ਕਾਰੀਆਂ 'ਤੇ ਚਲਾਇਆ ਗਿਆ ਮੁਕੱਦਮਾ ਇਸ ਨਾਵਲ ਦਾ ਕੇਂਦਰੀ ਵਿਸ਼ਾ ਹੈ। ਨਾਵਲ ਦੇ ਦੋ ਪ੍ਰਮੁੱਖ ਕਿਰਦਾਰਾਂ- ਮਾਂ ਪੇਲਾਗੇਯਾ ਨਿਲੋਵਨਾ ਅਤੇ ਪੁੱਤਰ ਪਾਵੇਲ ਵਲਾਸੋਵ ਲਈ ਮੁੱਖ ਤੌਰ 'ਤੇ ਸੋਰਮੋਵੋ ਦੀ ਇੱਕ ਮਜ਼ਦੂਰ ਔਰਤ ਅਤੇ ਪੁੱਤਰ ਪਿਓਤਰ ਜਾਲੋਮੋਵ, ਜਿਸਨੂੰ 1902 ਦੇ ਮਈ ਦਿਨ ਵਿੱਚ ਭਾਗ ਲੈਣ ਦੇ ਦੋਸ਼ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਜਲਾਵਤਨੀ ਦੀ ਸਜਾ ਦਿੱਤੀ ਗਈ ਸੀ, ਦੇ ਜੀਵਨ ਨੂੰ ਅਧਾਰ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ : ਇਸਤੋਂ ਇਲਾਵਾ ਹੋਰ ਵੀ ਪਾਤਰਾਂ ਨੂੰ ਵੀ ਅਸਲ ਜ਼ਿੰਦਗੀ ਦੇ ਕਿਰਦਾਰਾਂ ਤੋਂ ਲਿਆ ਗਿਆ ਹੈ।

ਪਰ ਇਸ ਨਾਵਲ ਦੀ ਮੁੱਖ ਵਿਸ਼ੇਸ਼ਤਾਈ ਇਸਦੇ ਪਾਤਰਾਂ ਦਾ ਅਸਲ ਵਿਅਕਤੀਆਂ ਨਾਲ਼ ਮੇਲ ਖਾਣਾ ਨਹੀਂ ਹੈ, ਸਗੋਂ ਉਸ ਪ੍ਰਕਿਰਿਆ ਨੂੰ ਦਰਸਾਉਣਾ ਹੈ ਜਿਸ ਦੁਆਰਾ ਉਸ ਸਮੇਂ ਦੇ ਰੂਸ ਦੇ ਆਮ ਮਜ਼ਦੂਰ ਅਤੇ ਕਿਸਾਨ ਰਾਜਨੀਤਕ ਰੂਪ ਵਿੱਚ ਜਾਗਰੂਕ ਹੋ ਰਹੇ ਸਨ, ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜਿਸ ਰਾਜਨੀਤਕ ਚੇਤਨਾ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਆਪਣੇ ਨਾਵਲ ਜ਼ਰੀਏ ਪ੍ਰਮੁੱਖਤਾ ਨਾਲ਼ ਉਭਾਰ ਰਹੇ ਸਨ, ਉਸੇ ਚੇਤਨਾ ਦੇ ਨਤੀਜੇ ਵੱਜੋਂ 1905-1907 ਦੇ ਅਸਫ਼ਲ ਇਨਕਲਾਬ ਦੀ ਭਿਆਨਕ ਹਾਰ ਅਤੇ ਦਮਨ ਦੇ ਬਾਵਜੂਦ ਕੇਵਲ ਬਾਰਾਂ ਵਰ੍ਹਿਆਂ ਦੇ ਫ਼ਰਕ ਨਾਲ਼ ਹੀ ਸਿਰਫ਼ ਰੂਸ ਵਿੱਚ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਵਿੱਚ ਇੱਕ ਨਵਾਂ ਇਤਿਹਾਸ ਲਿਖਿਆ ਗਿਆ। ਰੂਸ ਦਾ ਨਵੰਬਰ, 1917 ਦਾ ਸਮਾਜਵਾਦੀ ਇਨਕਲਾਬ ਜਿਸਨੇ ਸਮੁੱਚੇ ਸੰਸਾਰ ਅਤੇ ਉਸਦਾ ਭਵਿੱਖ ਦੂਰ ਰਸ ਤੌਰ 'ਤੇ ਪ੍ਰਭਾਵਿਤ ਕੀਤਾ, ਉਸ ਸਮੇਂ ਦੇ ਰੂਸ ਦੇ ਮਜ਼ਦੂਰਾਂ ਦੀ ਜ਼ਿੰਦਗੀ ਕਿਸੇ ਵੀ ਨਜ਼ਰ ਤੋਂ ਸੰਸਾਰ ਦੇ ਕਿਸੇ ਵੀ ਦੇਸ਼ ਦੇ ਮਜ਼ਦੂਰਾਂ ਤੋਂ ਭਿੰਨ ਨਹੀਂ ਸੀ। ਗੋਰਕੀ ਵਿੱਚ ਇਸ ਜ਼ਿੰਦਗੀ ਵਲ, ਡੂੰਘੀ ਨਫ਼ਰਤ ਹੈ ਜੋ ਨਾਵਲ ਦੇ ਪਹਿਲੇ ਕੁਝ ਪੰਨਿਆਂ 'ਤੇ ਹੀ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ। ਮਸ਼ੀਨੀ ਢੰਗ ਨਾਲ਼ ਬੱਝੇ ਇੱਕ ਆਮ ਮਜ਼ਦੂਰ ਦਾ ਚਿੜਚਿੜਾ ਅਤੇ ਝਗੜਾਲੂ ਸੁਭਾਅ ਉਸਦੀ ਘਰੇਲੂ ਅਤੇ ਸਮਾਜਿਕ ਜ਼ਿੰਦਗੀ ਵਿੱਚ ਹਰ ਪਲ ਇੱਕ ਅਜਿਹਾ ਜ਼ਹਿਰ ਘੋਲ਼ਦਾ ਰਹਿੰਦਾ ਹੈ ਕਿ ਉਹ ਜ਼ਿੰਦਗੀ ਦੇ ਭਿਆਨਕ ਨਰਕ ਦੀ ਕਲਪਨਾ ਤੋਂ ਵੀ ਵੱਧ ਤਸੀਹੇ ਦੇਣ ਵਾਲ਼ਾ ਲੱਗਦਾ ਹੈ। ਗੋਰਕੀ ਦੁਆਰਾ 1907 ਵਿੱਚ ਖਿੱਚਿਆ ਰੂਸੀ ਮਜ਼ਦੂਰਾਂ ਦਾ ਇਹ ਨੀਰਸ, ਮਸ਼ੀਨੀ ਅਤੇ ਨਰਕੀ ਜੀਵਨ ਚਿੱਤਰ ਸਾਡੇ ਆਪਣੇ ਦੇਸ਼ ਦੇ ਮਜ਼ਦੂਰਾਂ ਦੇ ਜੀਵਨ ਦੇ ਕਿੰਨਾ ਨੇੜੇ ਹੈ ਇਸਨੂੰ ਸਹਿਜ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਅਜਿਹਾ ਹੀ ਮਹਿਸੂਸ ਕਰਦੀ ਸੀ ਮਾਂ ਪੇਲਾਗੇਯਾ ਨਿਲੋਵਨਾ ਜਦੋਂ ਮਜ਼ਦੂਰ ਬਸਤੀ ਦੇ ਉਸਦੇ ਨਿੱਕੇ ਜਿਹੇ ਮਕਾਨ ਵਿੱਚ ਪਾਵੇਲ ਅਤੇ ਉਸਦੇ ਸਾਥੀ ਆਪਣੀ ਅਧਿਐਨ ਮੰਡਲੀ ਵਿੱਚ ਦੂਰ ਦੇਸ਼ ਦੇ ਮਜ਼ਦਰਾਂ ਦੀ ਜ਼ਿੰਦਗੀ ਬਾਰੇ ਗੱਲਾਂ ਕਰਦੇ ਸਨ, ਉਹਨਾਂ ਦੇ ਸੰਘਰਸ਼ਾਂ ਦੀ ਜਿੱਤ ਵਿੱਚ ਖੁਸ਼ੀ ਦਾ ਅਹਿਸਾਸ ਕਰਦੇ ਸਨ ਅਤੇ

ਅਸਫ਼ਲਤਾ ਵਿੱਚ ਦੁੱਖ ਦਾ। ਉਥੇ ਹੀ ਉਸਦੇ ਉਸ ਨਿੱਕੇ ਜਿਹੇ ਕਮਰੇ ਵਿੱਚ ਸੋਰਮੋਵੋ ਦੇ ਮਜ਼ਦੂਰਾਂ ਅੰਦਰ ਦੁਨੀਆਂ ਦੇ ਮਜ਼ਦੂਰਾਂ ਨਾਲ਼ ਭਾਈਚਾਰੇ ਦੀ ਭਾਵਨਾ ਦਾ ਅਹਿਸਾਸ ਪੈਦਾ ਹੋਣਾ ਸ਼ੁਰੂ ਹੋਇਆ।

ਨਾਵਲ ਦੇ ਦੋ ਭਾਗ ਹਨ। ਪਹਿਲੇ ਭਾਗ ਵਿੱਚ ਪੇਲਾਗੇਆ ਨਿਲੋਵਨਾ ਅਤੇ ਉਸਦੇ ਸ਼ਰਾਬੀ ਅਤੇ ਝਗੜਾਲੂ ਪਤੀ ਮਿਖਾਈਲ ਵਲਾਸੋਵ ਦੀ ਪਰਿਵਾਰਕ ਜ਼ਿੰਦਗੀ ਦੀ ਇੱਕ ਸੰਖੇਪ ਤਸਵੀਰ ਖਿੱਚੀ ਗਈ ਹੈ ਜੋ ਹੋਰਨਾਂ ਲੱਖਾਂ ਮਜ਼ਦੂਰਾਂ ਦੀ ਜ਼ਿੰਦਗੀ ਦੀ ਤਰ੍ਹਾਂ ਹੈ ਜਿਨ੍ਹਾ ਲਈ ਦਿਨ ਦੀ ਸ਼ੁਰੂਆਤ ਕਾਰਖ਼ਾਨੇ ਦੀ ਸੀਟੀ ਦੀ ਕੰਨ ਪਾੜੂ ਚੀਕ ਨਾਲ਼ ਹੁੰਦੀ ਹੈ, ਦਿਨ ਮਸ਼ੀਨਾਂ ਦੇ ਰੌਲ਼ੇ ਅਤੇ ਕਾਲਖ ਵਿੱਚ ਗੁਜ਼ਰਦਾ ਹੈ ਅਤੇ ਅੰਤ ਹੁੰਦਾ ਹੈ ਸ਼ਰਾਬ ਅਤੇ ਪਰਿਵਾਰ ਵਿੱਚ ਗਾਲ਼ੀ-ਗਲੋਚ ਨਾਲ਼। ਅਕਾਰ ਦੇ ਨਜ਼ਰਈਏ ਤੋਂ ਮਿਖਾਈਲ ਵਲਾਸੋਵ ਨੂੰ ਨਾਵਲ ਵਿੱਚ ਭਾਵੇਂ ਬਹੁਤ ਥੋੜੀ ਜਿਹੀ ਥਾਂ ਹੀ ਮਿਲ਼ੀ ਹੈ ਪਰ ਉਸਦੀ ਸੰਪੂਰਣ ਜ਼ਿੰਦਗੀ ਆਮ ਮਜ਼ਦੂਰਾਂ ਦੀ ਜ਼ਿੰਦਗੀ ਦੀ ਅਤਿਅੰਤ ਤੀਖਣਤਾ ਨਾਲ਼ ਪ੍ਰਤੀਨਿਧਤਾ ਕਰਦੀ ਹੈ। ਉਸਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਪਾਵੇਲ ਨੇ ਵੀ ਉਸੇ ਢੰਗ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਅੰਦਰ ਇੱਕ ਬੇਚੈਨੀ ਸੀ, ਇੱਕ ਅਜਿਹੀ ਉਥਲ-ਪੁਥਲ ਸੀ ਜਿਸਨੇ ਜਲਦੀ ਹੀ ਉਸਦਾ ਰਸਤਾ ਬਦਲ ਦਿੱਤਾ। ਕਾਰਖਾਨੇ ਅਤੇ ਮਜ਼ਦੂਰ ਬਸਤੀ ਦੀ ਜੋ ਜ਼ਿੰਦਗੀ ਹੋਰਨਾਂ ਹਜ਼ਾਰਾਂ ਮਜ਼ਦੂਰਾਂ ਨੂੰ ਏਨੀ ਸੁਭਾਵਕ ਲੱਗਦੀ ਸੀ ਪਾਵੇਲ ਦਾ ਉਸ ਵਿੱਚ ਦਮ ਘੁੱਟਦਾ ਸੀ। ਪਾਵੇਲ ਦੇ ਬਿਲਕੁਲ ਹੀ ਅਲੱਗ ਕਿਸਮ ਦੇ ਸਾਥੀ, ਉਸਦੀ ਪੁਸਤਕਾਂ ਵਿੱਚ ਰੁਚੀ, ਸ਼ਰਾਬ ਅਤੇ ਅਸ਼ਲੀਲ ਭਾਸ਼ਾ ਵੱਲ ਉਸਦੀ ਨਫ਼ਰਤ, ਉਸਦਾ ਹਰ ਹਫ਼ਤੇ ਦੇ ਅੰਤ 'ਚ ਸ਼ਹਿਰ ਜਾਣਾ, ਛੁੱਟੀ ਦੇ ਸਮੇਂ ਘਰ ਦੇ ਕੰਮਾਂ ਵਿੱਚ ਮਾਂ ਦੀ ਮਦਦ ਕਰਨਾ, ਵਰਗੀਆਂ ਢੇਰ ਦੂਜੀਆਂ ਗੱਲਾਂ ਉਸਦੇ ਵਿਵਹਾਰ ਵਿੱਚ ਸਨ ਜੋ ਪੇਲਾਗੇਆ ਨਿਲੋਵਨਾ ਨੂੰ ਸੁੱਖ ਤਾਂ ਦਿੰਦੀਆਂ ਸਨ ਪਰ ਨਾਲ਼ ਹੀ ਇੱਕ ਅਣਜਾਣਿਆ ਜਿਹਾ ਡਰ ਵੀ ਉਸਦੇ ਦਿਲ ਵਿੱਚ ਪੈਦਾ ਕਰਦੀਆਂ ਸਨ। ਇਸ ਤਰ੍ਹਾਂ ਦਾ ਵਿਵਹਾਰ ਉਸ ਲਈ ਬਿਲਕੁਲ ਹੀ ਨਵਾਂ ਸੀ। ਉਸਦੀ ਸਾਰੀ ਜ਼ਿੰਦਗੀ ਆਪਣੇ ਪਤੀ ਦੀਆਂ ਗਾਲ਼ਾਂ ਸੁਣਦੇ, ਹੱਥੋਂ ਮਾਰ ਖਾਂਦੇ ਲੰਘਦੀ ਸੀ ਜਿੱਥੇ ਉਹ ਹਮੇਸ਼ਾਂ ਨਿੱਕੀ ਜਿਹੀ ਚੂਹੀ ਦੀ ਤਰ੍ਹਾਂ ਡਰੀ-ਡਰੀ ਰਹਿੰਦੀ ਸੀ। ਇਹ ਜ਼ਿੰਦਗੀ ਜਿਉਂਦੇ ਹੋਏ ਉਹ ਦੁਖ, ਅਣਦੇਖੀ ਅਤੇ ਅਪਮਾਨ ਸਹਿਣ ਦੀ ਆਦੀ ਹੋ ਗਈ ਸੀ, ਉਹ ਇਸਨੂੰ ਜ਼ਿੰਦਗੀ ਦਾ ਸੁਭਾਵਿਕ ਅਤੇ ਜ਼ਰੂਰੀ ਹਿੱਸਾ ਮੰਨ ਚੁੱਕੀ ਸੀ। ਉਸਦੇ ਆਸ-ਪਾਸ ਦੇ ਸਾਰੇ ਮਜ਼ਦੂਰ ਪਰਿਵਾਰਾਂ ਦੀ ਜ਼ਿੰਦਗੀ ਵੀ ਇਸ ਤੋਂ ਅਲੱਗ ਨਹੀਂ ਸੀ। ਇਸੇ ਲਈ, ਇਸ ਜ਼ਿੰਦਗੀ ਵਿੱਚ ਤਬਦੀਲੀ ਉਸਨੂੰ ਸੁਖ ਦਾ ਅਹਿਸਾਸ ਤਾਂ ਕਰਾਉਂਦੀ ਸੀ ਪਰ ਇਸ 'ਤੇ ਉਸਨੂੰ ਵਿਸ਼ਵਾਸ ਵੀ ਨਹੀਂ ਹੋ ਰਿਹਾ ਸੀ।

ਪਾਵੇਲ, ਆਂਦਰੇਈ ਨਿਖੋਦਕਾ, ਨਿਕੋਲਾਈ ਵੇਸੋਵਸ਼ਿਚਕੋਵ ਅਤੇ ਸ਼ਹਿਰ ਦੇ ਸਾਥੀ ਨਤਾਸ਼ਾ, ਸਾਸ਼ਾ ਜਿਹੇ ਲੋਕਾਂ ਦੁਆਰਾ ਸ਼ੁਰੂ ਕੀਤਾ ਗਿਆ ਅਧਿਐਨ-ਚੱਕਰ ਜ਼ੋਰ ਫ਼ੜਨ ਲੱਗਿਆ। ਮਾਂ ਲਈ ਇਹ ਸਾਰੇ ਲੋਕ ਇੱਕ ਅਜਨਬੀ ਦੁਨੀਆਂ ਤੋਂ ਆਏ ਹੋਏ ਲੱਗਦੇ ਸਨ ਉਤਸ਼ਾਹ, ਉਮੰਗ, ਜੋਸ਼ ਅਤੇ ਪਿਆਰ ਨਾਲ਼ ਡੁੱਲ-ਡੁੱਲ ਪੈਂਦੀ ਉਨ੍ਹਾਂ ਦੀ ਦੁਨੀਆਂ ਉਸਨੂੰ ਖੁਦ ਆਪਣੀ ਜ਼ਿੰਦਗੀ ਦੀ ਯਾਦ ਦਵਾਉਂਦੀ ਸੀ, ਉਸਨੂੰ ਆਪਣੀ ਜਵਾਨੀ ਦੀਆਂ ਉਹਨਾਂ ਪਾਰਟੀਆਂ ਦੀ ਯਾਦ ਆਉਂਦੀ ਸੀ ਜਿੱਥੇ ਸ਼ਰਾਬ ਨਾਲ਼ ਚੂਰ ਲੋਕ ਆਪਸ ਵਿੱਚ ਲੜਦੇ, ਇੱਕ ਦੂਸਰੇ 'ਤੇ ਅਸ਼ਲੀਲ ਗਾਲ਼ਾਂ ਦੀ ਬਾਰਸ਼ ਕਰਦੇ ਅਤੇ ਸ਼ਰਮ ਦੇ ਮਾਰੇ ਉਸਦਾ ਸਿਰ ਝੁਕ ਜਾਂਦਾ ਸੀ। ਪਾਵੇਲ ਅਤੇ ਉਸਦੇ ਸਾਥੀਆਂ ਦੇ ਵਿੱਚ ਹੋਣ ਵਾਲ਼ੀਆਂ ਬਹਿਸਾਂ-ਚਰਚਾਵਾਂ 'ਚੋਂ ਉਹ ਹੌਲ਼ੀ-ਹੌਲ਼ੀ ਸਮਝਣ ਲੱਗ ਪਈ ਕਿ ਜਿਸ ਦੁੱਖ, ਅਣਦੇਖੀ ਅਤੇ ਅਪਮਾਨ ਨੂੰ ਉਹ ਜ਼ਿੰਦਗੀ ਦਾ ਸਥਾਈ ਅਤੇ ਜ਼ਰੂਰੀ ਅੰਗ ਮੰਨ ਚੁੱਕੀ ਸੀ ਉਹ ਹਮੇਸ਼ਾਂ ਤੋਂ ਹੀ ਇਸ ਤਰ੍ਹਾਂ ਨਹੀਂ ਸੀ। ਇੱਕ ਸਮਾਂ ਸੀ ਜਦੋਂ ਲੋਕ ਬਰਾਬਰ ਹੁੰਦੇ ਸਨ, ਜਦੋਂ ਕੋਈ ਮਾਲਕ ਅਤੇ ਉਸ ਲਈ ਕੰਮ ਕਰਨ ਵਾਲ਼ਾ ਮਜ਼ਦੂਰ ਨਹੀਂ ਹੁੰਦਾ ਸੀ ਜਦੋਂ ਈਰਖ਼ਾ, ਵੈਰ ਅਤੇ ਝਗੜੇ ਦਾ ਸਾਮਰਾਜ ਨਹੀਂ ਸੀ, ਜਦ ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਨਹੀਂ ਸਨ। ਹੌਲ਼ੀ-ਹੌਲ਼ੀ ਉਹ ਇਹ ਵੀ ਸਮਝਣ ਲੱਗੀ ਕਿ ਜਦੋਂ ਤੋਂ ਇਹ ਗੈਰਬਰਾਬਰੀ ਪੈਦਾ ਹੋਈ ਹੈ ਉਦੋਂ ਤੋਂ ਹੀ ਉਸਦੇ ਵਿਰੁੱਧ ਸੰਘਰਸ਼ ਦੀ ਵੀ ਸ਼ੁਰੂਆਤ ਹੋ ਗਈ ਅਤੇ ਉਸਤੋਂ ਬਾਅਦ ਇਹ ਸੰਘਰਸ਼ ਹਰ ਯੁਗ ਅਤੇ ਹਰ ਦੇਸ਼ ਵਿੱਚ ਹਰ ਸਮੇਂ ਚਲਦਾ ਰਿਹਾ ਹੈ।

ਜਲਦੀ ਹੀ ਪਾਵੇਲ ਅਤੇ ਉਸਦੇ ਸਾਥੀਆਂ ਵੱਲੋਂ ਮਜ਼ਦੂਰਾਂ ਲਈ ਪਰਚੇ ਛਪਣੇ ਸ਼ੁਰੂ ਹੋ ਗਏ। ਸਿੱਧੀ ਸਾਦੀ ਭਾਸ਼ਾ ਵਿੱਚ ਲਿਖੇ ਇਹਨਾਂ ਪਰਚਿਆਂ ਵਿੱਚ ਮਜ਼ਦੂਰਾਂ ਨੂੰ ਦੱਸਿਆ ਜਾਂਦਾ ਕਿ ਉਹਨਾਂ ਦੀ ਲਗਾਤਾਰ ਨਿੱਘਰਦੀ ਹੋਈ ਹਾਲਤ ਦੇ ਕੀ ਕਾਰਨ ਹਨ, ਮਾਲਕ ਕਿਸ ਤਰ੍ਹਾਂ ਧੋਖੇਬਾਜੀ ਨਾਲ਼ ਉਹਨਾਂ ਨੂੰ ਲੁੱਟਦੇ ਹਨ, ਇਸ ਲੁੱਟ ਵਿਰੁੱਧ ਕਿਸ ਤਰ੍ਹਾਂ ਰੂਸ ਦੇ ਦੂਜੇ ਹਿੱਸਿਆਂ ਵਿੱਚ ਅਤੇ ਸੰਸਾਰ ਦੇ ਦੂਜੇ ਦੇਸ਼ਾਂ ਦੇ ਮਜ਼ਦੂਰਾਂ ਨੇ ਲੜਾਈ ਵਿੱਢ ਰੱਖੀ ਹੈ। ਪਰਚਿਆਂ ਵਿੱਚ ਛਪੀ ਸੱਚਾਈ ਤੋਂ ਮਜ਼ਦੂਰ ਪ੍ਰਭਾਵਿਤ ਹੁੰਦੇ ਪਰ ਆਪਣੇ ਆਪ ਨੂੰ ਲਾਚਾਰ ਤੇ ਗੈਰ ਜਥੇਬੰਦ ਪਾਉਂਦੇ। ਇਸ ਸਭ ਦੇ ਬਾਵਜੂਦ ਮਜ਼ਦੂਰ ਬਸਤੀ ਦੇ ਜ਼ਿਆਦਾਤਰ ਮਜ਼ਦੂਰ ਪਾਵੇਲ ਅਤੇ ਉਸਦੇ ਸਾਥੀਆਂ ਦੀ ਇਮਾਨਦਾਰੀ, ਸੰਘਰਸ਼ਸ਼ੀਲਤਾ ਨੂੰ ਦਿਲ ਹੀ ਦਿਲ ਵਿੱਚ ਚਾਹੁਣ ਲੱਗੇ ਅਤੇ ਇੱਕ ਕੋਪੇਕ ਦੀ ਘਟਨਾ ਤੋਂ ਬਾਅਦ ਤਾਂ ਉਹਨਾਂ ਦੀ ਸਿੱਕਾ ਹੀ ਜਮ ਗਿਆ।

ਕਾਰਖਾਨੇ ਕੋਲ਼ ਜ਼ਮੀਨ ਦਲਦਲੀ ਸੀ। ਨਵਾਂ ਡਾਇਰੈਕਟਰ ਦਲਦਲ ਨੂੰ ਸੁਕਾ ਕੇ ਜ਼ਮੀਨ ਨੂੰ ਇਸਤੇਮਾਲ ਲਾਇਕ ਬਣਾਉਣਾ ਚਾਹੁੰਦਾ ਸੀ। ਇਸਦੇ ਲਈ ਉਸਨੇ ਹਰੇਕ ਮਜ਼ਦੂਰ ਦੀ ਤਨਖ਼ਾਹ ਵਿੱਚੋਂ ਇੱਕ ਕੋਪੇਕ (ਰੂਸੀ ਪੈਸਾ) ਦੀ ਕਟੌਤੀ ਕਰਨ ਦਾ ਹੁਕਮ ਜਾਰੀ ਕੀਤਾ। ਆਪਮੁਹਾਰੇ ਹੀ ਮਜ਼ਦੂਰਾਂ ਵੱਲੋਂ ਇਸ ਉਪਰ ਤਿੱਖੀ ਪ੍ਰਤੀਕ੍ਰਿਆ ਹੋਈ। ਕੰਮ ਬੰਦ ਕਰਕੇ ਜਲਸੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਾਰਖ਼ਾਨੇ ਦੇ ਬਜ਼ੁਰਗ ਮਜ਼ਦੂਰਾਂ ਦੀ ਬੇਨਤੀ ਉਤੇ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਵੀ ਪਾਵੇਲ ਨੇ ਵੀ ਭਾਗ ਲਿਆ। ਭਾਵੇਂ ਉਸਦਾ ਪ੍ਰਸਤਾਵ, ਕਿ ਇਸ ਕਟੌਤੀ ਦੇ ਵਿਰੋਧ ਵਿੱਚ ਕੰਮ ਬੰਦ ਕਰ ਦਿੱਤਾ ਜਾਵੇ, ਮਜ਼ਦੂਰਾਂ ਦੇ ਬਹੁਮਤ ਨੂੰ ਮਨਜ਼ੂਰ ਨਹੀਂ ਸੀ ਪਰ ਪ੍ਰਬੰਧਕਾਂ ਦੁਆਰਾ ਘਬਰਾਕੇ

ਕਟੌਤੀ ਵਾਪਸ ਲਏ ਜਾਣ ਕਾਰਨ ਪਾਵੇਲ ਅਤੇ ਉਸਦੇ ਸਾਥੀਆਂ ਦੀ ਲੋਕਪ੍ਰਿਅਤਾ ਵਧੀ। ਪਰ ਜਦੋਂ ਇਸ ਘਟਨਾ ਤੋਂ ਤੁਰੰਤ ਬਾਅਦ ਪੁਲਸ ਨੇ ਪਾਵੇਲ ਅਤੇ ਹੋਰ ਕਈ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਇੱਕ ਵਾਰ ਫੇਰ ਨਿਰਾਸ਼ਾ ਬੇਹਿੰਮਤੀ ਦਾ ਆਲਮ ਛਾਉਣ ਲੱਗਾ।

ਅਜਿਹੇ ਸਮੇਂ ਵਿੱਚ ਮਾਂ, ਜੋ ਹੁਣ ਤੱਕ ਆਪਣੇ ਪੁੱਤਰ ਅਤੇ ਸਾਥੀਆਂ ਦੇ ਉਦੇਸ਼ਾਂ ਨੂੰ ਕਾਫ਼ੀ ਹੱਦ ਤੱਕ ਸਮਝ ਚੁੱਕੀ ਸੀ, ਨੇ ਆਪਣੇ ਪੁੱਤਰ ਦੇ ਕੰਮਾਂ ਵਿਚ ਹਿੱਸਾ ਲੈਣ ਦਾ ਨਿਰਣਾ ਕੀਤਾ। ਪੇਲਾਗੇਆ ਨਿਲੋਵਨਾ ਦਾ ਦਿਆਲੂ ਅਤੇ ਇਨਸਾਫ਼ਪਸੰਦ ਦਿਲ, ਉਸਦੀ ਨੇਕੀ ਅਤੇ ਜ਼ਿੰਦਗੀ ਬਾਰੇ ਉਸਦੀ ਦ੍ਰਿਸ਼ਟੀ, ਪਾਵੇਲ ਦੀ ਗ੍ਰਿਫ਼ਤਾਰੀ ਕਾਰਨ ਉਸਦੇ ਦੁਖ ਦੇ ਬਾਵਜੂਦ, ਉਸਨੂੰ ਆਪਣੇ ਪੁੱਤਰ ਦਾ ਰਸਤਾ ਚੁਨਣ ਲਈ ਮਜਬੂਰ ਕਰ ਦਿੰਦੀ ਹੈ। ਗੁਪਤ ਤੌਰ 'ਤੇ ਪਰਚਿਆਂ ਦਾ ਵੰਡਿਆ ਜਾਣਾ ਜਾਰੀ ਰਹਿੰਦਾ ਹੈ।

ਪਾਵੇਲ ਅਤੇ ਉਸਦੇ ਸਾਥੀਆਂ ਦੀ ਜੇਲ੍ਹ ਦੀ ਰਿਹਾਈ ਤੋਂ ਬਾਅਦ ਜ਼ੋਰ-ਸ਼ੋਰ ਨਾਲ਼ ਮਈ-ਦਿਨ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਉਹ ਲੋਕ ਮਹਿਸੂਸ ਕਰਨ ਲੱਗਦੇ ਹਨ ਕਿ ਹੁਣ ਉਹਨਾਂ ਨੂੰ ਖੁੱਲ੍ਹੇ ਤੌਰ 'ਤੇ ਸਭ ਦੇ ਸਾਹਮਣੇ ਆਪਣੇ ਉਦੇਸ਼ਾਂ ਨੂੰ ਸਪੱਸ਼ਟ ਰੂਪ ਵਿੱਚ ਰੱਖਣਾ ਚਾਹੀਦਾ ਹੈ। ਮਜ਼ਦੂਰਾਂ ਦੀ ਤਿਆਰੀ ਦੇ ਨਾਲ਼ ਹੀ ਪ੍ਰਸ਼ਾਸਨ ਦੀਆਂ ਤਿਆਰੀਆਂ ਵੀ ਜ਼ੋਰ ਫੜਦੀਆਂ ਹਨ। ਜਦੋਂ ਪਹਿਲੀ ਮਈ ਨੂੰ ਮੁਜ਼ਾਹਰੇ ਦੌਰਾਨ ਮਜ਼ਦੂਰਾਂ ਨੂੰ ਪਤਾ ਲੱਗਦਾ ਹੈ ਕਿ ਪੁਲੀਸ ਦੇ ਨਾਲ਼ ਖੁਦ ਗਵਰਨਰ ਵੀ ਮੌਕੇ 'ਤੇ ਪਹੁੰਚਿਆ ਹੈ ਤਾਂ ਉਹ ਵੀ ਜੋ ਮੁਜ਼ਾਹਰੇ ਵਿੱਚ ਸ਼ਾਮਿਲ ਨਹੀਂ ਸਨ ਇਹਨਾਂ ਬਹਾਦਰ ਨੌਜਵਾਨਾਂ ਵੱਲ ਖਿੱਚੇ ਗਏ। ਮਈ ਦਿਨ ਦਾ ਮੁਜਾਹਰਾ ਅਤੇ ਇਸ ਤੋਂ ਬਾਅਦ ਹੋਈਆਂ ਗ੍ਰਿਫ਼ਤਾਰੀਆਂ ਦੇ ਨਾਲ਼ ਹੀ ਨਾਵਲ ਦਾ ਪਹਿਲਾ ਭਾਗ ਸਮਾਪਤ ਹੁੰਦਾ ਹੈ।

ਪਹਿਲੇ ਭਾਗ ਦੇ ਆਰੰਭ ਵਿੱਚ ਆਪਣੇ ਵਰਗੀਆਂ ਹੀ ਹਜ਼ਾਰਾਂ ਕਿਰਤੀ ਔਰਤਾਂ ਦੀ ਤਰ੍ਹਾਂ ਪੇਲਾਗੇਆ ਨਿਲੋਵਨਾ ਪੂਰੀ ਜ਼ਿੰਦਗੀ ਮਿਹਨਤ ਕਰਦੇ ਹੋਏ ਆਪਣੇ ਸ਼ਰਾਬੀ ਪਤੀ ਦੇ ਲੜਾਈ ਝਗੜਿਆਂ ਅਤੇ ਮਾਰ-ਕੁੱਟ ਤੋਂ ਬੇਹੱਦ ਦੁਖੀ, ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਤੋਂ ਵਾਂਝੀ ਹੈ। ਪਰ ਜਦੋਂ ਉਸਦਾ ਪੁੱਤਰ ਪਾਵੇਲ ਕਾਰਖਾਨਾ ਬਸਤੀ ਦੇ ਲੋਕਾਂ ਦੀ ਜ਼ਿੰਦਗੀ ਦੇ ਜਿਉਣ ਢੰਗ ਨੂੰ ਛੱਡ ਕੇ ਇਨਕਲਾਬੀ ਬਣ ਜਾਂਦਾ ਹੈ ਤਾਂ ਇਸ ਨਵੀਂ ਚੀਜ਼ ਨੂੰ ਬੱਚਿਆਂ ਵਰਗੀ ਉਤਸੁਕਤਾ ਨਾਲ਼ ਸਮਝਣ ਦੀ ਕੋਸ਼ਿਸ਼ ਕਰਦੀ ਹੋਈ ਮਾਂ ਪੇਲਾਗੇਆ ਨਿਲੋਵਨਾ ਆਪ ਵੀ ਉਹੀ ਰਸਤਾ ਚੁਣ ਲੈਂਦੀ ਹੈ। ਆਂਦਰੇਈ ਵਰਗੇ ਮਜ਼ਦੂਰ ਸਾਥੀਆਂ ਅਤੇ ਕਿਸਾਨ ਰੀਬਿਨ ਵਰਗੇ ਕਿਰਦਾਰਾਂ ਦੇ ਰੂਪ ਵਿੱਚ ਨਵੀਂ ਦੁਨੀਆਂ ਦੇ ਲੋਕ ਸਾਹਮਣੇ ਆਉਂਦੇ ਹਨ ਅਤੇ ਸਾਹਮਣੇ ਆਉਂਦੀ ਹੈ ਸੰਘਰਸ਼ ਦੀ ਪਵਿੱਤਰ ਅੱਗ ਵਿੱਚ ਤਪ ਕੇ ਆਮ ਲੋਕਾਂ ਦੀ ਅੰਦਰੂਨੀ ਕਾਇਆਪਲਟ ਦੀ ਕਹਾਣੀ। ਪਾਵੇਲ ਅਤੇ ਉਸਦੇ ਸਾਥੀ ਜਿਸ ਨਵੀਂ ਦੁਨੀਆਂ ਲਈ ਸੰਘਰਸ਼ ਕਰ ਰਹੇ ਹਨ ਆਂਦਰੇਈ ਉਸਦਾ ਇੱਕ ਬਹੁਤ ਹੀ ਜੀਵੰਤ ਤਸਵੀਰ ਖਿੱਚਦਾ ਹੈ "**ਮੈ ਜਾਣਦਾ ਹਾਂ ਕਿ ਇਕ ਸਮਾਂ ਅਜਿਹਾ ਜ਼ਰੂਰ ਹੀ ਆਵੇਗਾ ਜਦੋਂ ਲੋਕ ਖ਼ੁਦ ਆਪਣੀ ਸੁੰਦਰਤਾ ਉਤੇ ਹੈਰਾਨ ਹੋਣਗੇ, ਜਦੋਂ ਉਹਨਾਂ ਵਿੱਚੋਂ ਹਰੇਕ ਦੂਸਰੇ ਲਈ ਇੱਕ ਤਾਰੇ ਵਾਂਗ ਰੋਸ਼ਨ ਹੋਵੇਗਾ। ਧਰਤੀ ਉਤੇ ਅਜ਼ਾਦ ਇਨਸਾਨ ਦਾ ਵਾਸ ਹੋਵੇਗਾ। ਸਾਰਿਆਂ ਦੇ ਦਿਲ ਵਿਸ਼ਾਲ ਹੋਣਗੇ, ਈਰਖਾ ਅਤੇ ਵਾਰ-ਭਾਵ ਨਹੀਂ ਹੋਵੇਗਾ ਅਤੇ ਉਦੋਂ ਕੁਦਰਤ ਇਨਸਾਨ ਦੀ ਸੇਵਾ ਕਰੇਗੀ ਅਤੇ ਉਚ ਮਨੁੱਖੀ ਕਦਰਾਂ ਕੀਮਤਾਂ ਦਾ ਸਾਮਰਾਜ ਕਾਇਮ ਹੋਵੇਗਾ ਕਿਉਂਕਿ ਅਜ਼ਾਦ ਇਨਸਾਨਾਂ ਲਈ ਕੁਝ ਵੀ ਅਸੰਭਵ ਨਹੀਂ ਹੈ ਅਤੇ ਉਦੋਂ ਲੋਕ ਸੱਚਾਈ ਅਤੇ ਅਜ਼ਾਦੀ ਨਾਲ਼ ਜਿਉਂਣਗੇ, ਜ਼ਿੰਦਗੀ ਦੀ ਸੁੰਦਰਤਾ ਲਈ ਜਿਉਂਣਗੇ ਅਤੇ ਸਭ ਤੋਂ ਸੁੰਦਰ, ਸਭ ਤੋਂ ਚੰਗੇ ਲੋਕ ਹੋਣਗੇ ਜੋ ਸਾਰੀ ਦੁਨੀਆਂ ਨੂੰ ਪਿਆਰ ਕਰਦੇ ਹੋਣ। ਨਵੀਂ ਜ਼ਿੰਦਗੀ ਦੇ ਉਹ ਲੋਕ ਮਹਾਨ ਹੋਣਗੇ ਅਤੇ ਅਜਿਹੀ ਜ਼ਿੰਦਗੀ ਲਈ ਮੈਂ ਕੁਝ ਵੀ ਕਰ ਸਕਦਾ ਹਾਂ।**"

ਉਹਨਾਂ ਲੋਕਾਂ ਲਈ ਜੋ ਹਿੰਸਾ-ਅਹਿੰਸਾ ਦੇ ਸਵਾਲ ਨੂੰ ਲੈ ਕੇ ਇੱਕ ਕਦੇ ਨਾ ਮੁੱਕਣ ਵਾਲ਼ੀ ਬਹਿਸ ਵਿੱਚ ਉਲਝੇ ਰਹਿੰਦੇ ਹਨ, ਜੋ ਜਾਬਰ ਸੱਤਾ ਦੁਆਰਾ ਸੈਂਕੜੇ ਤਰੀਕਿਆਂ ਨਾਲ਼ ਰੋਜ਼ਾਨਾ ਅਤੇ ਹਰ ਪਲ ਹੋਣ ਵਾਲ਼ੀ ਹਿੰਸਾ ਤੋਂ ਅੱਖਾਂ ਬੰਦ ਕਰੀ ਰੱਖਦੇ ਹਨ ਪਰ ਵਿਰੋਧ ਵਿੱਚ ਉਠੇ ਕਿਸੇ ਵੀ ਕਦਮ ਨੂੰ ਹਿੰਸਕ ਕਰਾਰ ਦਿੰਦੇ ਹਨ- ਉਹਨਾਂ ਲਈ ਇੱਕ ਬੇਹੱਦ ਸ਼ਾਨਦਾਰ ਉਤਰ ਆਂਦਰੇਈ ਦੇ ਸ਼ਬਦਾਂ ਵਿੱਚ, "**ਅੱਜ ਅਸੀਂ ਕੁਝ ਲੋਕਾਂ ਨਾਲ਼ ਨਫ਼ਰਤ ਕਰਨ ਲਈ ਮਜਬੂਰ ਹਾਂ, ਤਾਂ ਕਿ ਇੱਕ ਅਜਿਹਾ ਸਮਾਂ ਆਵੇ ਜਦੋਂ ਅਸੀਂ ਸਭ ਨੂੰ ਪਿਆਰ ਕਰ ਸਕੀਏ। ਜੋ ਕੋਈ ਵੀ ਤਰੱਕੀ ਦੇ ਰਸਤੇ ਵਿੱਚ ਰੋੜਾ ਹੈ, ਜੋ ਕੋਈ ਵੀ ਖ਼ੁਦ ਆਪਣੇ ਲਈ ਇੱਜਤ ਅਤੇ ਸੁਰੱਖਿਆ ਦੇ ਲਾਲਚ ਵਿੱਚ ਲੋਕਾਂ ਨੂੰ ਵੇਚਦਾ ਹੈ, ਸਾਡਾ ਦੁਸ਼ਮਣ ਹੈ। ਜੇ ਕੋਈ ਜੁਡਸ ਇਮਾਨਦਾਰ ਲੋਕਾਂ ਦੇ ਰਾਹ ਵਿੱਚ ਰਕਾਵਟ ਪੈਦਾ ਕਰਦਾ ਹੈ ਤਾਂ ਮੈਂ ਖ਼ੁਦ ਜੁਡਸ ਕਹਾਵਾਂਗਾ ਜੇ ਮੈਂ ਉਸਦਾ ਖਾਤਮਾ ਨਹੀਂ ਕਰਦਾ ਤਾਂ। ਤੁਸੀਂ ਕਹਿੰਦੇ ਹੋ ਮੈਨੂੰ ਕੋਈ ਅਧਿਕਾਰ ਨਹੀਂ ਹੈ ? ਪਰ ਉਹ ਸਾਡੇ ਮਾਲਕ-ਕੀ ਉਹਨਾਂ ਨੂੰ ਫ਼ੌਜਾਂ, ਜੱਲਾਦ, ਵੇਸਵਾਘਰ ਅਤੇ ਜੇਲ੍ਹਖਾਨੇ, ਜਲਾਵਤਨੀ ਦੀਆਂ ਥਾਂਵਾਂ ਅਤੇ ਉਹ ਸਭ ਸਰਾਪੇ ਸਾਧਨ ਰੱਖਣ ਦਾ ਅਧਿਕਾਰ ਹੈ ਜਿਨ੍ਹਾਂ ਜ਼ਰਿਏ ਉਹ ਆਪਣੀਆਂ ਸੁਵਿਧਾਵਾਂ ਦੀ ਰੱਖਿਆ ਕਰਦੇ ਹਨ ? ਜੇਕਰ ਮੈਨੂੰ ਹਥਿਆਰ ਚੁੱਕਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਕੀ ਇਹ ਮੇਰਾ ਕਸੂਰ ਹੈ ? ਮੈਂ ਇਸ ਨੂੰ ਬਿਨਾਂ ਕਿਸੇ ਉਲਝਣ ਤੋਂ ਚੁੱਕਾਂਗਾਂ। ਜੇ ਉਹ ਸਾਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਮੌਤ ਦੇ ਘਾਟ ਉਤਾਰ ਦਿੰਦੇ ਹਨ ਤਾਂ ਇਹ ਮੇਰਾ ਵੀ ਅਧਿਕਾਰ ਹੈ ਕਿ ਮੈਂ ਆਪਣੀ ਬਾਂਹ ਉਪਰ ਕਰਾਂ ਅਤੇ ਉਸਦੇ ਸਿਰ ਵਿੱਚ ਸੱਟ ਮਾਰਾਂ ਜੋ ਦੂਜਿਆਂ ਦੀ ਤੁਲਨਾ ਵਿੱਚ ਮੇਰੇ ਜ਼ਿਆਦਾ ਨੇੜੇ ਆ ਗਿਆ ਏ ਅਤੇ ਜੋ ਦੂਜਿਆਂ ਦੀ ਤੁਲਨਾ ਵਿੱਚ ਮੇਰੇ ਉਦੇਸ਼ ਨੂੰ ਵੱਧ ਹਾਨੀ ਪੁਹੰਚਾ ਸਕਦਾ ਹੈ। ਜ਼ਿੰਦਗੀ ਇਹੋ ਜਿਹੀ ਹੀ ਹੈ। ਪਰ ਮੈਂ ਅਜਿਹੀ ਜ਼ਿੰਦਗੀ ਦੇ ਵਿਰੁੱਧ ਹਾਂ, ਮੈਂ ਨਹੀਂ ਚਾਹੁੰਦਾ ਕਿ ਇਹ ਅਜਿਹੀ ਹੋਵੇ। ਮੈਂ ਜਾਣਦਾ ਹਾਂ ਕਿ ਉਹਨਾਂ ਦੇ ਲਹੂ ਵਿੱਚੋਂ ਕੁਝ ਵੀ ਪੈਦਾ ਨਹੀਂ ਹੁੰਦਾ, ਉਹ ਬਾਂਝ ਹੈ। ਜਦੋਂ ਸਾਡਾ ਲਹੂ ਮੀਂਹ ਦੀ ਤਰ੍ਹਾਂ ਇਸ ਧਰਤੀ ਉਤੇ ਡੁੱਲ੍ਹਦਾ ਹੈ ਤਾਂ ਸੱਚਾਈ ਜਨਮ ਲੈਂਦੀ ਹੈ। ਪਰ ਉਹਨਾਂ ਦਾ ਲਹੂ ਤਾਂ ਬਸ ਸੁੱਕ ਜਾਂਦਾ ਹੈ।**"

ਅਤੇ ਪਾਵੇਲ ਦੇ ਸ਼ਬਦਾਂ ਵਿੱਚ, "ਇਹ ਅਪਰਾਧ ਹੈ ਮਾਂ। ਲੱਖਾਂ ਲੋਕਾਂ ਦੀ ਹੱਤਿਆ। ਇਨਸਾਨੀ ਰੂਹਾਂ ਦੀ ਹੱਤਿਆ। ਕੀ ਤੂੰ ਇਸ ਨੂੰ ਸਮਝਦੀ ਏਂ? ਰੂਹ ਦੇ ਹਤਿਆਰੇ। ਕੀ ਤੂੰ ਸਾਡੇ ਅਤੇ ਉਹਨਾਂ ਵਿਚਕਾਰ ਫ਼ਰਕ ਨੂੰ ਸਮਝਦੀ ਏਂ? ਜਦੋਂ ਅਸੀਂ ਕਿਸੇ ਨੂੰ ਮਾਰਦੇ ਹਾਂ ਤਾਂ ਇਹ ਸਾਡੇ ਲਈ ਨਫ਼ਰਤ ਭਰਿਆ, ਸ਼ਰਮਨਾਕ ਅਤੇ ਦੁਖਦਾਈ ਹੁੰਦਾ ਹੈ। ਪਰ ਉਹ ਹਜ਼ਾਰਾਂ ਲੋਕਾਂ ਨੂੰ ਬੇਦਰਦੀ ਨਾਲ਼ ਠੰਡੇਪਣ ਨਾਲ਼ ਮਾਰ ਦਿੰਦੇ ਹਨ ਅਤੇ ਇਸਤੋਂ ਉਹਨਾਂ ਨੂੰ ਕੋਈ ਬੇਚੈਨੀ ਨਹੀਂ ਹੁੰਦੀ ਸਗੋਂ ਸੰਤੁਸ਼ਟੀ ਮਿਲਦੀ ਹੈ ਅਤੇ ਉਹ ਇੱਕੋ ਇੱਕ ਕਾਰਣ, ਜਿਸ ਲਈ ਉਹ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਹਨ, ਉਸ ਸੋਨੇ ਅਤੇ ਚਾਂਦੀ ਦੀ ਸੁਰੱਖਿਆ ਹੈ। ਜਿਸਦੀ ਬਦੌਲਤ ਉਹ ਸਾਨੂੰ ਆਪਣੇ ਗੁਲਾਮ ਬਣਾਈ ਰੱਖਦੇ ਹਨ। ਜਰ੍ਹਾ ਸੋਚੋ ਤਾਂ— ਜਦੋਂ ਉਹ ਹੱਤਿਆ ਕਰਦੇ ਹਨ ਅਤੇ ਆਪਣੀ ਆਤਮਾ ਨੂੰ ਗੰਦਾ ਕਰਦੇ ਹਨ ਤਾਂ ਉਹ ਆਪਣੀ ਜ਼ਿੰਦਗੀ ਦੀ ਸੁਰੱਖਿਆ ਨਹੀਂ ਕਰ ਰਹੇ ਹੁੰਦੇ ਸਗੋਂ ਜਾਇਦਾਦ ਦੀ। ਅਜਿਹੀਆਂ ਚੀਜ਼ਾਂ ਜੋ ਇਨਸਾਨ ਤੋਂ ਬਾਹਰ ਹਨ, ਉਹ ਨਹੀਂ ਜੋ ਉਸਦੇ ਅੰਦਰ ਹਨ।"

ਦੂਜੇ ਭਾਗ ਵਿੱਚ ਪੂਰੀ ਤਰਾਂ ਮਾਂ ਦਾ ਕਿਰਦਾਰ ਨਜ਼ਰ ਆਉਂਦਾ ਹੈ। ਪਾਵੇਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹ ਕਾਰਖ਼ਾਨਾ ਬਸਤੀ ਦੇ ਮਕਾਨ ਨੂੰ ਛੱਡਕੇ ਪਾਵੇਲ ਦੇ ਹੀ ਸਾਥੀ ਨਿਕੋਲਾਈ ਇਵਾਨੋਵਿਚ ਦੇ ਕੋਲ ਰਹਿਣ ਲੱਗਦੀ ਹੈ ਅਤੇ ਪੂਰੀ ਤਰ੍ਹਾਂ ਨਾਲ਼ ਨਵੀਂ ਦੁਨੀਆਂ, ਇੱਕ ਬੇਹਤਰ ਦੁਨੀਆਂ ਲਈ ਸੰਘਰਸ਼ ਵਿੱਚ ਆਪਣੀ ਭੂਮਿਕਾ ਨਿਭਾਉਣ ਲੱਗਦੀ ਹੈ। ਉਹ ਪਿੰਡ ਦੇ ਕਿਸਾਨਾਂ ਲਈ ਛਪੇ ਅਖ਼ਬਾਰ ਅਤੇ ਪਰਚਿਆਂ ਨੂੰ ਦੂਰ-ਦੁਰਾਡੇ ਦੀਆਂ ਥਾਂਵਾਂ ਤੱਕ ਪਹੁੰਚਾਉਂਦੀ ਹੈ, ਜੇਲ੍ਹ ਤੋਂ ਭੱਜੇ ਸਾਥੀਆਂ ਲਈ ਲੁਕਣ ਦਾ ਪ੍ਰਬੰਧ ਕਰਦੀ ਹੈ, ਜਖ਼ਮੀ ਸਾਥੀਆਂ ਲਈ ਦੇਖਭਾਲ ਅਤੇ ਸੇਵਾ ਸੰਭਾਲ ਦਾ ਕੰਮ ਕਰਦੀ ਹੈ। ਇਹ ਸਭ ਕਰਦੇ ਹੋਏ ਉਹ ਸਿਰਫ਼ ਪਾਵੇਲ ਹੀ ਨਹੀਂ ਉਹਨਾਂ ਸਭ ਦੀ ਮਾਂ ਦੀ ਥਾਂ ਲੈ ਲੈਂਦੀ ਹੈ ਜੋ ਇੱਕ ਨਿਆਂਪੂਰਣ ਯੁੱਧ ਦੇ ਸਿਪਾਹੀ ਹਨ।

ਇਸ ਦੂਜੇ ਭਾਗ ਵਿੱਚ ਮੁੱਖ ਤੌਰ 'ਤੇ ਸ਼ਹਿਰੀ ਪਿਛੋਕੜ ਦੇ ਮੱਧਵਰਗੀ ਬੁੱਧੀਜੀਵੀਆਂ ਦਾ ਵਰਣਨ ਹੈ ਜੋ ਇਨਕਲਾਬ ਲਈ ਆਪਣੀ ਸਹਿਯੋਗੀ ਭੂਮੀਕਾ ਨਿਭਾ ਰਹੇ ਸਨ। ਗੋਰਕੀ ਦੀ ਤਿੱਖੀ ਨਜ਼ਰ ਇਹਨਾਂ ਮੱਧਵਰਗੀ ਬੁੱਧੀਜੀਵੀਆਂ ਦੀਆਂ ਕਮੀਆਂ ਵੀ ਫੜਦੀ ਹੈ। ਨਿਕੋਲਾਈ ਇਵਾਨੋਵਿਚ ਦੀ ਭੈਣ ਸੋਫ਼ੀਆ ਬਾਰੇ ਗੋਰਕੀ ਕਹਿੰਦੇ ਹਨ, "ਸੋਫ਼ੀਆ ਉਸ ਕਿਸ਼ੋਰੀ ਦੀ ਤਰ੍ਹਾਂ ਸੀ ਜੋ ਚਾਹੁੰਦੀ ਸੀ ਕਿ ਦੂਜੇ ਉਸ ਨਾਲ਼ ਸਿਆਣਿਆਂ ਵਰਗਾ ਵਿਵਹਾਰ ਕਰਨ। ਉਹ ਕਿਰਤ ਦੀ ਪਵਿੱਤਰਤਾ ਬਾਰੇ ਗੱਲਾਂ ਕਰਦੀ ਸੀ ਪਰ ਆਪਣੇ ਅਰਾਜਕ ਜਿਉਂਣ ਢੰਗ ਨਾਲ਼ ਹਮੇਸ਼ਾਂ ਮਾਂ ਦਾ ਕੰਮ ਵਧਾਉਂਦੀ ਰਹਿੰਦੀ ਸੀ : ਉਹ ਅਜ਼ਾਦੀ ਬਾਰੇ ਬਹੁਤ ਵੱਡੀਆਂ-ਵੱਡੀਆਂ, ਉਚੀਆਂ-ਉਚੀਆਂ ਗੱਲਾਂ ਕਰਦੀ ਸੀ ਪਰ ਆਪਣੀ ਅਸਹਿਣਸ਼ੀਲਤਾ ਅਤੇ ਅੰਤਹੀਣ ਤਰਕਾਂ ਨਾਲ਼ ਹਮੇਸ਼ਾਂ ਦੂਜਿਆਂ ਨੂੰ ਦਬਾਉਂਦੀ ਰਹਿੰਦੀ ਸੀ।" ਨਿਕੋਲਾਈ ਇਵਾਨੋਵਿਚ ਬਾਰੇ ਉਹ ਮਾਂ ਜ਼ਰੀਏ ਕਹਿੰਦੇ ਹਨ, "ਖੋਖੋਲ ਦੀ ਤਰ੍ਹਾਂ ਉਹ ਲੋਕਾਂ ਬਾਰੇ ਬਿਨਾਂ ਕਿਸੇ ਈਰਖਾ ਦੇ ਗੱਲ ਕਰਦਾ ਸੀ, ਸੰਸਾਰ ਦੀਆਂ ਬੁਰਾਈਆਂ ਲਈ ਉਹ ਸਭ ਨੂੰ ਦੋਸ਼ ਦਿੰਦਾ ਸੀ ਪਰ ਨਵੀਂ ਜ਼ਿੰਦਗੀ ਵਿੱਚ ਉਸਦਾ ਵਿਸ਼ਵਾਸ ਆਂਦਰੇਈ ਵਾਂਗ ਪੱਕਾ ਨਹੀਂ ਸੀ ਅਤੇ ਨਾ ਹੀ ਉਸ ਜਿੰਨਾਂ ਸਪੱਸ਼ਟ। ਪਰ ਇਸ ਸਭ ਦੇ ਬਾਵਜੂਦ ਇਨਕਲਾਬ ਦੇ ਰਾਹ ਆਏ ਮੱਧਵਰਗੀ ਪਿੱਠਭੂਮੀ ਦੇ ਬੁੱਧੀਜੀਵੀਆਂ ਦੀ ਭੂਮਿਕਾ ਲਈ ਗੋਰਕੀ ਪੂਰਾ ਇਨਸਾਫ਼ ਕਰਦੇ ਹਨ।

ਦੂਜੇ ਭਾਗ ਦੀ ਕਹਾਣੀ ਦੀਆਂ ਕੁੱਝ ਮੁੱਖ ਘਟਨਾਵਾਂ ਹਨ- ਮਾਂ ਅਤੇ ਸੋਫ਼ੀਆ ਦੁਆਰਾ ਕਿਸਾਨਾਂ ਲਈ ਛਪੇ ਅਖ਼ਬਾਰ ਅਤੇ ਪਰਚੇ ਗੀਬਿਨ ਤੱਕ ਪਹੁੰਚਾਉਣੇ, ਯੇਗੋਰ ਇਵਾਨੋਵਿਚ ਨਾਮਕ ਇੱਕ ਸਾਥੀ ਦੀ ਮੌਤ ਤੋਂ ਬਾਅਦ ਕਬਰਸਤਾਨ ਵਿੱਚ ਪੁਲੀਸ ਦੁਆਰਾ ਲਾਠੀਚਾਰਜ, ਗੀਬਿਨ ਦੀ ਗ੍ਰਿਫ਼ਤਾਰੀ, ਪਾਵੇਲ ਅਤੇ ਉਸਦੇ ਸਾਥੀਆਂ ਖਿਲਾਫ਼ ਮੁਕੱਦਮਾ ਅਤੇ ਜਲਾਵਤਨੀ ਦੀ ਸਜ਼ਾ, ਅਦਾਲਤ ਵਿੱਚ ਪਾਵੇਲ ਦੁਆਰਾ ਦਿੱਤੇ ਗਏ ਭਾਸ਼ਣ ਦੇ ਅਧਾਰ 'ਤੇ ਛਾਪੇ ਗਏ ਪਰਚਿਆਂ ਨੂੰ ਇੱਕ ਸਥਾਨ 'ਤੇ ਪਹੁੰਚਾਉਂਦੇ ਹੋਏ ਮਾਂ ਦੀ ਗ੍ਰਿਫ਼ਤਾਰੀ।

ਗੀਬਿਨ ਦੇ ਕੰਮ ਸਥਾਨ ਉਤੇ ਮਾਂ ਅਤੇ ਸੋਫ਼ੀਆ ਦੀ ਜਾਣ-ਪਹਿਚਾਣ ਹੋਰਨਾਂ ਮਜ਼ਦੂਰਾਂ ਤੋਂ ਇਲਾਵਾ ਇੱਕ ਅਜਿਹੇ ਮਜ਼ਦੂਰ ਨਾਲ਼ ਹੋਈ ਜੋ ਪੂੰਜੀਪਤੀਆਂ ਦੇ ਕਾਰਨਾਮਿਆਂ ਦੀ ਇੱਕ ਚਲਦੀ-ਫਿਰਦੀ ਤਸਵੀਰ ਸੀ। "ਉਹ ਕਿਉਂ ਸਾਨੂੰ ਕੰਮ ਦੇ ਬੋਝ ਨਾਲ਼ ਮਾਰਦੇ ਹਨ? ਉਹ ਕਿਉਂ ਕਿਸੇ ਇਨਸਾਨ ਦੀ ਜ਼ਿੰਦਗੀ ਨੂੰ ਲੁੱਟਦੇ ਹਨ? ਸਾਡਾ ਮਾਲਕ-ਮੈਂ ਨੇਫੂਦੇਵ ਕਾਰਖ਼ਾਨੇ ਵਿੱਚ ਕੰਮ ਕਰਦਾ ਸੀ- ਮੇਰੇ ਮਾਲਕ ਨੇ ਇੱਕ ਅਭਿਨੇਤਰੀ ਲਈ ਇੱਕ ਸੋਨੇ ਦਾ ਟਬ ਅਤੇ ਇੱਕ ਸੋਨੇ ਦੀ ਚਿਲਮਚੀ ਤੋਹਫ਼ੇ ਵਿੱਚ ਦਿੱਤੀ। ਮੇਰੀ ਪੂਰੀ ਤਾਕਤ ਅਤੇ ਸਾਰੀ ਜ਼ਿੰਦਗੀ ਉਸ ਬਰਤਨ ਨੂੰ ਬਣਾਉਣ 'ਚ ਲੰਘ ਗਈ!......ਇੱਕ ਵਿਅਕਤੀ ਨੇ ਮੈਨੂੰ ਕੰਮ ਦੇ ਬੋਝ ਨਾਲ਼ ਮਾਰ ਸੁੱਟਿਆ ਤਾਂ ਕਿ ਉਹ ਮੇਰੇ ਲਹੂ ਨਾਲ਼ ਆਪਣੀ ਪ੍ਰੇਮਕਾ ਨੂੰ ਖੁਸ਼ ਕਰ ਸਕੇ! ਉਸਨੇ ਮੇਰੀ ਜ਼ਿੰਦਗੀ ਦੇ ਲਹੂ ਨਾਲ਼ ਆਪਣੀ ਪ੍ਰੇਮਕਾ ਲਈ ਸੋਨੇ ਦੀ ਚਿਲਮਚੀ ਖਰੀਦੀ! ਮੇਰੇ ਮਾਲਕਾਂ ਨੇ ਮੈਨੂੰ ਲੁੱਟ ਲਿਆ-ਮੇਰੀ ਜ਼ਿੰਦਗੀ ਦੇ ਚਾਲ਼ੀ ਵਰ੍ਹਿਆਂ ਦੀ ਲੁੱਟ-ਚਾਲ਼ੀ ਵਰ੍ਹੇ।" ਗੀਬਿਨ ਦੇ ਸ਼ਬਦਾਂ ਵਿੱਚ, "ਜਦੋਂ ਇੱਕ ਮਸ਼ੀਨ ਕਿਸੇ ਮਜ਼ਦੂਰ ਦੀ ਬਾਂਹ ਕੱਟ ਦਿੰਦੀ ਹੈ ਜਾਂ ਉਸਦੀ ਜਾਨ ਲੈ ਲੈਂਦੀ ਹੈ ਤਾਂ ਉਹ ਕਹਿੰਦੇ ਹਨ ਕਿ ਮਜ਼ਦੂਰ ਦਾ ਕਸੂਰ ਸੀ। ਪਰ ਜਦ ਉਹ ਇੱਕ ਵਿਅਕਤੀ ਦਾ ਸਾਰਾ ਲਹੂ ਚੂਸ ਕੇ ਉਸਨੂੰ ਕੂੜੇ ਦੀ ਤਰ੍ਹਾਂ ਸੁੱਟ ਦਿੰਦੇ ਹਨ ਤਾਂ ਇਸਦਾ ਕੋਈ ਕਾਰਨ ਨਹੀਂ ਦੱਸਿਆ ਜਾਂਦਾ। ਉਹ ਕਿਉਂ ਹੁਣ ਸਾਡੇ ਉਤੇ ਅੱਤਿਆਚਾਰ ਕਰਦੇ ਹਨ? ਸਿਰਫ਼ ਮਜ਼ੇ ਲਈ, ਆਪਣੀ ਖੁਸ਼ੀ ਲਈ ਤਾਂਕਿ ਉਹ ਇਸ ਧਰਤੀ ਉਤੇ ਮੌਜ ਕਰ ਸਕਣ-ਇਨਸਾਨੀ ਲਹੂ ਦੀ ਕੀਮਤ ਉਤੇ ਉਹ ਜੋ ਚਾਹੇ ਖਰੀਦਣ-ਅਭਿਨੇਤਰੀਆਂ, ਦੌੜ ਦੇ ਘੋੜੇ, ਚਾਂਦੀ ਦੇ ਚਾਕੂ, ਸੁਨਹਿਰੀ ਤਸ਼ਤਰੀਆਂ, ਬੱਚਿਆਂ ਲਈ ਮਹਿੰਗੇ ਖਿਡੌਣੇ।"

ਮੁੱਕਦਮੇ ਦੌਰਾਨ ਪਾਵੇਲ ਦੁਆਰਾ ਦਿੱਤਾ ਗਿਆ ਬਿਆਨ ਸਾਰੇ ਸੰਘਰਸ਼ ਦੇ ਤੱਤ ਨੂੰ ਨਪੇ-ਤੁਲੇ ਸ਼ਬਦਾਂ ਵਿੱਚ ਸਾਫ਼ ਤੌਰ 'ਤੇ ਸਾਹਮਣੇ ਰੱਖ ਦਿੰਦਾ ਹੈ। ਉਹ ਕਹਿੰਦਾ ਹੈ, "ਅਸੀਂ

(ਬਾਕੀ ਸਫ਼ਾ 23 'ਤੇ)

ਸਰਗਰਮੀਆਂ

ਡੇਰਾ ਸਿਰਸਾ-ਸਿੱਖ ਵਿਵਾਦ ਦੀ ਫਿਰਕੂ ਹਨੇਰੀ ਨੂੰ ਠੱਲ੍ਹਣ ਲਈ ਲੁਧਿਆਣਾ 'ਚ ਸਦਭਾਵਨਾ ਮਾਰਚ

ਡੇਰਾ ਸਿਰਸਾ ਦੇ ਮਹੰਤ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਸੁਆਂਗ ਰਚਣ ਤੋਂ ਬਾਅਦ ਬਣੇ ਨਾਜ਼ੁਕ ਹਲਾਤਾਂ ਨੂੰ, ਪੰਜਾਬ ਦੀ ਅਕਾਲੀ ਸਰਕਾਰ ਨੇ ਸਿੱਖ ਮੂਲਵਾਦੀਆਂ ਨੂੰ ਹਵਾ ਦੇ ਕੇ ਕਿਵੇਂ ਅਪਣੀ ਸਿਆਸੀ ਕਿੜ ਕੱਢਣ ਲਈ ਵਰਤਿਆ, ਕਿਸੇ ਦੇ ਸਮਝੋਂ ਬਾਹਰੀ ਗੱਲ ਨਹੀਂ।

ਦੁਨੀਆਂ ਦੇ ਇਤਿਹਾਸ 'ਚ ਸ਼ਾਇਦ ਇਹ ਪਹਿਲੀ ਵਾਰ ਵਾਪਰਿਆ ਹੋਵੇ ਕਿ ਰਾਜ ਕਰੇਂਦੀ ਪਾਰਟੀ ਹੀ ਬੰਦ 'ਚ ਖੁਦ ਆਪ ਸਿੱਧਮ-ਸਿੱਧੀ ਸ਼ਾਮਿਲ ਹੋ ਜਾਵੇ, ਛੁੱਟੀ ਦਾ ਐਲਾਨ ਕਰ ਦੇਵੇ ਤੇ ਅਪਣੀ ਪੁਲਿਸ ਫੋਰਸ ਰਾਹੀਂ ਬੰਦ ਦੇ ਮੁਕੰਮਲ ਹੋਣ ਨੂੰ ਯਕੀਨੀ ਬਣਾਕੇ।

ਸਰਕਾਰ ਅਜਿਹਾ ਕਰਦੀ ਵੀ ਕਿਉਂ ਨਾਂ, 'ਬਿੱਲੀ ਦੇ ਭਾਗੀਂ ਤਾਂ ਮਸਾਂ ਛਿੱਕਾ ਟੁੱਟਾ' ਸੀ। ਇੱਕ ਤਾਂ ਸਿਆਸੀ ਕਿੜ ਕੱਢਣ ਦਾ ਇੰਨਾ ਹੁਸੀਨ ਮੌਕਾ ਤੇ ਉਹ ਵੀ ਗੱਦੀ ਸੰਭਾਲਦੇ ਹੀ। ਦੂਜਾ, ਬੇਰੁਜ਼ਗਾਰਾਂ ਨੂੰ ਜਲਦੀ ਹੀ ਰੁਜ਼ਗਾਰ ਦੇਣ ਅਤ ਗਰੀਬਾਂ ਨੂੰ ਸਸਤਾ ਆਟਾ ਦਾਲ ਮੁਹੱਈਆ ਕਰਾਉਣ ਦੇ ਕੀਤੇ ਗਏ ਝੂਠੇ ਵਾਅਦਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਹਟਾਉਣ ਲਈ ਬਣੇ ਸਾਜ਼ਗਰ ਹਾਲਾਤ।

ਇਨ੍ਹਾ ਹੀ ਸੰਵੇਦਨਸ਼ੀਲ ਹਾਲਾਤਾਂ ਦੇ ਮੱਦੇ ਨਜ਼ਰ ਨੌਜਵਾਨ ਭਾਰਤ ਸਭਾ ਨੇ ਤੁਰੰਤ ਪਹਿਲ ਕਦਮੀ ਲੈਂਦਿਆਂ ਪੰਜਾਬ ਦੇ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਦਾ ਹੋਕਾ ਦਿੰਦਾ ਇੱਕ ਲੀਫਲੈਟ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਵੱਡੀ ਪੱਧਰ 'ਤੇ ਵੰਡਿਆ ਗਿਆ। 22 ਮਈ ਦਿਨ ਐਤਵਾਰ ਨੂੰ ਜਮਹੂਰੀ ਅਧਿਕਾਰ ਸਭਾ, ਇਕਾਈ ਲੁਧਿਆਣਾ ਦੀ ਪਹਿਲ ਕਦਮੀ 'ਤੇ ਦਰਜਨਾਂ ਹੀ ਹੋਰ ਲੋਕ ਪੱਖੀ ਤੇ ਜਮਹੂਰੀ ਜਥੇਬੰਦੀਆਂ ਅਤੇ ਚੇਤਨ ਵਿਅਕਤੀਆਂ ਨੇ ਸਦਭਾਵਨਾ ਮਾਰਚ ਕੱਢਿਆ। ਜੋ ਪੰਜਾਬੀ ਭਵਨ ਲੁਧਿਆਣਾ ਤੋਂ ਸ਼ੁਰੂ ਹੋਕੇ ਉਚਾ ਪੁਲ ਜਗਰਾਓਂ ਵਿੱਖੇ ਸ਼ਹੀਦਾਂ ਦੇ ਬੁੱਤਾਂ ਤੱਕ ਤੇ ਫਿਰ ਵਾਪਸ ਪੰਜਾਬੀ ਭਵਨ ਆਕੇ ਹੀ ਸਮਾਪਤ ਹੋਇਆ। ਪੰਜਾਬ ਦੇ ਅਜੋਕੇ ਹਾਲਾਤਾਂ ਤੋਂ ਫਿਕਰਮੰਦ ਲੋਕ ਨਾਹਰੇ ਮਾਰ ਰਹੇ ਸਨ, "ਜਿੰਨਾ ਨੂੰ ਹੈ ਪੰਜਾਬ ਪਿਆਰਾ, ਰਲ ਕੇ ਸਿਰਜੋ ਭਾਈਚਾਰਾ", "ਭਾਈ-ਭਾਈ ਨੂੰ ਲੜਨ ਨਹੀਂ ਦੇਣ, ਹੁਣ ਪੰਜਾਬ ਨੂੰ ਸੜਨ ਨਹੀਂ ਦੇਣਾ", "ਧਾਰਮਿਕ ਮੂਲਵਾਦ-ਮੁਰਦਾਬਾਦ" ਅਤੇ "ਲੋਕ ਏਕਤਾ-ਜ਼ਿੰਦਾਬਾਦ-ਜ਼ਿੰਦਾਬਾਦ"। ਇਸ ਸਦਭਾਵਨਾ ਮਾਰਚ ਨੂੰ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਜਨਰਲ ਸੱਕਤਰ ਪ੍ਰੋ. ਜਗਮੋਹਨ ਸਿੰਘ ਨੇ ਸੰਬੋਧਨ ਕੀਤਾ। ਜਿਨ੍ਹਾ ਨੇ ਅਪਣੇ ਭਾਸ਼ਣ ਵਿੱਚ ਅਕਾਲੀ ਸਰਕਾਰ 'ਤੇ ਲੋਕਾਂ ਨਾਲ਼ ਵਾਅਦਾ ਖਿਲਾਫੀ ਕਰਨ ਦਾ ਦੋਸ਼ ਲਾਇਆ, ਕਿਉਂਕਿ ਸਰਕਾਰ ਸੂਬੇ ਦੇ ਵਿਕਾਸ ਦੇ ਏਜੰਡੇ 'ਤੇ ਹੀ ਚੋਣ ਜਿੱਤ ਆਈ ਹੈ, ਪਰ ਗੱਦੀ 'ਤੇ ਬਹਿੰਦਿਆਂ ਸਾਰ ਹੀ ਇਸਨੇ ਸੱਗੋਂ ਉਲਟਾ ਪੰਜਾਬ ਨੂੰ ਵਿਨਾਸ਼ ਦੇ ਰਾਹ 'ਤੇ ਧਕੇਲ ਦਿੱਤਾ ਹੈ ਤੇ ਇਸ ਲਈ ਸਰਕਾਰ ਨੂੰ ਲੋਕਾਂ ਦੀ ਸਰਕਾਰ ਅਖਵਾਉਣ ਦਾ ਕੋਈ ਨੈਤਿਕ ਹੱਕ ਨਹੀਂ ਰਹਿ ਗਿਆ ਹੈ। ਪ੍ਰੋ. ਜਗਮੋਹਨ ਸਿੰਘ ਤੋਂ ਇਲਾਵਾ ਇਕੱਠ ਨੂੰ ਉਘੇ ਲੋਕ ਪੱਖੀ ਚਿੰਤਕ ਤੇ ਇਤਿਹਾਸਕਾਰ ਡਾ. ਹਰੀਸ਼ ਪੁਰੀ ਨੇ ਵੀ ਸੰਬੋਧਨ ਕੀਤਾ ਜਿਨ੍ਹਾ ਨੇ ਸਰਕਾਰ ਉਪਰ ਧਾਰਮਿਕ ਮੂਲਵਾਦੀਆਂ ਨੂੰ ਸਿੱਧੀ ਹੱਲਾਸ਼ੇਰੀ ਦੇਣ ਦਾ ਸੰਗੀਨ ਦੋਸ਼ ਲਾਇਆ ਅਤੇ 1978 ਵਰਗੇ ਹਾਲਾਤ ਬਨਣ ਦੀ ਅਗਾਊਂ ਚੇਤਾਵਨੀ ਦਿੰਦਿਆਂ ਉਨ੍ਹਾ ਕਿਰਤੀ ਲੋਕਾਂ ਨੂੰ ਆਪਸੀ ਸਦਭਾਵਨਾ ਤੇ ਧਾਰਮਿਕ ਸ਼ਹਿਨਸ਼ੀਲਤਾ ਬਣਾਈ ਰੱਖਣ ਦੀ ਪੁਰਜੋਰ ਅਪੀਲ ਕੀਤੀ। ਇਸ ਸ਼ਾਂਤੀ ਮਾਰਚ ਵਿੱਚ ਹੋਰਨਾਂ ਲੋਕ ਪੱਖੀ ਬੁੱਧੀਜੀਵੀਆਂ ਤੋਂ ਇਲਾਵਾ ਨੌਜਵਾਨ ਭਾਰਤ ਸਭਾ, ਲੋਕ ਮੋਰਚਾ ਪੰਜਾਬ, ਮੌਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਰੋਡਵੇਜ਼ ਇੰਪਲਾਈਜ਼ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਇਨਕਲਾਬੀ ਕੇਂਦਰ, ਪ.ਲ਼.ਸ. ਮੰਚ ਆਦਿ ਦੇ ਸੈਂਕੜੇ ਕਾਰਕੁਨਾਂ ਨੇ ਪੂਰੀ ਸਰਗਰਮੀ ਨਾਲ਼ ਹਿੱਸਾ ਲਿਆ। ਔਰਤ ਕਾਰਕੁਨਾਂ ਦੀ ਭਰਵੀਂ ਹਾਜ਼ਰੀ ਅਤੇ ਇਨਕਲਾਬੀ ਸਪਿਰਟ ਹਰ ਆਉਂਦੇ ਜਾਂਦੇ ਦਾ ਧਿਆਨ ਖਿੱਚ ਰਹੀ ਸੀ।

ਅੰਤ ਵਿੱਚ ਸਭਾ ਦੀ ਲੁਧਿਆਣਾ ਇਕਾਈ ਦੇ ਪ੍ਰਧਾਨ ਪ੍ਰੋ. ਏ. ਕੇ. ਮਲੇਰੀ ਨੇ ਮਾਰਚ ਵਿੱਚ ਸ਼ਾਮਿਲ ਹੋਏ ਲੋਕਾਂ ਦਾ ਧੰਨਵਾਦ ਕੀਤਾ। ਸਟੇਜ ਅਤੇ ਮਾਰਚ ਨੂੰ ਸੰਚਾਲਿਤ ਕਰਨ ਦੀ ਅਗਵਾਈ ਸਭਾ ਦੇ ਇਕਾਈ ਸਕੱਤਰ ਡਾ. ਦਰਸ਼ਨ ਖੇੜੀ ਨੇ ਨਿਭਾਈ।

ਸ਼ਹੀਦ ਸੁਖਦੇਵ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਵਿਚਾਰ ਗੋਸ਼ਟੀ ਹੋਈ

ਸਾਲ 2007 ਦਾ ਵਰ੍ਹਾ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਹੈ। ਇਸ ਇਤਿਹਾਸਿਕ ਮੌਕੇ 'ਤੇ ਪਿਛਲੇ ਦਿਨ੍ਹੀ 13 ਮਈ ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਨੌਜਵਾਨ ਭਾਰਤ ਸਭਾ ਵੱਲੋਂ **'ਸ਼ਹੀਦ ਸੁਖਦੇਵ ਯਾਦਗਾਰੀ ਲੈਕਚਰ'** ਕਰਵਾਇਆ ਗਿਆ। ਜਿਸ ਦਾ ਵਿਸ਼ਾ ਸੀ **'ਭਾਰਤੀ ਲੋਕਾਂ ਦੀ ਮਨੋਚੇਤਨਾ'**। ਇਸ ਲੈਕਚਰ ਵਿੱਚ ਕੁੰਜੀਵਤ ਭਾਸ਼ਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਬੀਰ ਚੇਅਰ ਦੇ ਸਾਬਕਾ ਚੇਅਰਪਰਸਨ ਡਾ. ਸੇਵਾ ਸਿੰਘ ਵੱਲੋਂ ਦਿੱਤਾ ਗਿਆ। ਉਨ੍ਹਾਂ ਨੇ ਇਹ ਗੱਲ ਵਿਸ਼ੇਸ਼ ਤੋਰ 'ਤੇ ਜ਼ੋਰ ਦੇਕੇ ਕਹੀ ਕਿ ਭਾਰਤ ਅੰਦਰ ਬ੍ਰਾਹਮਣਵਾਦੀ ਵਿਚਾਰਧਾਰਾ ਵੱਲੋਂ ਵਰਣ-ਵਿਵਸਥਾ ਕਾਇਮ ਕਰਨ ਰਾਹੀਂ ਫੈਲਾਇਆ ਅਤੇ ਸੰਸਥਾਗਤ ਕੀਤਾ ਜਾਤ-ਪਾਤੀ ਪ੍ਰਬੰਧ ਹੀ ਕਿਰਤੀ ਲੋਕਾਂ ਦੀ ਵਿਸ਼ਾਲ ਏਕਤਾ ਦੇ ਰਾਹ ਵਿੱਚ ਅਹਿਮ ਰੁਕਾਵਟ ਹੈ। ਜਿਸਨੂੰ ਇੱਕ ਵਿਆਪਕ ਪੱਧਰ ਦੀ ਲੋਕ ਪੱਖੀ ਤੇ ਮਨੁੱਖ ਮੁਖੀ ਸਮਾਜਿਕ-ਸਭਿਆਚਾਰਕ ਲਹਿਰ ਖੜੀ ਕਰਨ ਤੋਂ ਬਿਨਾਂ ਪਾਸੇ ਨਹੀਂ ਕੀਤਾ ਜਾ ਸਕਦਾ। ਅੱਜ ਦੇ ਸਮੇਂ ਅੰਦਰ ਅਜਿਹੀ ਅਗਾਂਹਵਧੂ ਲਹਿਰ ਖੜੀ ਕਰਨ ਦੀ ਇਤਿਹਾਸਿਕ ਜ਼ਿੰਮੇਵਾਰੀ ਸ਼ਹੀਦ ਸੁਖਦੇਵ ਦੇ ਵਿਚਾਰਧਾਰਕ ਹਮਸਫਰਾਂ ਦੇ ਮੋਢਿਆਂ ਉਪਰ ਹੀ ਆਣ ਪੈਂਦੀ ਹੈ ਕਿਉਂਕਿ ਧਾਰਮਿਕ ਮੂਲਵਾਦ ਵੱਲੋਂ ਇਨ੍ਹਾਂ ਸ਼ਹੀਦਾਂ ਦੇ ਸਮਾਜਵਾਦੀ ਅਕੀਦਿਆਂ ਨੂੰ ਬਹੁਤ ਹੀ ਸੰਕੀਰਨ ਰੂਪ ਦਿੱਤਾ ਜਾ ਰਿਹਾ ਹੈ। ਆਪਣੇ ਥੀਸਸ ਦੀ ਵਿਆਖਿਆ

(ਬਾਕੀ ਸਫ਼ਾ 25 'ਤੇ)

ਸਮਾਜਿਕ ਸਰੋਕਾਰ ਰੱਖਣ ਵਾਲੇ ਸਾਰੇ ਸੰਵੇਦਨਸ਼ੀਲ ਨਾਗਰਿਕਾਂ, ਵਿਦਿਆਰਥੀਆਂ-ਨੌਜਵਾਨਾਂ, ਬੁੱਧੀਜੀਵੀਆਂ ਨੂੰ ਇੱਕ ਅਪੀਲ

ਦੋਸਤੋ,

ਇਕ ਵਿਦਿਆਰਥੀ-ਨੌਜਵਾਨ ਕੁਲਵਕਤੀ ਸਮਾਜਿਕ ਕਾਰਕੁਨ ਇੱਕ ਸੜਕ ਦੁਰਘਟਨਾ ਤੋਂ ਬਾਅਦ ਮੌਤ ਨਾਲ ਜੂਝ ਰਿਹਾ ਹੈ।

ਯੋਗੇਸ਼ ਸਵਾਮੀ (24 ਸਾਲ) ਨੌਜਵਾਨ ਭਾਰਤ ਸਭਾ, ਦਿੱਲੀ ਦੇ ਕਾਰਕੁਨ ਹਨ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ 75ਵੇਂ ਸ਼ਹੀਦੀ ਦਿਹਾੜੇ (23 ਮਾਰਚ, 2005) ਤੋਂ ਭਗਤ ਸਿੰਘ ਜਨਮ ਸ਼ਤਾਬਦੀ ਵਰ੍ਹੇ ਦੇ ਅੰਤ (28 ਸਤੰਬਰ, 2008) ਦੇ ਵਿਚਲੇ ਤਿੰਨ ਸਾਲਾਂ ਦੌਰਾਨ ਇਨਕਲਾਬੀਆਂ ਦੇ ਵਿਚਾਰਾਂ ਦੇ ਵਿਆਪਕ ਪ੍ਰਚਾਰ-ਪ੍ਰਸਾਰ ਅਤੇ ਨਵੇਂ ਸਮਾਜਿਕ ਇਨਕਲਾਬ ਦੇ ਸੱਦੇ ਲਈ ਚਲਾਈ ਜਾ ਰਹੀ 'ਇਨਕਲਾਬੀ ਸਕੰਲਪ ਯਾਤਰਾ' ਵਿੱਚ ਉਹ ਕੁੱਲਵਕਤੀ ਤੌਰ 'ਤੇ ਸਰਗਰਮ ਸਨ। ਇਸੇ ਯਾਤਰਾ ਦੌਰਾਨ ਉਹ ਆਪਣੀ ਪ੍ਰਚਾਰ ਟੀਮ ਨਾਲ਼ ਇੱਕ ਮੁਹਿੰਮ 'ਤੇ ਨਿੱਕਲੇ ਹੋਏ ਸਨ ਜਦੋਂ ਇਸੇ 19 ਜੂਨ ਦੀ ਸਵੇਰ ਦਿੱਲੀ ਦੇ ਵਜ਼ੀਰਾਬਾਦ ਪੁਲ਼ ਦੇ ਨੇੜੇ ਅੰਨ੍ਹੇਵਾਹ ਰਫ਼ਤਾਰ ਨਾਲ਼ ਆਉਂਦੀ ਇੱਕ ਜੀਪ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਪ੍ਰਚਾਰ ਟੀਮ ਦੇ ਦੋ ਹੋਰ ਸਾਥੀ ਅਸ਼ੀਸ਼ ਅਤੇ ਯੋਗੇਸ਼ ਕੁਮਾਰ ਵੀ ਗੰਭੀਰ ਰੂਪ ਨਾਲ ਜ਼ਖਮੀ ਹੋਏ ਹਨ ਪਰ ਉਹ ਖਤਰੇ ਤੋਂ ਬਾਹਰ ਹਨ।

ਯੋਗੇਸ਼ ਸਵਾਮੀ ਨੂੰ ਗੰਭੀਰ ਹਾਲਤ ਵਿੱਚ ਸੁਸ਼ਰੁਤ ਟਰਾਮਾ ਸੈਂਟਰ ਲਿਜਾਇਆ ਗਿਆ ਜਿੱਥੇ ਬਦ-ਇੰਤਜ਼ਾਮੀ ਅਤੇ ਲਾਪਰਵਾਹੀ ਕਾਰਨ ਕਈ ਘੰਟਿਆਂ ਬਾਅਦ ਪਤਾ ਲੱਗਾ ਕਿ ਉਨ੍ਹਾਂ ਦੇ ਦਿਮਾਗ ਵਿੱਚ ਡੂੰਘੀ ਸੱਟ ਹੈ ਅਤੇ ਤੁਰੰਤ ਉਨ੍ਹਾਂ ਦੇ ਦਿਮਾਗ਼ ਦਾ ਬਹੁਤ ਗੁੰਝਲਦਾਰ ਅਪਰੇਸ਼ਨ ਕਰਨਾ ਪਵੇਗਾ। ਉਸਦੇ ਬਾਅਦ ਉਨ੍ਹਾਂ ਨੂੰ ਤੁਰੰਤ ਸਰ ਗੰਗਾ ਰਾਮ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਦੇ ਦਿਮਾਗ਼ ਦੇ ਦੋ ਆਪਰੇਸ਼ਨ ਹੋ ਚੁੱਕੇ ਹਨ। ਉਨ੍ਹਾਂ ਦੇ ਸਿਰ ਦੀ ਹੱਡੀ ਬੁਰੀ ਤਰ੍ਹਾਂ ਟੁੱਟ ਗਈ ਹੈ ਅਤੇ ਦਿਮਾਗ਼ ਵਿੱਚ ਡੂੰਘੀ ਸੱਟ ਲੱਗੀ ਹੈ। ਦਿਮਾਗ਼ ਤੋਂ ਖ਼ੂਨ ਦੇ ਧੱਬੇ ਦੋ ਵਾਰ ਹਟਾਏ ਜਾ ਚੁੱਕੇ ਹਨ ਪਰ ਖ਼ੂਨ ਵਗਣਾ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ। ਹੁਣ ਤੱਕ ਉਹ ਬੇਹੋਸ਼ ਹਨ ਅਤੇ ਡਾਕਟਰਾਂ ਦਾ ਕਹਿਣਾ ਹੈ ਕਿ ਹੁਣੇ ਹੀ ਉਨ੍ਹਾਂ ਦੇ ਕੁਝ ਹੋਰ ਅਪਰੇਸ਼ਨ ਕਰਨੇ ਪੈਣਗੇ। ਸਰਜਰੀ ਦੇ ਬਾਅਦ ਵੀ ਉਨ੍ਹਾਂ ਨੂੰ ਕੁੱਝ ਮਹੀਨੇ ਹਸਪਤਾਲ ਵਿੱਚ ਰਹਿਣਾ ਪਵੇਗਾ ਅਤੇ ਉਸਦੇ ਬਾਅਦ ਦਿਮਾਗ ਅਤੇ ਸਰੀਰ ਦੇ ਠੀਕ ਸਥਿਤੀ ਵਿੱਚ ਆਉਣ ਤੱਕ ਉਨ੍ਹਾਂ ਦਾ ਮਹੀਨਿਆਂ ਤੱਕ ਲੰਮਾ ਅਤੇ ਬੇਹੱਦ ਖਰਚੀਲਾ ਇਲਾਜ ਚੱਲੇਗਾ।

ਯੋਗੇਸ਼ ਸਵਾਮੀ ਦੇ ਪਰਿਵਾਰ ਵਿੱਚ ਸਿਰਫ ਉਨ੍ਹਾਂ ਦੇ ਤਿੰਨ ਭਰਾ ਹਨ ਅਤੇ ਉਹ ਸਾਰੇ ਨੌਜਵਾਨ ਭਾਰਤ ਸਭਾ ਦੇ ਸਮਰਪਿਤ ਕਾਰਕੁਨ ਹਨ। ਪਿਛਲੇ 6-7 ਸਾਲਾਂ ਤੋਂ ਯੋਗੇਸ਼ ਸਮਾਜਿਕ-ਸਭਿਆਚਾਰਕ ਕਾਰਵਾਈਆਂ ਵਿੱਚ ਸਰਗਰਮ ਰਹੇ ਹਨ। ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੇ ਵਿਰੁੱਧ ਚੱਲਣ ਵਾਲੀਆਂ ਮੁਹਿੰਮਾਂ-ਅੰਦੋਲਨਾਂ ਵਿੱਚ ਉਹ ਵੱਧ ਚੜ ਕੇ ਹਿੱਸਾ ਲੈਂਦੇ ਰਹੇ ਹਨ। ਦਿੱਲੀ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਚੱਲਣ ਵਾਲੇ ਸੰਘਰਸ਼ਾਂ ਤੋਂ ਲੈ ਕੇ ਨਾਗਰਿਕ ਸਮੱਸਿਆਵਾਂ ਦੇ ਹੱਲ ਲਈ ਜਾਂ ਪੁਲਿਸ ਜਬਰ-ਜਨਾਹ ਦੇ ਖਿਲਾਫ ਚੱਲਣ ਵਾਲ਼ੇ ਸੰਘਰਸ਼ਾਂ ਵਿੱਚ ਵੀ ਉਹ ਹਮੇਸ਼ਾਂ ਮੂਹਰਲੀਆਂ ਸਫਾਂ ਵਿੱਚ ਰਹੇ ਹਨ। ਮਜ਼ਦੂਰ ਇਲਾਕਿਆਂ ਵਿੱਚ ਰਾਜਨੀਤਿਕ ਸਿੱਖਿਆ ਅਤੇ ਸਮਾਜ ਸੁਧਾਰ ਦੇ ਕੰਮਾਂ ਨਾਲ਼ ਵੀ ਉਹ ਜੁੜੇ ਹੋਏ ਹਨ। ਉਹ ਨੌਜਵਾਨ ਸੱਭਿਆਚਾਰਕ ਟੀਮ 'ਵਿਹਾਨ' ਦੇ ਵੀ ਸਰਗਰਮ ਮੈਂਬਰ ਹਨ ਅਤੇ ਵਿਦਿਆਰਥੀਆਂ-ਨੌਜਵਾਨਾਂ ਨਾਲ਼ ਜੁੜੇ ਮਸਲਿਆਂ 'ਤੇ ਅਖ਼ਬਾਰਾਂ-ਮੈਗਜ਼ੀਨਾਂ ਵਿੱਚ ਲਿਖਦੇ ਰਹੇ ਹਨ।

ਜਵਾਨੀ ਦੇ ਦਿਨਾਂ ਤੋਂ ਹੀ ਸਮਾਜਿਕ ਤਬਦੀਲੀ ਦੇ ਉਦੇਸ਼ ਲਈ ਆਪਣਾ ਜੀਵਨ ਸਮਰਪਿਤ ਕਰਨ ਵਾਲੇ ਇਸ ਨੌਜਵਾਨ ਦੇ ਵਡਮੁੱਲੇ ਜੀਵਨ ਦੀ ਹਰ ਕੀਮਤ 'ਤੇ ਰੱਖਿਆ ਕਰਨ ਦੇ ਲਈ ਅਸੀਂ ਦ੍ਰਿੜ-ਸੰਕਲਪ ਹਾਂ। ਪਰ ਸਾਨੂੰ ਇਸ ਲਈ ਤੁਹਾਡਾ ਸਹਿਯੋਗ ਚਾਹੀਦਾ ਹੈ। ਅਸੀਂ ਸਮਾਜਿਕ ਸਰੋਕਾਰ ਰੱਖਣ ਵਾਲੇ ਸਾਰੇ ਸੰਵੇਦਨਸ਼ੀਲ, ਪੜ੍ਹੇ-ਲਿਖੇ ਨਾਗਰਿਕਾਂ, ਵਿਦਿਆਰਥੀਆਂ, ਨੌਜਵਾਨਾਂ, ਬੁੱਧੀਜੀਵੀਆਂ ਤੋਂ ਵੱਧ ਤੋਂ ਵੱਧ ਸੰਭਵ ਆਰਥਿਕ ਮੱਦਦ ਲਈ ਪੁਰਜ਼ੋਰ ਅਪੀਲ ਕਰ ਰਹੇ ਹਾਂ। ਤੁਸੀਂ ਆਪਣਾ ਸਹਿਯੋਗ ਮਨੀ-ਆਰਡਰ ਰਾਹੀਂ ਜਾਂ ਦਿੱਲੀ ਵਿੱਚ ਦੇਣਯੋਗ ਚੈਕ ਜਾਂ ਡਰਾਫ਼ਟ ਰਾਹੀਂ **'ਜੈ ਪੁਸ਼ਪ'** ਦੇ ਨਾਂ 'ਤੇ ਭੇਜ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਤੁਸੀਂ ਇਨ੍ਹਾਂ ਨੰਬਰਾਂ, ਈ ਮੇਲ ਅਤੇ ਪਤਿਆਂ 'ਤੇ ਸੰਪਰਕ ਕਰ ਸਕਦੇ ਹੋ :

ਅਭਿਨਵ : 09213243755, ਸ਼ਿਵਾਨੀ : 09911055517, ਸੱਤਿਅਮ : 09312967616


ਈਮੇਲ : smriti.sankalp@gmail.com, abhinav_disha@rediffmail.com, satyamvarma@gmail.com

ਸੰਪਰਕ (ਪੰਜਾਬ)
ਰਾਜਵਿੰਦਰ – 98886-55663
ਅਜੈ ਪਾਲ – 94634-51849

ਤਾਲਮੇਲ ਡੈਸਕ, **ਇਨਕਲਾਬੀ ਸੰਕਲਪ ਯਾਤਰਾ**,
ਸੱਤਿਅਮ, ਸੀ-74, ਐਸ. ਐਫ. ਐਸ. ਫਲੈਟਸ,
ਸੈਕਟਰ-19, ਰੋਹਿਣੀ, ਦਿੱਲੀ-110089

ਇਨਕਲਾਬੀ ਨਵਜਾਗਰਣ ਦੇ ਤਿੰਨ ਸਾਲ

(23 ਮਾਰਚ 2005 — 28 ਸਤੰਬਰ 2008)



ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ
ਦੀ ਸ਼ਹਾਦਤ ਦੀ 75ਵੀਂ ਵਰ੍ਹੇ ਗੰਢ
ਅਤੇ ਜਨਮ ਸ਼ਤਾਬਦੀ ਦੇ ਤਿੰਨ ਇਤਿਹਾਸਕ
ਸਾਲਾਂ ਦੇ ਦੌਰਾਨ
ਨਵੇਂ ਲੋਕ-ਮੁਕਤੀ ਸੰਘਰਸ਼ ਦੀ
ਤਿਆਰੀ ਦੇ ਸੰਕਲਪ ਅਤੇ ਸੰਦੇਸ਼ ਦੇ ਨਾਲ
ਇਨਕਲਾਬੀ ਵਿਦਿਆਰਥੀਆਂ-ਨੌਜਵਾਨਾਂ ਦੀ ਦੇਸ਼-ਵਿਆਪੀ

ਇਨਕਲਾਬੀ ਸੰਕਲਪ ਯਾਤਰਾ

ਅਸੀਂ ਸਾਰੇ ਸੱਚੇ ਨੌਜਵਾਨਾਂ ਨੂੰ ਸੱਦਾ ਦਿੰਦੇ ਹਾਂ!
ਅਸੀਂ ਸਾਰੇ ਜ਼ਿੰਦਾ ਲੋਕਾਂ ਨੂੰ ਸੱਦਾ ਦਿੰਦੇ ਹਾਂ!!
ਅਸੀਂ ਤੂਫ਼ਾਨ ਦੇ ਹਿਰਾਵਲਾਂ ਨੂੰ ਸੱਦਾ ਦਿੰਦੇ ਹਾਂ!!!

ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਤੋਂ ਸਾਰਾ ਦੇਸ਼ ਜਾਣੂ ਹੈ ਪਰ ਇਸ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨ ਵੀ ਇਹ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂਬਾਜ਼ ਨੌਜਵਾਨ ਕਿੰਨਾ ਪ੍ਰਤਿਭਾਸ਼ਾਲੀ ਅਤੇ ਦੂਰਦਰਸ਼ੀ ਵਿਚਾਰਕ ਸੀ। ਇਹ ਸਾਡੀ ਜਨਤਾ ਦੀ ਬਦਕਿਸਮਤੀ ਹੈ ਅਤੇ ਹਾਕਮਾਂ ਦੀ ਸਾਜਿਸ਼ ਦਾ ਨਤੀਜਾ ਹੈ। ਹੁਣ ਇਹ ਸਾਡਾ ਕੰਮ ਹੈ ਕਿ ਅਸੀਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਜਨਤਾ ਤੱਕ ਲੈ ਜਾਈਏ, ਉਨ੍ਹਾਂ ਦੀ ਯਾਦ ਤੋਂ ਪ੍ਰੇਰਣਾ ਲਈਏ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਵਿੱਚ ਆਪਣੇ ਮੁਲਕ ਦੇ ਮੌਜੂਦਾ ਹਾਲਾਤਾਂ ਨੂੰ ਸਮਝ ਕੇ ਨਵੇਂ ਇਨਕਲਾਬ ਦੀ ਦਿਸ਼ਾ ਤੈਅ ਕਰੀਏ ਅਤੇ ਫਿਰ ਉਸ ਰਾਹ 'ਤੇ ਦ੍ਰਿੜ ਇਰਾਦੇ ਨਾਲ਼ ਅੱਗੇ ਵਧੀਏ।

ਭਗਤ ਸਿੰਘ ਦੇ ਵਿਚਾਰ ਸੂਰਜ ਦੇ ਡੁੱਬਣ ਸਮੇਂ ਜਲਦੀ ਹੋਈ ਮਸ਼ਾਲ ਦੇ ਵਾਂਗ ਸਾਨੂੰ ਦਿਸ਼ਾ ਵਿਖਾ ਰਹੇ ਹਨ। ਹੁਣ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਅਤੇ ਸਾਰੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਸਿਰੇ ਤੋਂ ਆਪਣੀਆਂ ਇਨਕਲਾਬੀ ਜੱਥੇਬੰਦੀਆਂ ਬਣਾਉਣੀਆਂ ਪੈਣਗੀਆਂ। ਉਨ੍ਹਾਂ ਨੂੰ ਵੋਟ-ਬਟੋਰੂ ਮਦਾਰੀਆਂ ਦਾ ਪਿਛਲੱਗੂ ਬਨਣ ਤੋਂ ਬਚਣਾ ਪਵੇਗਾ। ਇਸਤੋਂ ਬਾਅਦ, ਜਿਵੇਂ ਕਿ ਜੇਲ੍ਹ ਦੀ ਕਾਲ-ਕੋਠਰੀ ਤੋਂ ਨੌਜਵਾਨਾਂ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਕਿਹਾ ਸੀ ਕਿ ਵਿਦਿਆਰਥੀਆਂ-ਨੌਜਵਾਨਾਂ ਨੂੰ ਕਾਰਖਾਨਿਆਂ ਦੇ ਮਜ਼ਦੂਰਾਂ ਅਤੇ ਪਿੰਡਾਂ ਦੀਆਂ ਝੁੱਗੀਆਂ ਤੱਕ ਜਾਣਾ ਹੋਵੇਗਾ ਅਤੇ ਸਾਰੇ ਕਿਰਤੀਆਂ ਨੂੰ ਜੱਥੇਬੰਦ ਕਰਨਾ ਹੋਵੇਗਾ।

ਸਾਥੀਓ! ਬੈਠੇ-ਬੈਠੇ ਸੋਚਦੇ ਰਹਿਣ ਨਾਲ਼ ਤਾਂ ਹਰ ਰਸਤਾ ਮੁਸ਼ਕਲ ਲਗਦਾ ਹੈ। ਰਾਹ ਦੀਆਂ ਮੁਸ਼ਕਲਾਂ ਨੂੰ ਯਾਤਰਾ ਸ਼ੁਰੂ ਕਰਨ ਦੇ ਬਾਅਦ ਹੀ ਦੂਰ ਕੀਤਾ ਜਾ ਸਕਦਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੁਪਨਾ ਇੱਕ ਜਲਦਾ ਹੋਇਆ ਸਵਾਲ ਬਣਕੇ ਸਾਡੀਆਂ ਅੱਖਾਂ ਵਿੱਚ ਝਾਕ ਰਿਹਾ ਹੈ। ਉਨ੍ਹਾਂ ਦਾ ਵਿਰਸਾ ਸਾਨੂੰ ਲਲਕਾਰ ਰਿਹਾ ਹੈ ਅਤੇ ਭਵਿੱਖ ਸਾਨੂੰ ਆਵਾਜ਼ ਦੇ ਰਿਹਾ ਹੈ। ਇੱਕ ਜਿਉਂਦੀ ਕੌਮ ਦੇ ਨੌਜਵਾਨ ਇਸਨੂੰ ਅਣਸੁਣਿਆ ਨਹੀਂ ਕਰ ਸਕਦੇ। ਅਸੀਂ ਇੱਕ ਨਵੇਂ ਇਨਕਲਾਬ ਦੀ ਤਿਆਰੀ ਲਈ, ਇੱਕ ਨਵੇਂ ਇਨਕਲਾਬੀ ਨਵਜਾਗਰਣ ਦਾ ਸੁਨੇਹਾ ਪੂਰੇ ਦੇਸ਼ ਵਿੱਚ ਫੈਲਾਉਣ ਲਈ ਤੁਹਾਨੂੰ ਸੱਦਾ ਦਿੰਦੇ ਹਾਂ।

ਨੌਜਵਾਨ ਭਾਰਤ ਸਭਾ
98886-55663